ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 83 | 9 to 15 August, 2023 | Ph.: (510) 240-5949 | Email: asrtimes@gmail.com




## ਸੱਚ ਨੂੰ ਫਾਂਸੀ ਤੇ ਝੂਠ ਨੂੰ ਤ.ਗਮੇ ਦੇਣ ਵਾਲਾ ਮਾਹੌਲ ਬਣਿਆ ਭਾਰਤ 'ਚ

ਪਟਿਆਲਾ/ਏ.ਟੀ.ਨਿਊਜ਼ : ਇਤਿਹਾਸ ਗਵਾਹ ਹੈ ਕਿ ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਸਿੱਖਾਂ ਨੇ ਵੱਡਾ ਯੋਗਦਾਨ ਪਾਇਆ ਹੈ। ਅਸਲ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਯਾਦ ਕੀਤੇ ਬਿਨਾਂ ਭਾਰਤ ਦੀ ਆਜ਼ਾਦੀ ਦੀ ਗਲ ਅਧੂਰੀ ਰਹਿੰਦੀ ਹੈ। ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਭਾਰਤ ਨੂੰ ਆਜ਼ਾਦ ਕਰਵਾਉਣ ਲਈ 80 ਫ਼ੀਸਦੀ ਤੋਂ ਵਧੇਰੇ ਕੁਰਬਾਨੀਆਂ ਦੇਣ ਵਾਲੇ ਸਿੱਖ ਅੱਜ ਵੀ ਭਾਰਤ ਵਿੱਚ ਆਪਣੇ ਅਧਿਕਾਰਾਂ ਅਤੇ ਹੱਕਾਂ ਲਈ ਸੰਘਰਸ਼ਸ਼ੀਲ ਹਨ। ਵਿਦਵਾਨ ਕਹਿੰਦੇ ਹਨ ਕਿ ਸੰਘਰਸ਼ਸ਼ੀਲ ਹੋਣਾ ਜਿਉਂਦੇ ਰਹਿਣ ਦਾ ਸਬੂਤ ਹੁੰਦਾ ਹੈ। ਹਾਲ ਤਾਂ ਇਹ ਹੋ ਗਿਆ ਹੈ ਕਿ ਭਾਰਤ ਵਿੱਚ ਸੱਚ ਨੂੰ ਫਾਂਸੀ ਅਤੇ ਝੂਠ ਨੂੰ ਤਗਮੇ ਦੇਣ ਵਾਲਾ ਮਾਹੌਲ ਬਣਦਾ ਜਾ ਰਿਹਾ ਹੈ।

ਜਿਸ ਤਰਾਂ ਸਮੁੰਦਰ ਕਈ ਤਰਾਂ ਦੇ ਘਾਟੇ ਵਾਧੇ ਝੱਲਦਾ ਹੋਇਆ ਨਿਰੰਤਰ ਚਾਲ ਚਲਦਾ ਰਹਿੰਦਾ ਹੈ, ਉਸੇ ਤਰਾਂ ਸਿੱਖ ਧਰਮ ਵੀ ਆਪਣੀ ਚਾਲ ਚਲਦਾ ਜਾ ਰਿਹਾ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਜ਼ੁਲਮ ਤੇ ਜ਼ਾਲਮਾਂ ਵਿਰੁੱਧ ਸੰਘਰਸ਼ ਕਰਨ ਲਈ ਪ੍ਰੇਰਿਆ। ਸਿੱਖ ਗੁਰੂ ਸਾਹਿਬਾਨ ਨੇ ਜਿੰਨੀਆਂ ਵੀ ਜੰਗਾਂ ਲੜੀਆਂ, ਉਹ ਸਾਰੀਆਂ ਜ਼ੁਲਮ ਤੇ ਜ਼ਾਲਮਾਂ ਦੇ ਖ਼ਿਲਾਫ਼ ਸਨ। ਵੱਡੀ ਗਿਣਤੀ ਸਿੱਖ ਅੱਜ ਵੀ ਆਪਣੇ ਗੁਰੂ ਸਾਹਿਬਾਨ ਦੀ ਸੋਚ 'ਤੇ ਪਹਿਰਾ ਦੇ ਰਹੇ ਹਨ। ਇਹ ਵੱਖਰੀ ਗਲ ਹੈ ਕਿ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਜਾਤੀਵਾਦ ਵਿਚੋਂ ਕੱਢਿਆ ਸੀ ਪਰ ਅਨੇਕਾਂ ਸਿੱਖ ਅੱਜ ਵੀ ਜਾਤੀਵਾਦ ਦੀਆਂ ਵਲਗਣਾਂ ਵਿੱਚ ਫਸੇ ਹੋਏ ਹਨ। ਸਿੱਖ ਧਰਮ ਇੱਕ ਸਮੁੰਦਰ ਵਾਂਗ ਬ ਹੁਤ ਕੁਝ ਆਪਣੇ ਆਪ ਵਿੱਚ ਸਮੇਟਦਾ ਆਇਆ ਹੈ। ਸਿੱਖ ਧਰਮ ਵਿੱਚ ਖੁੱਲ ਹੈ ਕਿਸੇ ਵੀ ਧਰਮ ਵਿੱਚ ਜਾਣ ਆਉਣ ਦੀ, ਪਰ ਅਸੀਂ ਵੰਡੀਆਂ ਪਾ ਰਹੇ ਹਾਂ। ਧਰਮ ਦੇ ਨਾਮ 'ਤੇ ਕੁਝ ਲੋਕਾਂ ਵੱਲੋਂ ਸਿਆਸਤ ਕੀਤੀ ਜਾ ਰਹੀ ਹੈ। ਸਾਡੀ ਜਿੰਮੇਵਾਰੀ ਵੀ ਬਣਦੀ ਹੈ ਗੁਰਬਾਣੀ ਨੂੰ ਸਿਰਫ਼ ਪੜ੍ਹਿਆ ਨਾ ਜਾਵੇ, ਉਸ ਨੂੰ ਸਮਝਿਆ ਜਾਵੇ।

ਇਹ ਪੰਜਾਬ ਹੀ ਹੈ, ਜੋ ਕਿ ਹਮੇਸ਼ਾ ਵੈਰੀਆਂ ਤੇ ਦੁਸ਼ਮਣਾਂ ਦੇ ਸਾਹਮਣੇ ਹਿੱਕ ਤਾਣ ਕੇ ਖੜਦਾ ਆਇਆ ਹੈ।

ਪ੍ਰਸਿੱਧ ਸ਼ਾਇਰ ਇਕਬਾਲ ਨੇ ਇਸ ਹਕੀਕੀ ਸੱਚ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਬਿਆਨ ਕੀਤਾ ਹੈ:

*ਫ਼ਿਰ ਉਠੀ ਆਖਿਰ ਸਦਾਅ, ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਯਾ ਖ਼ਾਬ ਸੇ।*

ਭਾਰਤ ਦੇ ਆਜ਼ਾਦ ਹੋਣ ਤੋਂ ਲੈ ਕੇ ਹੁਣ ਤਕ ਸਿੱਖਾਂ ਨਾਲ ਸਮੇਂ ਦੀਆਂ ਸਰਕਾਰਾਂ ਨੇ ਬਹੁਤ ਬੇਇਨਸਾਫ਼ੀਆਂ ਕੀਤੀਆਂ ਹਨ, ਜਿਨ੍ਹਾਂ ਵਿਰੁੱਧ ਸਮੇਂ ਸਮੇਂ 'ਤੇ ਪੰਜਾਬੀਆਂ ਨੇ ਸੰਘਰਸ਼ ਵੀ ਕੀਤੇ ਹਨ। ਪੰਜਾਬੀਆਂ ਦੇ ਸੁਭਾਅ ਵਿੱਚ ਇਹ ਗੱਲ ਸ਼ਾਮਲ ਹੈ ਕਿ ਉਹ ਕੇਂਦਰ ਸਰਕਾਰ ਦੇ ਹਰ ਗਲਤ ਫ਼ੈਸਲੇ ਦਾ ਵਿਰੋਧ ਕਰਦੇ ਹਨ, ਜਿਸ ਕਰਕੇ ਅਕਸਰ ਪੰਜਾਬੀ ਭਾਰਤ ਦੀਆਂ ਸਮੇਂ ਸਮੇਂ (ਬਾਕੀ ਸ.ਫ਼ਾ 29 'ਤੇ)

### ਕਿਸਾਨ ਧਰਨੇ ਦੌਰਾਨ ਸਿੱਖ ਸ਼ਬਦ ਰਿਹਾ ਭਾਰੂ

ਦਿੱਲੀ 'ਚ ਲਗਾਏ ਗਏ ਕਿਸਾਨ ਧਰਨੇ ਦੌਰਾਨ ਇੱਕ ਵਿਲੱਖਣ ਗੱਲ ਇਹ ਹੋਈ ਕਿ ਕਿਸਾਨੀ ਮੰਗਾਂ ਨੂੰ ਲੈ ਕੇ ਸ਼ੁਰੂ ਹੋਏ ਇਸ ਧਰਨੇ ਵਿੱਚ ਜੱਟ ਸ਼ਬਦ ਦੀ ਥਾਂ ਸਿੱਖ ਸ਼ਬਦ ਭਾਰੂ ਰਿਹਾ। ਇਸ ਧਰਨੇ ਵਿੱਚ ਸ਼ਾਮਲ ਕਿਸਾਨਾਂ ਨੇ ਆਪਣੇ ਆਪ ਨੂੰ ਸਿੱਖ ਕਹਿ ਕੇ ਸੰਗਠਿਤ ਕੀਤਾ ਅਤੇ ਕੇਂਦਰ ਸਰਕਾਰ ਵਿਰੁੱਧ ਸੰਘਰਸ਼ ਕੀਤਾ। ਇਸ ਧਰਨੇ ਦੌਰਾਨ ਲੱਗੇ ਲੰਗਰਾਂ, ਕੀਰਤਨ ਦਰਬਾਰ ਅਤੇ ਹੋਰ ਗਤੀਵਿਧੀਆਂ ਦੌਰਾਨ ਵੀ ਸਿੱਖ ਧਰਮ ਅੱਗੇ ਰਿਹਾ, ਜਿਸ ਨਾਲ ਸਿੱਖ ਧਰਮ ਦੇ ਪੈਰੋਕਾਰਾਂ ਵਿੱਚ ਏਕਤਾ ਅਤੇ ਮਜਬੂਤੀ ਆਈ। ਇਸ ਧਰਨੇ ਵਿੱਚ ਹਰ ਵਰਗ ਦੇ ਸਿੱਖਾਂ ਨੇ ਸ਼ਮੂਲੀਅਤ ਕੀਤੀ ਅਤੇ ਜਿੱਤ ਪ੍ਰਾਪਤ ਕੀਤੀ।

### ਜਲ੍ਹਿਆਂਵਾਲਾ ਬਾ.ਗ 'ਚ ਕੁਰਬਾਨੀਆਂ

ਜਲ੍ਹਿਆਂਵਾਲਾ ਬਾ.ਗ ਅੰਮ੍ਰਿਤਸਰ ਦੀ ਘਟਨਾ ਇਤਿਹਾਸ ਵਿੱਚ ਕਾਫੀ ਮਹੱਤਵਪੂਰਨ ਹੈ। ਇਸ ਮੌਕੇ ਵੀ ਵੱਡੀ ਗਿਣਤੀ ਸਿੱਖਾਂ ਨੇ ਕੁਰਬਾਨੀਆਂ ਦਿਤੀਆਂ। ਜ਼ਿਕਰਯੋਗ ਹੈ ਕਿ 13 ਅਪ੍ਰੈਲ 1919 ਐਤਵਾਰ ਦੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾ.ਗ ਵਿੱਚ ਇਕੱਤਰ ਹੋਏ ਲੋਕਾਂ 'ਤੇ ਜਨਰਲ ਡਾਇਰ ਨੇ 50 ਗੋਰਖਾ ਸੈਨਿਕਾਂ ਨੂੰ ਲੈ ਕੇ ਜਲ੍ਹਿਆਂਵਾਲਾ ਬਾ.ਗ ਨੂੰ ਘੇਰ ਕੇ ਮਸ਼ੀਨਗੰਨਾਂ ਨਾਲ ਅੰਧਾਧੁੰਦ ਗੋਲੀਬਾਰੀ ਕਰ ਦਿੱਤੀ। ਡਾਇਰ ਅਨੁਸਾਰ 1,650 ਗੋਲੀਆਂ ਚਲੀਆਂ। ਸਰਕਾਰੀ ਸਰੋਤਾਂ ਅਨੁਸਾਰ 379 ਲਾਸ਼ਾਂ ਅਤੇ 1,100 ਜਖਮੀਆਂ ਦੀ ਪਛਾਣ ਕੀਤੀ ਗਈ। ਭਾਰਤੀ ਰਾਸ਼ਟਰੀ ਕਾਂਗਰਸ ਅਨੁਸਾਰ ਪੀੜ੍ਹਤਾਂ ਦੀ ਗਿਣਤੀ 1,500 ਤੋਂ ਵਧ ਅਤੇ ਮਰਨ ਵਾਲੇ ਲੱਗਪਗ 1,000 ਸਨ।ਉਸ ਸਮੇਂ ਇਹ ਬਾਗ ਦੋ ਸੌ ਗਜ ਲੰਮਾ ਅਤੇ ਇੱਕ ਸੌ ਗਜ ਚੌੜਾ ਸੀ। ਉਸਦੇ ਚਾਰੇ ਪਾਸੇ ਦੀਵਾਰ ਸੀ ਅਤੇ ਦੀਵਾਰ ਦੇ ਨਾਲ ਹੀ ਘਰ ਸਨ। ਬਾਹਰ ਨਿਕਲਣ ਲਈ ਇੱਕ ਛੋਟਾ ਜਿਹਾ ਤੰਗ ਰਸਤਾ ਸੀ। ਇਸੇ ਕਾਰਨ ਨਿਹੱਥੇ ਲੋਕਾਂ ਦਾ ਵੱਡਾ ਜਾਨੀ ਨੁਕਸਾਨ ਹੋਇਆ। ਜਲ੍ਹਿਆਂਵਾਲਾ ਬਾ.ਗ ਦੀ ਘਟਨਾ ਤੋਂ ਬਾਅਦ ਭਾਰਤ ਦਾ ਆਜ਼ਾਦੀ ਅੰਦੋਲਨ ਹੋਰ ਵੀ ਤੇਜ਼ ਹੋ ਗਿਆ ਸੀ।

## ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਕੀਤੀਆਂ

ਇਤਿਹਾਸ ਗਵਾਹ ਹੈ ਕਿ ਦੇਸ਼ ਦੇ ਆਜ਼ਾਦ ਹੋਣ ਤੱਕ ਅੰਗਰੇਜ਼ ਹਕੂਮਤ ਵਿਰੁੱਧ ਜੰਗ ਦੌਰਾਨ ਕੁੱਲ 121 ਸ਼ਹੀਦਾਂ ਨੇ ਫਾਂਸੀ ਦੇ ਰੱਸੇ ਚੁੰਮੇ, ਜਿਨ੍ਹਾਂ ਵਿਚੋਂ 93 ਸਿੱਖ ਸਨ। ਉਮਰ ਕੈਦ ਕੱਟਣ ਵਾਲੇ 2646 ਘੁਲਾਟੀਆਂ ਵਿਚੋਂ 2147 ਸਿੱਖ ਸਨ। ਜੱਲ੍ਹਿਆਂਵਾਲੇ ਬਾ.ਗ ਦੇ ਸਾਕੇ ਦੇ 1300 ਸ਼ਹੀਦਾਂ ਵਿਚੋਂ 799 ਸਿੱਖ ਸਨ। ਬਜਬਜ-ਘਾਟ ਦੇ ਸਾਕੇ ਵਿੱਚ ਸ਼ਹੀਦ ਹੋਣ ਵਾਲੇ 113 ਵਿਚੋਂ 67 ਸਿੱਖ, ਕੂਕਾ ਲਹਿਰ ਦੌਰਾਨ 91 ਦੇ 91 ਸਿੱਖ ਅਤੇ ਅਕਾਲੀ ਲਹਿਰ ਦੌਰਾਨ ਸ਼ਹੀਦ ਹੋਣ ਵਾਲੇ 500 ਸਿੱਖ



ਹੀ ਸਨ। ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਮੌਲਾਨਾ ਆਜ਼ਾਦ ਨੇ ਵੀ ਕੀਤੀ ਸੀ। ਜੇਕਰ ਭਾਰਤ ਦੀ ਆਜ਼ਾਦੀ ਵਿੱਚ ਸਮੂਹ ਪੰਜਾਬੀਆਂ ਦੀ ਦੇਣ ਦਾ ਮੁਲਾਂਕਣ ਕੀਤਾ ਜਾਵੇ ਤਾਂ ਇਹ 90 ਫ਼ੀਸਦੀ ਦੇ ਲਗਭਗ ਬਣ ਜਾਂਦਾ ਹੈ।'ਗਲੈਸਗੋ ਹੈਰਾਲਡ' ਕਲਕੱਤਾ ਮਿਤੀ 3-11-1825 ਅਨੁਸਾਰ, '1824 ਈਸਵੀ ਦੇ ਬਰਮਾ ਯੁੱਧ ਵਿੱਚ ਸਿੱਖ ਸੈਨਿਕਾਂ ਦੀ ਕੰਪਨੀ 47 ਨੇਟਿਵ ਇਨਫੈਂਟਰੀ ਵਿੱਚ ਵਿਦਰੋਹ ਭੜਕਾਉਣ ਦੇ ਦੋਸ਼ ਲਾ ਕੇ ਰਿਸਾਲਦਾਰ ਸੁਰ ਸਿੰਘ, ਜਾਤਾ ਸਿੰਘ, ਬਲਾਕਾ ਸਿੰਘ ਤੇ ਇਕ ਬੰਗਾਲੀ ਮਿ. ਦਾਸ ਨੂੰ ਫਾਂਸੀ ਚੜ੍ਹਾਇਆ ਗਿਆ। ਇਸ ਵਿਦਰੋਹ ਵਿਚ 880 ਫੌਜੀ ਮਾਰੇ ਗਏ ਜਾਂ ਫਾਂਸੀ ਚੜ੍ਹਾਏ ਗਏ।' ਜੁਲਾਈ 1824 ਵਿੱਚ ਰੁੜਕੀ ਦੇ ਨੇੜੇ ਅੰਗਰੇਜ਼ਾਂ ਵਿਰੁੱਧ ਬ.ਗਾਵਤ ਵਿੱਚ ਗੋਰਾ ਤੇ ਗੋਰਖਾ ਫੌਜਾਂ ਨਾਲ ਲੜਦੇ ਹੋਏ 200 ਦੇਸ਼ ਭਗਤ ਸ਼ਹੀਦ ਹੋਏ ਜਿਨ੍ਹਾਂ ਵਿੱਚ 88 ਸਿੱਖ ਸਨ।

(ਬਾਕੀ ਸ.ਫ਼ਾ 29 'ਤੇ)

### ਵਿਰਸੇ ਵਿੱਚ ਹੀ ਮਿਲਿਆ ਹੈ ਸਿੱਖਾਂ ਨੂੰ ਦੇਸ਼ ਭਗਤੀ ਦਾ ਜਜ਼ਬਾ



ਸਿੱਖ ਧਰਮ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਸਿੱਖਾਂ ਨੂੰ ਦੇਸ਼ ਭਗਤੀ ਦਾ ਜਜ਼ਬਾ ਜਨਮ ਤੋਂ, ਵਿਰਸੇ ਵਿੱਚ ਹੀ ਮਿਲਿਆ ਹੈ। ਇਹੋ ਕਾਰਨ ਹੈ ਕਿ ਦੇਸ਼ ਦੀ ਸੁਤੰਤਰਤਾ ਦਾ ਕੋਈ ਅਜਿਹਾ ਅੰਦੋਲਨ ਨਹੀਂ ਜਿਸ ਵਿਚ ਇਨ੍ਹਾਂ ਨੇ ਅੱਗੇ ਹੋ ਕੇ ਕੁਰਬਾਨੀ ਨਾ ਦਿੱਤੀ ਹੋਵੇ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਈ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਦੀਆਂ ਚੱਕੀਆਂ ਵੀ ਪੀਸਣੀਆਂ ਪਈਆਂ। ਗੁਰੂ ਜੀ ਨੇ ਦੇਸ਼ਵਾਸੀਆਂ ਨੂੰ (ਬਾਕੀ ਸ.ਫ਼ਾ 29 'ਤੇ)

# ਮੀਰੀ-ਪੀਰੀ ਨਗਰ ਕੀਰਤਨ ਮੌਕੇ ਸਰੀ ਖ਼ਾਲਸਾਈ ਜਾਹੋ-ਜਲਾਲ 'ਚ ਰੰਗਿਆ ਗਿਆ














ਸਰੀ ਡੈਲਟਾ/ਡਾ. ਗੁਰਵਿੰਦਰ ਸਿੰਘ: ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਵੱਲੋਂ, ਸਜਾਏ ਮੀਰੀ-ਪੀਰੀ ਨਗਰ ਕੀਰਤਨ ਵਿੱਚ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਹਾਜ਼ਰੀ ਲਵਾਈ ਅਤੇ ਸਰੀ ਸ਼ਹਿਰ ਖਾਲਸਾਈ ਜਾਹੋ ਜਲਾਲ ਵਿੱਚ ਰੰਗਿਆ ਗਿਆ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਾਲਕੀ ਦੇ ਵਿੱਚ ਸੁਸ਼ੋਭਿਤ ਕੀਤੇ ਹੋਏ ਸਨ, ਜਿਨ੍ਹਾਂ ਦੇ ਅੱਗੇ ਗੱਤਕੇ ਦੇ ਤਿਆਰ- ਬਰ-ਤਿਆਰ ਸਿੱਖ ਬੱਚੇ-ਬੱਚੀਆਂ ਸਲਾਮੀ ਦੇ ਰਹੇ ਸਨ। ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰੇਰਨਾ ਤੇ ਇਤਿਹਾਸ ਨੂੰ ਵਰਤਮਾਨ ਵਿੱਚ ਅਪਨਾਉਂਦਿਆਂ ਇਸ ਵਾਰ ਨਗਰ ਕੀਰਤਨ ਵਿੱਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਨਾਮ ਬਾਣੀ ਨੂੰ ਸਮਰਪਿਤ ਅਤੇ ਸਿੱਖ ਸੰਘਰਸ਼ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਕੇਂਦਰ ਬਿੰਦੂ ਰਹੀ। ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਸਬੰਧੀ ਜਾਂਚ ਦੀ ਪਟੀਸ਼ਨ ਨੂੰ ਮਿਲੇ ਬੇਮਿਸਾਲ ਹੁੰਗਾਰੇ ਦਾ ਪ੍ਰਭਾਵ ਨਗਰ ਕੀਰਤਨ ਵਿੱਚ ਵੇਖਿਆ ਜਾ ਸਕਦਾ ਸੀ, ਜਿੱਥੇ ਇਸ ਹੱਤਿਆ ਪਿੱਛੇ ਭਾਰਤੀ ਏਜੰਸੀਆਂ ਦੀ ਸ਼ੱਕੀ ਭੂਮਿਕਾ ਦੀ ਜਾਂਚ ਦੀ ਮੰਗ ਕੀਤੀ ਗਈ। ਪੰਜਾਬ ਰੈਫਰੈਂਡਮ ਦੀ ਜ਼ੋਰਦਾਰ ਆਵਾਜ਼ ਤੋਂ ਇਲਾਵਾ, ਸਿੱਖ ਕੌਮ ਦੇ ਮਹਾਨ ਸੇਵਾਦਾਰ ਭਗਤ ਪੂਰਨ ਸਿੰਘ ਪਿੰਗਲਵਾੜਾ ਸੰਸਥਾ, ਯੂਨਾਇਟਿਡ ਸਿੱਖਜ਼ ਤੋਂ ਇਲਾਵਾ ਕਈ ਹੋਰ ਮਾਨਵ ਸੇਵੀ ਸੰਸਥਾਵਾਂ ਸਮੇਤ, ਵੱਖ-ਵੱਖ ਸਟਾਲ ਤੇ ਬੇ-ਮਿਸਾਲ ਲੰਗਰ ਉਤਸ਼ਾਹ ਦਾ ਕੇਂਦਰ ਸਨ। ਨਗਰ ਕੀਰਤਨ ਵਿੱਚ ਦਰਬਾਰ ਸਾਹਿਬ ਦੇ ਜੱਥਿਆਂ ਅਤੇ ਢਾਡੀਆਂ ਨੇ ਹਾਜ਼ਰੀ ਲਵਾਈ। ਬੀ ਸੀ ਗੁਰਦੁਆਰਾ ਸਿੱਖ ਕੌਂਸਲ ਦੇ ਕੋਆਰਡੀਨੇਟਰ ਭਾਈ ਮਨਿੰਦਰ ਸਿੰਘ ਨੇ ਭਾਵਪੂਰਤ ਸ਼ਬਦਾਂ ਵਿੱਚ ਸਿੱਖ ਸਿਧਾਂਤਾਂ ਅਤੇ ਸਿੱਖ ਰਾਜ ਖਾਲਿਸਤਾਨ ਦੇ ਬਾਰੇ ਗੱਲਬਾਤ ਕੀਤੀ। ਪ੍ਰਸਿੱਧ ਢਾਡੀ ਜਥੇ ਭਾਈ ਤਰਲੋਚਨ ਸਿੰਘ ਭਮੱਦੀ, ਭਾਈ ਗੁਰਿੰਦਰ ਸਿੰਘ ਬੈਂਸ ਅਤੇ ਭਾਈ ਨਿਸ਼ਾਨ ਸਿੰਘ ਝਬਾਲ ਨੇ ਬੀਰ-ਰਸੀ ਵਾਰਾਂ ਨਾਲ ਨਿਹਾਲ ਕੀਤਾ। ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਚਰਨ ਸਿੰਘ ਅਤੇ ਭਾਈ ਤਲਬਲਬੀਰ ਸਿੰਘ ਨੇ ਰਸਭਿੰਨਾ ਕੀਰਤਨ ਕੀਤਾ ਅਤੇ ਭਾਈ ਦਲਜੀਤ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ। ਸਟੇਜ ਦਾ ਸੰਚਾਲਨ ਭਾਈ ਭੁਪਿੰਦਰ ਸਿੰਘ ਹੋਠੀ ਅਤੇ ਭਾਈ ਗੁਰਮੀਤ ਸਿੰਘ ਤੂਰ ਵੱਲੋਂ ਕੀਤਾ ਗਿਆ। ਉੱਤਰੀ ਅਮਰੀਕਾ 'ਚ ਮਨੀਪੁਰ ਦੇ ਕਬਾਇਲੀਆਂ ਦੀ ਸੰਸਥਾ ਦੇ ਬੁਲਾਰੇ ਲੀਅਨ ਗੰਗਟੇ ਨੇ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਸੰਬੋਧਨ ਹੁੰਦਿਆਂ ਮਨੀਪੁਰ ਵਿੱਚ ਹੋ ਰਹੇ ਸਰਕਾਰੀ ਜ਼ੁਲਮ ਦੀ ਦਾਸਤਾਨ ਸਾਂਝੀ ਕੀਤੀ ਅਤੇ ਸਿੱਖ ਭਾਈਚਾਰੇ ਵੱਲੋਂ ਮਾਰੇ ਜਾ ਰਹੇ ਹਾਅ ਦੇ ਨਾਅਰੇ ਵਾਸਤੇ ਕੌਮ ਦਾ ਧੰਨਵਾਦ ਕੀਤਾ। ਖਾਲਸਾ ਪੰਥ ਦੀ ਭਲਾਈ ਵਾਸਤੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਨੂੰ ਸਮਰਪਿਤ ਨਗਰ ਕੀਰਤਨ ਵਿੱਚ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਕੁਝ ਅਹਿਮ ਮਤੇ ਪਾਸ ਕੀਤੇ, ਸਮੂਹ ਸੰਗਤਾਂ ਵੱਲੋਂ ਪੜ੍ਹੇ ਗਏ ਮਤਿਆਂ ਨੂੰ ਦੋਵੇਂ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ ਗਈ।

# ਨਾਂਦੇੜ ਦੇ ਡੀ.ਸੀ. ਨੂੰ ਲਗਾਇਆ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਸ਼ਾਸਕ

## ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਵੱਲੋਂ ਬੋਰਡ ਦਾ ਪ੍ਰਬੰਧਕ ਇੱਕ ਗ਼ੈਰ-ਸਿੱਖ ਨੂੰ ਲਗਾਉਣ ਦਾ ਵਿਰੋਧ

## ਤਖ਼ਤ ਪਟਨਾ ਸਾਹਿਬ, ਤਖਤ ਹਜ਼ੂਰ ਸਾਹਿਬ ਦੇ ਪ੍ਰਬੰਧ ਸਰਕਾਰ ਤੋਂ ਆਜ਼ਾਦ ਕਰਵਾਏ ਜਾਣ : ਸਿੱਖ ਸੰਗਤ

ਜਲੰਧਰ/ਏ.ਟੀ.ਨਿਊਜ਼ : ਡਾ. ਪਰਵਿੰਦਰ ਸਿੰਘ ਪਸਰੀਚਾ ਆਈਪੀਐੱਸ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਸ਼ਾਸਕ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਥਾਂ ਨਾਂਦੇੜ ਦੇ ਕੁਲੈਕਟਰ (ਡਿਪਟੀ ਕਮਿਸ਼ਨਰ) ਅਭਿਜੀਤ ਰਾਜੇਂਦਰ ਰਾਉਤ, ਆਈਏਐੱਸ ਨੂੰ ਤਖ਼ਤ ਸਾਹਿਬ ਦਾ ਨਵਾਂ ਪ੍ਰਸ਼ਾਸਕ ਨਿਯੁਕਤ ਕੀਤਾ ਗਿਆ ਹੈ। ਭਾਵੇਂ ਡਾ. ਪਸਰੀਚਾ ਨੂੰ ਉਨ੍ਹਾਂ ਦਾ ਕਾਰਜਕਾਲ ਮੁਕੰਮਲ ਹੋਣ ਤੋਂ ਬਾਅਦ ਹੀ ਅਹੁਦੇ ਤੋਂ ਹਟਾਇਆ ਗਿਆ ਹੈ ਪਰ ਉਨ੍ਹਾਂ ਦੀ ਥਾਂ ਕਿਸੇ ਗ਼ੈਰ-ਸਿੱਖ ਨੂੰ ਤਖ਼ਤ ਸਾਹਿਬ ਦੀ ਪ੍ਰਸ਼ਾਸਕੀ ਜ਼ਿੰਮੇਵਾਰੀ ਸੌਂਪਣ ਦਾ ਸਿੱਖ ਆਗੂਆਂ ਵਿੱਚ ਜ਼ੋਰਦਾਰ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ।



ਸਾਰੀਆਂ ਸਬੰਧਤ ਪੰਥਕ ਧਿਰਾਂ ਵੱਲੋਂ ਇਹੋ ਦਲੀਲ ਦਿੱਤੀ ਜਾ ਰਹੀ ਹੈ ਕਿ ਗੁਰਦੁਆਰਾ ਸਚਖੰਡ ਬੋਰਡ, ਨਾਂਦੇੜ ਦੀ ਚੋਣ ਹਰ ਤਿੰਨ ਸਾਲਾਂ ਵਿੱਚ ਕਰਵਾਈ ਜਾਂਦੀ ਹੈ, ਪਰ 15 ਮਾਰਚ 2022 ਦੌਰਾਨ ਬੋਰਡ ਦਾ ਕਾਰਜਕਾਲ ਖ਼ਤਮ ਹੋਇਆ ਹੈ, ਇੱਕ ਸਾਲ ਹੋ ਗਿਆ ਪਰ ਚੋਣਾਂ ਨਹੀਂ ਹੋ ਸਕੀਆਂ ਪਰ ਅਜਿਹੇ ਅਹਿਮ ਅਹੁਦੇ 'ਤੇ ਕਿਸੇ ਗ਼ੈਰ ਸਿੱਖ ਦੀ ਚੋਣ ਠੀਕ ਨਹੀਂ। ਡਾ. ਪਸਰੀਚਾ ਦੀ ਕਾਰਗੁਜ਼ਾਰੀ ਦੇ ਸਾਰੇ ਅੰਕੜੇ ਸ਼ਾਨਦਾਰ ਸਨ ਅਤੇ ਉਨ੍ਹਾਂ ਦੇ ਸਿਰਫ਼ ਇੱਕ ਵਰ੍ਹੇ ਦੇ ਕਾਰਜਕਾਲ ਦੌਰਾਨ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਦਾ ਸਾਲਾਨਾ ਬਜਟ 78 ਕਰੋੜ ਰੁਪਏ ਤੋਂ ਵਧ ਕੇ 110 ਕਰੋੜ ਹੋ ਗਿਆ ਸੀ। ਉਨ੍ਹਾਂ ਕਈ ਤਰ੍ਹਾਂ ਦੇ ਖ਼ਰਚੇ ਬਚਾਉਣ ਤੇ ਆਮਦਨ ਪੈਦਾ ਕਰਨ ਦੇ ਅਨੇਕ ਨਵੇਂ ਤਰੀਕੇ ਲੱਭੇ ਸਨ। ਉਨ੍ਹਾਂ ਇਸ ਤੋਂ ਪਹਿਲਾਂ 2008 ਤੋਂ ਲੈ ਕੇ 2012 ਤੱਕ ਤਖ਼ਤ ਸਾਹਿਬ ਦੇ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਵਜੋਂ ਵਰਨਣਯੋਗ ਸੇਵਾਵਾਂ ਨਿਭਾਈਆਂ ਸਨ। ਉਨ੍ਹਾਂ ਨੂੰ ਹਟਾਇਆ ਨਹੀਂ ਜਾਣਾ ਚਾਹੀਦਾ ਸੀ। ਸ੍ਰੋਮਣੀ ਕਮੇਟੀ ਦੀ ਸਰਕਾਰ ਤੋਂ ਮੰਗ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਬੋਰਡ ਦੀਆਂ ਚੋਣਾਂ ਛੇਤੀ ਕਰਵਾਈਆਂ ਜਾਣ ਤਾਂ ਜੋ ਗੁਰਦੁਆਰਿਆਂ ਦਾ ਪ੍ਰਬੰਧਨ ਸਪਸ਼ਟ ਅਤੇ ਲੋਕਤੰਤਰੀ ਢੰਗ ਨਾਲ ਕੀਤਾ ਜਾ ਸਕੇ।

ਇੱਥੇ ਦੱਸ ਦੇਈਏ ਕਿ ਡਾ. ਪਸਰੀਚਾ ਨੂੰ ਪਿਛਲੇ ਵਰ੍ਹੇ 29 ਜੂਨ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ 'ਗੁਰਦੁਆਰਾ ਤਖ਼ਤ ਸੱਚਖੰਡ ਬੋਰਡ' ਦਾ ਮੁੱਖ ਪ੍ਰਸ਼ਾਸਨਕ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਤਦ ਤਖ਼ਤ ਸਾਹਿਬ ਦੇ ਵਿਕਾਸ ਕਾਰਜਾਂ 'ਤੇ 200 ਕਰੋੜ ਰੁਪਏ ਅਤੇ ਸ਼ਹਿਰ ਦੀ ਨੁਹਾਰ ਬਦਲਣ ਲਈ 2,500 ਕਰੋੜ ਰੁਪਏ ਖ਼ਰਚ ਕੀਤੇ ਸਨ ਤੇ ਜਦੋਂ ਉਨ੍ਹਾਂ ਚਾਰਜ ਛੱਡਿਆ ਸੀ, ਉਦੋਂ ਗੁਰਦੁਆਰਾ ਸਾਹਿਬ ਦੇ ਖਾਤੇ ਵਿੱਚ 200 ਕਰੋੜ ਰੁਪਏ ਫ਼ਿਕਸ ਡਿਪਾਜ਼ਿਟ ਵਜੋਂ ਮੌਜੂਦ ਸਨ।

### ਪੰਥਕ ਆਗੂਆਂ ਦੀ ਰਾਇ

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤੇ ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਚਿੱਠੀ ਲਿਖ ਕੇ ਇਸ ਮਾਮਲੇ 'ਤੇ ਰੋਸ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਨਾਂਦੇੜ ਦੇ ਮੌਜੂਦਾ ਕੁਲੈਕਟਰ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਸ਼ਾਸਕ ਨਿਯੁਕਤ ਕਰਨਾ ਪੂਰੀ ਤਰ੍ਹਾਂ ਗ਼ੈਰ-ਵਾਜਬ ਹੈ ਤੇ ਇਹ ਸਿੱਖ ਕੌਮ ਦੀਆਂ ਰਵਾਇਤਾਂ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਹੈ ਕਿ ਇਸ ਤਖ਼ਤ ਸਾਹਿਬ ਦੇ ਪ੍ਰਸ਼ਾਸਕ ਦੇ ਅਹੁਦੇ 'ਤੇ ਮਹਾਰਾਸ਼ਟਰ ਦੇ ਕਿਸੇ (ਬਾਕੀ ਸਫ਼ਾ 29 'ਤੇ)

## ਅਮਰੀਕਾ ਦੀਆਂ ਸਿੱਖ ਜੱਥੇਬੰਦੀਆਂ ਵੱਲੋਂ ਵਿਰੋਧ

ਦੇਸ-ਵਿਦੇਸ਼ ਦੇ ਸਿੱਖਾਂ ਵੱਲੋਂ ਮਹਾਰਾਸ਼ਟਰ ਸਰਕਾਰ ਵਲੋਂ ਅਭਿਜੀਤ ਰਜਿੰਦਰਾ ਦੀ ਤਖ਼ਤ ਨੰਦੇੜ ਸਾਹਿਬ ਦੇ ਮੁਖੀ ਦੇ ਤੌਰ 'ਤੇ ਨਿਯੁਕਤੀ ਦਾ ਵਿਰੋਧ ਹੋ ਰਿਹਾ ਹੈ। ਅਮਰੀਕਾ ਦੀਆਂ ਸਿੱਖ ਜੱਥੇਬੰਦੀਆਂ, ਸਿੱਖ ਫੈਡਰੇਸ਼ਨ ਅਮਰੀਕਾ, ਸਿੱਖ ਯੂਥ ਆਫ ਅਮਰੀਕਾ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਿਹਾ ਜਾ ਰਿਹਾ ਹੈ ਕਿ ਅਜਿਹੀਆਂ ਨਿਯੁਕਤੀਆਂ ਦਾ ਹੱਕ ਸਿਰਫ ਸਿੱਖ ਕੌਮ ਕੋਲ ਹੀ ਹੋਣਾ ਚਾਹੀਦਾ ਹੈ। ਜੇ ਕੋਈ ਹਿੰਦੂ, ਮੁਸਲਿਮ ਸੰਸਥਾ ਦਾ ਮੁਖੀ ਨਹੀਂ ਹੋ ਸਕਦਾ ਜਾਂ ਮੁਸਲਿਮ, ਹਿੰਦੂ ਸੰਸਥਾ ਦਾ ਮੁਖੀ ਨਹੀਂ ਹੋ ਸਕਦਾ ਤਾਂ ਇਹ ਵਿਤਕਰਾ ਸਿੱਖਾਂ ਨਾਲ ਕਿਉਂ ?

ਸ੍ਰੀ ਅਕਾਲ ਤਖ਼ਤ ਸਾਹਿਬ, ਐਸ. ਜੀ. ਪੀ. ਸੀ. ਜਾਂ ਹੋਰ ਸਿੱਖ ਸੰਸਥਾਵਾਂ ਨੂੰ ਇਸ ਨਿਉਕਤੀ ਦਾ ਸਿਰਫ਼ ਵਿਰੋਧ ਹੀ ਨਹੀਂ ਕਰਨਾ ਚਾਹੀਦਾ ਸਗੋਂ ਆਪਣੇ ਧਾਰਮਿਕ ਅਸਥਾਨਾਂ ਨੂੰ ਅਜ਼ਾਦ ਕਰਾਉਣ ਲਈ ਇੱਕ ਸੰਘਰਸ਼ ਸ਼ੁਰੂ ਕਰਨਾ ਚਾਹੀਦਾ ਹੈ। ਹਰ ਕੌਮ ਕੋਲ ਆਪਣੇ ਫੈਸਲੇ ਆਪ ਕਰਨ ਦਾ ਸਵਿਧਾਨਕ ਹੱਕ ਚਾਹੀਦਾ ਹੈ।

## ਕਿਵੇਂ ਹੁੰਦੀ ਹੈ ਚੋਣ



ਗੁਰਦੁਆਰਾ ਬੋਰਡ 3 ਸਾਲ ਲਈ ਚੁਣਿਆ ਜਾਂਦਾ ਹੈ ਅਤੇ ਸੰਗਤ ਇਸ ਦੇ ਮੈਂਬਰਾਂ ਦੀ ਚੋਣ ਕਰਦੀ ਹੈ। ਹਾਲਾਂਕਿ ਇਸ ਵਿੱਚ 4 ਮੈਂਬਰ ਐੱਸਜੀਪੀਸੀ ਵੱਲੋਂ ਨਾਮਜ਼ਦ ਕੀਤੇ ਜਾਂਦੇ ਹਨ ਅਤੇ ਐੱਸਜੀਪੀਸੀ ਦੇ ਪ੍ਰਧਾਨ ਆਪ ਵੀ ਇਸ ਦੇ ਮੈਂਬਰ ਹੁੰਦੇ ਹਨ। ਐੱਸਜੀਪੀਸੀ ਕਿਸੇ ਵੀ ਸੂਬੇ ਵਿੱਚੋਂ ਆਪਣੇ ਮੈਂਬਰ ਇਸ ਦੇ ਲਈ ਨਾਮਜ਼ਦ ਕਰ ਸਕਦੀ ਹੈ। ਸਰਕਾਰ ਵੱਲੋਂ ਵੀ ਕੁਝ ਮੈਂਬਰ ਨਾਮਜ਼ਦ ਹੁੰਦੇ ਹਨ, ਜਿਨ੍ਹਾਂ ਵਿੱਚੋਂ ਜ਼ਿਲ੍ਹੇ ਦੇ ਕਲੈਕਟਰ ਵੀ ਬੋਰਡ ਦੇ ਮੈਂਬਰ ਹੁੰਦੇ ਹਨ। ਨਾਮਜ਼ਦ ਕੀਤੇ ਗਏ ਮੈਂਬਰਾਂ ਦੀ ਸੂਚੀ ਮਹਾਰਾਸ਼ਟਰ ਸਰਕਾਰ ਦੇ ਸਬੰਧਿਤ ਵਿਭਾਗ ਜਾਂ ਅਧਿਕਾਰੀ ਨੂੰ ਦੇ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਮੈਂਬਰਾਂ ਵਜੋਂ ਚੁਣ ਲਿਆ ਜਾਂਦਾ ਹੈ। ਬਾਕੀ ਦੇ ਬਚੇ ਹੋਏ ਮੈਂਬਰਾਂ ਦੀ ਚੋਣ ਸਥਾਨਕ ਸਿੱਖ ਸੰਗਤਾਂ ਦੁਆਰਾ ਕੀਤੀ ਜਾਂਦੀ ਹੈ।ਇਸ ਤਖ਼ਤ ਸਾਹਿਬ ਨਾਲ ਹੋਰ ਕਈ ਗੁਰਦੁਆਰੇ ਜੁੜੇ ਹੋਏ ਹਨ। ਇੱਕ ਪੂਰਾ ਰੂਟ ਮੈਪ ਹੈ, ਜਿਸ ਵਿੱਚ ਕਈ ਗੁਰਦੁਆਰਾ ਸਾਹਿਬ ਆਉਂਦੇ ਹਨ ਅਤੇ ਇਹ ਬੋਰਡ ਉਨ੍ਹਾਂ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਨ ਦਾ ਕਾਰਜ ਦੇਖਦਾ ਹੈ। ਬੋਰਡ ਇਨ੍ਹਾਂ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ, ਸੰਗਤ ਦੀਆਂ ਸਹੂਲਤਾਂ, ਗੁਰਦੁਆਰਿਆਂ ਨਾਲ ਜੁੜੀਆਂ ਹੋਰ ਸੰਸਥਾਵਾਂ ਜਿਵੇਂ ਹਸਪਤਾਲ, ਕਾਲਜ ਆਦਿ, ਉਨ੍ਹਾਂ ਦਾ ਪ੍ਰਬੰਧ ਦੇਖਦਾ ਹੈ। ਇਹ ਬੋਰਡ ਸੁਤੰਤਰ ਰੂਪ ਨਾਲ ਆਪਣਾ ਕੰਮ ਕਰਦਾ ਹੈ।

# ਮੋਦੀ ਸਰਕਾਰ ਨੇ ਕਿਸਾਨ ਅੰਦੋਲਨ ਦਾ ਗੁੱਸਾ ਪੰਜਾਬ ਦੇ ਕਿਸਾਨਾਂ ’ਤੇ ਕੱਢਿਆ

## ਪੰਜਾਬ ਦੇ 17 ਲੱਖ ਕਿਸਾਨ, ‘ਕਿਸਾਨ ਨਿਧੀ ਯੋਜਨਾ’ ਦਾ ਲਾਭ ਲੈਣ ਤੋਂ ਵਾਂਝੇ : ਰਾਜਾ ਵੜਿੰਗ

ਚੰਡੀਗੜ੍ਹ/ਏ.ਟੀ.ਨਿਊਜ਼ :-ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਦੇ ਲੱਖਾਂ ਕਿਸਾਨਾਂ ਨੂੰ ਕੇਂਦਰੀ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤੋਂ ਬਾਹਰ ਕਰ ਦਿੱਤਾ ਹੈ। ਇਸ ਗੱਲ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਰਾਜ਼ ਹੋ ਗਏ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨ ਅੰਦੋਲਨ ਦੀ ਕਿਸਾਨਾਂ ਨਾਲ ਦੁਸ਼ਮਣੀ ਕੱਢੀ ਹੈ। ਪੰਜਾਬ ਦੇ ਕਰੀਬ 17 ਲੱਖ ਕਿਸਾਨ ਕੇਂਦਰੀ ਸਕੀਮ ਦਾ ਲਾਭ ਲੈਣ ਤੋਂ ਵਾਂਝੇ ਰਹਿ ਗਏ ਹਨ।

ਇੱਕ ਮੀਡੀਆ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਲਾਭਾਂ ਤੋਂ ਵਾਂਝੇ ਕਰਨ ਲਈ ਇੱਕ ਲੰਗੜਾ ਬਹਾਨਾ ਬਣਾਇਆ ਹੈ। ਦੱਸਿਆ ਗਿਆ ਕਿ ਇਸ ਸਕੀਮ ਤੋਂ ਬਾਹਰ ਰੱਖੇ ਗਏ ਸੂਬੇ ਦੇ ਕਿਸਾਨਾਂ ਨੇ ਆਪਣੇ ਬੈਂਕ



ਖਾਤਿਆਂ ਨੂੰ ਆਧਾਰ ਨਾਲ ਲਿੰਕ ਨਹੀਂ ਕੀਤਾ ਅਤੇ ਕੇਵਾਈਸੀ ਪ੍ਰਕਿਰਿਆ ਪੂਰੀ ਨਹੀਂ ਕੀਤੀ। ਅਜਿਹਾ ਕਰਕੇ ਪੰਜਾਬ ਦੇ ਕਰੀਬ 17 ਲੱਖ ਕਿਸਾਨ ਲਾਭ ਤੋਂ ਵਾਂਝੇ ਰਹਿ ਗਏ ਹਨ।

**ਪੰਜਾਬ ਦੇ 17 ਲੱਖ ਕਿਸਾਨ ਇਸ ਸਕੀਮ ਤੋਂ ਬਾਹਰ**

ਰਾਜਾ ਵੜਿੰਗ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਤਹਿਤ ਕਿਸਾਨ ਨੂੰ 6 ਹਜ਼ਾਰ ਰੁਪਏ ਦੀ ਮੁਆਵਜ਼ਾ ਰਾਸ਼ੀ ਦਿੱਤੀ ਗਈ ਹੈ। ਤਿੰਨ ਸਾਲ ਪਹਿਲਾਂ ਦਸੰਬਰ 2019 ਅਤੇ ਮਾਰਚ 2020 ਵਿੱਚ, ਇਸ ਸਕੀਮ ਦੇ ਲਾਭਪਾਤਰੀ ਕਿਸਾਨਾਂ ਦੀ ਗਿਣਤੀ 23 ਲੱਖ 13 ਹਜ਼ਾਰ 13 ਲਾਭਪਾਤਰੀ ਸੀ ਪਰ 2021 ਵਿੱਚ ਹੌਲੀ-ਹੌਲੀ ਇਨ੍ਹਾਂ ਦੀ ਗਿਣਤੀ ਘਟ ਕੇ 18 ਲੱਖ ਰਹਿ ਗਈ। ਫਿਰ ਸਾਲ 2022 ਵਿੱਚ 17 ਲੱਖ 13 ਹਜ਼ਾਰ 808 ਅਤੇ ਅਪ੍ਰੈਲ 2023 ਤੱਕ ਇਨ੍ਹਾਂ ਲਾਭਪਾਤਰੀ ਕਿਸਾਨਾਂ ਦੀ ਗਿਣਤੀ ਘਟ ਕੇ ਸਿਰਫ਼ 8 ਲੱਖ 53 ਹਜ਼ਾਰ 960 ਰਹਿ ਗਈ ਹੈ।

ਇਸ ਕਾਰਨ 23 ਲੱਖ ਲਾਭਪਾਤਰੀ ਕਿਸਾਨਾਂ ਦੀ ਬਜਾਏ ਇਨ੍ਹਾਂ ਦੀ ਗਿਣਤੀ 8.5 ਲੱਖ ਰਹਿ ਗਈ ਹੈ। ਕਰੀਬ 17 ਲੱਖ ਕਿਸਾਨਾਂ ਨੂੰ ਕੇਂਦਰੀ ਪ੍ਰਧਾਨ ਮੰਤਰੀ ਫੰਡ ਯੋਜਨਾ ਤੋਂ ਸਿੱਧੇ ਬਾਹਰ ਰੱਖਿਆ ਗਿਆ ਹੈ।

**ਦਸਤਾਵੇਜ਼ ਅਪਲੋਡ ਨਾ ਕਰਨ ਦਾ ਕਾਰਨ ਦੱਸਿਆ**

ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਕਿਸਾਨ ਅੰਦੋਲਨ ਦਾ ਗੁੱਸਾ ਪੰਜਾਬ ਦੇ ਕਿਸਾਨਾਂ ਨਾਲ ਕੱਢ ਲਿਆ ਹੈ। ਕਿਸਾਨ ਆਪਣੇ ਹੱਕਾਂ ਲਈ ਲੜੇ ਪਰ ਭਾਜਪਾ ਸਰਕਾਰ ਨੇ ਇਸ ਦੁਸ਼ਮਣੀ ਦਾ ਬਦਲਾ ਲੈਂਦਿਆਂ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ।

ਇਨ੍ਹਾਂ ਕਿਸਾਨਾਂ ਨੂੰ ਸਕੀਮ ਵਿੱਚੋਂ ਬਾਹਰ ਕਰਨ ਦਾ ਕਾਰਨ ਉਨ੍ਹਾਂ ਵੱਲੋਂ ਸਬੰਧਿਤ ਦਸਤਾਵੇਜ਼ ਅੱਪਲੋਡ ਨਾ ਕਰਨਾ ਦੱਸਿਆ ਗਿਆ ਹੈ। ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਬਾਹਰ ਕੱਢਣ ਦਾ ਸਿਰਫ਼ ਬਹਾਨਾ ਬਣਾਇਆ ਹੈ। ਕਿਉਂਕਿ ਜਦੋਂ ਤਿੰਨ ਸਾਲ ਪਹਿਲਾਂ ਬਿਨਾਂ ਦਸਤਾਵੇਜ਼ਾਂ ਦੇ ਲਾਭ ਦਿੱਤੇ ਜਾਂਦੇ ਸਨ ਤਾਂ ਹੁਣ ਇਹ ਲਾਭ ਕਿਉਂ ਨਹੀਂ ਦਿੱਤਾ ਜਾ ਸਕਦਾ।

# ਕੌਮੀ ਇਨਸਾਫ਼ ਮੋਰਚਾ 15 ਅਗਸਤ ਨੂੰ ‘ਆਜ਼ਾਦੀ ਦਿਹਾੜਾ’ ਕਾਲੇ ਦਿਨ ਵਜੋਂ ਮਨਾਏਗਾ, ਖ਼ੁਫ਼ੀਆ ਏਜੰਸੀਆਂ ਮੁੜ ਅਲਰਟ

ਚੰਡੀਗੜ੍ਹ/ਏ.ਟੀ.ਨਿਊਜ਼: ਬੰਦੀ ਸਿੰਘਾਂ ਦੀ ਰਿਹਾਈ, ਲਾਪਤਾ 328 ਸਰੂਪ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਕੋਟਕਪੂਰਾ ਗੋਲੀਕਾਂਡ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਤੇ ਸਿਆਸੀ ਆਗੂਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੀ ਮੰਗ ਲਈ ਕੌਮੀ ਇਨਸਾਫ਼ ਮੋਰਚਾ ਦਾ ਮੋਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ’ਤੇ ਪੱਕਾ ਮੋਰਚਾ ਜਾਰੀ ਹੈ। ਸਿੱਖ ਆਗੂ ਤੇ ਇਨਸਾਫ਼ਪਸੰਦ ਲੋਕ 7 ਜਨਵਰੀ ਤੋਂ ਲੜੀਵਾਰ ਧਰਨੇ ’ਤੇ ਬੈਠੇ ਹਨ।

ਮੋਹਾਲੀ ਪ੍ਰੈੱਸ ਕਲੱਬ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਬਾਪੂ ਗੁਰਚਰਨ ਸਿੰਘ ਹਵਾਰਾ, ਪਾਲ ਸਿੰਘ ਫਰਾਂਸ, ਐਡਵੋਕੇਟ ਅਮਰ ਸਿੰਘ ਚਾਹਲ, ਦਿਲਸ਼ੇਰ ਸਿੰਘ ਤੇ ਗੁਰਸ਼ਰਨ ਸਿੰਘ ਧਾਲੀਵਾਲ ਨੇ ਸਰਕਾਰਾਂ ਦੀ ਅਣਦੇਖੀ ਦੀ ਨਿੰਦਾ ਕਰਦੇ ਹੋਏ



ਐਲਾਨ ਕੀਤਾ ਕਿ 15 ਅਗਸਤ ਨੂੰ ਆਜ਼ਾਦੀ ਦਿਹਾੜਾ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ। ਇਸ ਸਬੰਧੀ ਕੌਮੀ ਇਨਸਾਫ਼ ਮੋਰਚੇ ਵੱਲੋਂ ਸ਼ਹਿਰਾਂ ਤੇ ਪਿੰਡਾਂ ਵਿੱਚ ਪੰਜਾਬ ਵਾਸੀਆਂ, ਕਿਸਾਨ-ਮਜ਼ਦੂਰ ਜਥੇਬੰਦੀਆਂ, ਸਮਾਜ ਸੇਵੀ ਤੇ ਇਨਸਾਫ਼ਪਸੰਦ ਲੋਕਾਂ ਦੀ ਲਾਮਬੰਦੀ ਕੀਤੀ ਜਾ ਰਹੀ ਹੈ।

ਆਜ਼ਾਦੀ ਦਿਹਾੜੇ ’ਤੇ ਪੱਕੇ ਮੋਰਚੇ ਵਾਲੀ ਥਾਂ ਤੋਂ ਕਾਲੇ ਤੇ ਕੇਸਰੀ ਝੰਡੇ ਲੈ ਕੇ ਰੋਸ ਮਾਰਚ ਕੀਤਾ ਜਾਵੇਗਾ। ਸਿੱਖਾਂ ਦੇ ਇਸ ਐਲਾਨ ਤੋਂ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਵੀ ਅਲਰਟ ਹੋ ਗਈਆਂ ਹਨ ਤੇ ਪੱਕੇ ਮੋਰਚੇ ਦੀਆਂ ਗਤੀਵਿਧੀਆਂ ’ਤੇ ਸੂਬਾ ਤੇ ਕੇਂਦਰ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਵੱਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਇਸ ਮੌਕੇ ਬਾਪੂ ਗੁਰਚਰਨ ਸਿੰਘ ਨੇ ਜਗਤਾਰ ਸਿੰਘ ਹਵਾਰਾ ਵੱਲੋਂ ਜੇਲ੍ਹ ਵਿਚੋਂ ਭੇਜੀ ਚਿੱਠੀ ਪੜ੍ਹ ਕੇ ਸੁਣਾਈ।

ਉਨ੍ਹਾਂ ਇਸ ਚਿੱਠੀ ਰਾਹੀਂ ਕੌਮ ਨੂੰ ਸੁਨੇਹਾ ਦਿੱਤਾ ਕਿ ਰੋਸ ਮਾਰਚ ਵਿੱਚ ਸਮੂਹ ਪੰਜਾਬ ਵਾਸੀਆਂ, ਕਿਸਾਨ ਆਗੂਆਂ, ਪੰਥਕ ਜਥੇਬੰਦੀਆਂ, ਸਿਆਸੀ ਪਾਰਟੀਆਂ, ਸਮਾਜ ਸੇਵੀ, ਪੰਥਕ ਹਮਦਰਦੀਆਂ ਅਤੇ ਇਨਸਾਫ਼ ਪਸੰਦ ਲੋਕਾਂ ਨੂੰ ਸ਼ਮੂਲੀਅਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਵੰਡ ਅਤੇ ਚੰਡੀਗੜ੍ਹ ਵਸਾਉਣ ਲਈ ਪਹਿਲਾਂ ਉਪਜਾਊ ਜ਼ਮੀਨਾਂ ਖੋਹ ਕੇ ਬੰਜਰ ਜ਼ਮੀਨਾਂ ਦਿੱਤੀਆਂ ਗਈਆਂ। ਨਨਕਾਣਾ ਸਾਹਿਬ ਅਤੇ ਲਾਹੌਰ ਵੀ ਖੁੱਸ ਗਿਆ, ਜਿਸ ਕਾਰਨ ਆਜ਼ਾਦੀ ਦੇ 75 ਸਾਲ ਬੀਤਣ ਦੇ ਬਾਵਜੂਦ ਵੰਡ ਦੇ ਜ਼ਖ਼ਮ ਅੱਜ ਹਰੇ ਹਨ।

ਆਗੂਆਂ ਨੇ ਕਿਹਾ ਕਿ ਦੇਸ਼ ਵਿੱਚ ਸਿੱਖਾਂ ਲਈ ਕਾਨੂੰਨ ਵੀ ਵੱਖਰੇ ਹਨ। ਆਪਣੇ ਹਿੱਸੇ ਆਏ ਜੁਰਮ ਦੀ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀਆਂ ਨੂੰ ਹਾਲੇ ਵੀ ਜੇਲ੍ਹਾਂ ਵਿੱਚ ਨਜ਼ਰਬੰਦ ਕਰਕੇ ਰੱਖਿਆ ਹੋਇਆ ਹੈ। ਬੇਅਦਬੀ ਅਤੇ ਬਹਿਬਲ ਕਲਾਂ ਤੇ ਫਰੀਦਕੋਟ ਗੋਲੀਕਾਂਡ ਦੇ ਦੋਸ਼ੀਆਂ ਨੂੰ ਅਜੇ ਤਾਈਂ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ। ਜਿਸ ਕਾਰਨ ਸੰਗਤ ਵਿੱਚ ਭਾਰੀ ਰੋਸ ਹੈ।

**ਹਾਈਕੋਰਟ ਨੇ ਦਿੱਤੇ ਸਨ ਮੋਰਚਾ ਹਟਾਉਣ ਦੇ ਹੁਕਮ**

ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੰਥਕ ਧਿਰਾਂ ਵੱਲੋਂ ਮੋਹਾਲੀ-ਚੰਡੀਗੜ੍ਹ ਹੱਦ ’ਤੇ ਲਗਾਇਆ ਕੌਮੀ ਇਨਸਾਫ਼ ਮੋਰਚਾ ਖ਼ਤਮ ਕਰਵਾਉਣਾ ਸੂਬਾ ਸਰਕਾਰ ਲਈ ਗਲ਼ੇ ਦੀ ਹੱਡੀ ਬਣਿਆ ਹੋਇਆ ਹੈ। ਬੀਤੇ ਦਿਨੀਂ ਹਾਈਕੋਰਟ ਨੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੀ ਝਾੜ ਝੰਬ ਕਰਦਿਆਂ ਆਖ਼ਰੀ ਮੌਕਾ ਦਿੰਦੇ ਹੋਏ 17 ਅਗਸਤ ਤੋਂ ਪਹਿਲਾਂ-ਪਹਿਲਾਂ ਮੋਰਚਾ ਖ਼ਤਮ ਕਰਵਾਉਣ ਦੇ ਹੁਕਮ ਦਿੱਤੇ ਹਨ। ਹਾਈਕੋਰਟ ਨੇ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦੀ ਝਾੜ ਝੰਬ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਚਾਹੇ ਤਾਂ ਵੱਡੇ-ਵੱਡੇ ਪ੍ਰਦਰਸ਼ਨ ਰਾਤੋ-ਰਾਤ ਖ਼ਤਮ ਕਰਵਾਏ ਜਾ ਸਕਦੇ ਹਨ ਪਰ ਇੱਛਾ

(ਬਾਕੀ ਸਫ਼ਾ 29 ’ਤੇ)

## ਟਮਾਟਰ ਦੀ ਮਾਲਾ ਪਾ ਕੇ ਰਾਜ ਸਭਾ ’ਚ ਬੈਠੇ ‘ਆਪ’ ਸਾਂਸਦ

ਨਵੀਂ ਦਿੱਲੀ/ਏ.ਟੀ.ਨਿਊਜ਼: ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੁਸ਼ੀਲ ਗੁਪਤਾ ਰਾਜ ਸਭਾ ਵਿੱਚ ਟਮਾਟਰਾਂ ਦਾ ਮਾਲਾ ਪਾ ਕੇ ਪੁੱਜੇ। ਇਸ ਨੂੰ ਲੈ ਕੇ ਕਾਫੀ ਹੰਗਾਮਾ ਹੋਇਆ। ਸਵੇਰੇ ਜਦੋਂ ਉਪਰਲੇ ਸਦਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਜੇਡੀਯੂ ਦੇ ਸੰਸਦ ਮੈਂਬਰ ਅਨਿਲ ਪ੍ਰਸਾਦ ਹੇਗੜੇ ਨੇ ਬੋਲਣਾ ਸ਼ੁਰੂ ਕਰ ਦਿੱਤਾ। ਕਈ ਸੰਸਦ ਮੈਂਬਰ ਕੈਮਰੇ ’ਤੇ ਨਜ਼ਰ ਆ ਰਹੇ ਸਨ। ਹੇਗੜੇ ਦੇ ਕੋਲ ਮੈਂਬਰ ਵੀ ਬੈਠੇ ਸਨ। ਉਸ ਨੇ ਗੂੜ੍ਹੇ ਚਸ਼ਮੇ ਪਾਏ ਹੋਏ ਸਨ ਅਤੇ ਵਾਰ-ਵਾਰ ਟਮਾਟਰਾਂ ਦੀ ਮਾਲਾ ਚੁੱਕ ਰਿਹਾ ਸੀ। ਆਪ ਸੰਸਦ ਰਾਘਵ ਚੱਢਾ ਵੀ ਮੂਹਰਲੀ ਕਤਾਰ ’ਚ ਬੈਠੇ ਸਨ। ਜਦੋਂ ਹੰਗਾਮਾ ਵਧਿਆ ਤਾਂ ਰਾਜ ਸਭਾ ਦੇ ਚੇਅਰਮੈਨ ਨੇ ਖੜ੍ਹੇ ਹੋ ਕੇ ਸੰਸਦ ਮੈਂਬਰ ਦਾ ਨਾਂ ਲਏ ਬਿਨਾਂ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਕੁਝ ਸਮੇਂ ਬਾਅਦ ਹੰਗਾਮੇ ਕਾਰਨ ਰਾਜ ਸਭਾ ਦੀ ਕਾਰਵਾਈ ਮੁਲਤਵੀ ਕਰ ਦਿੱਤੀ ਗਈ।

ਇਸ ਤੋਂ ਪਹਿਲਾਂ, ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਨੇ ਸੰਸਦ ਕੰਪਲੈਕਸ ਵਿੱਚ ਟਮਾਟਰਾਂ ਦੇ ਮਾਲਾ ਪਹਿਨੇ ਫੋਟੋਗ੍ਰਾਫ਼ਰਾਂ ਨੂੰ ਪੋਜ਼ ਵੀ ਦਿੱਤੇ।

# ‘ਤੀਆਂ ਫਰਿਜ਼ਨੋ ਦੀਆਂ’ ਨੇ ਲਾਈਆਂ ਰੌਣਕਾਂ, ਕਾਰਨੀ ਪਾਰਕ ਸਜਿਆ ਪੰਜਾਬੀ ਰੰਗਾਂ ਵਿੱਚ’

ਫਰਿਜ਼ਨੋ/ਕੁਲਵੰਤ ਧਾਲੀਆਂ / ਨੀਟਾ ਮਾਛੀਕੇ : ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਵਿਚਕਾਰ ਵਸਦਾ ਸ਼ਹਿਰ ਫਰਿਜ਼ਨੋ ਪੰਜਾਬੀਅਤ ਦੀ ਭਰਪੂਰ ਵਸੋਂ ਹੋਣ ਕਰਕੇ ਕਿਸੇ ਜਾਣਕਾਰੀ ਦਾ ਮੁਹਤਾਜ਼ ਨਹੀਂ। ਬੇਸ਼ੱਕ ਪੰਜਾਬ ’ਚੋ ਬਹੁਤ ਸਾਰੇ ਤਿਉਹਾਰ ਅਲੋਪ ਹੋ ਰਹੇ ਹਨ ਪਰ ਇੱਥੇ ਪਿਛਲੇ 27 ਸਾਲਾ ਤੋਂ ਵਧੀਕ ਸਮਾਂ ਪਹਿਲਾਂ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ, ਗੁੱਡੀ ਸਿੱਧੂ ਅਤੇ ਹੋਰ ਸਹੇਲੀਆਂ ਨੇ ਸਮੂੰਹ ਪੰਜਾਬੀ ਔਰਤਾਂ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁਲੇ ‘ਕਾਰਨੀ ਪਾਰਕ’ ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸ਼ੱਕ ਇੱਥੇ ਪਿੱਪਲਾਂ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ, ਪਰ ਹੋਰ ਬਹੁਤ ਸੋਹਣੇ ਸੰਘਣੇ ਦਰੱਖਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ। ਜਿੰਨ੍ਹਾਂ ਵਿੱਚ ਮਰਦਾਂ ਨੂੰ ਆਉਣ ਦੀ ਹਮੇਸ਼ਾ ਹੀ ਮਨਾਹੀ ਹੁੰਦੀ ਹੈ।



ਅੱਜ ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੂਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ਼ ’ਤੇ ਸਿਰਫ ਨੁਮਾਇਸ਼ਨੁਮਾ ਹੀ ਰਹਿ ਗਏ ਹਨ। ਜਿੰਨ੍ਹਾਂ ਨੂੰ ਆਮ ਤੌਰ ’ਤੇ ਕਮਰਸੀਅਲ ਢੰਗ ਨਾਲ ਮਨਾਇਆ ਜਾਦਾ ਹੈ। ਜਿਸ ਵਿੱਚ ਰਿਵਾਇਤਾਂ ਨੂੰ ਛੱਡ, ਮੁਨਾਫੇ, ਦਿਖਾਵੇ ਅਤੇ ਪਹਿਰਾਵੇ ਉੱਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ, ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਦੀਆਂ ਕਾਰਨੀ ਪਾਰਕ ਵਾਲੀਆਂ ਤੀਆਂ ਉਸੇ ਤਰ੍ਹਾਂ ਖੁਲੀਆਂ ਗਰਾਉਂਡ ਵਿੱਚ ਪਰੰਪਰਾਗਤ ਤਰੀਕੇ ਲੱਗਦੀਆਂ ਹਨ। ਜਿੱਥੇ ਵੱਖ-ਵੱਖ ਸ਼ਹਿਰਾ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾਂ ਵਿੱਚ ਗੀਤ ਗਾ, ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜਨ ਕਰਦੀਆਂ ਹੋਈਆ ਆਪਣੀਆਂ ਸਹੇਲੀਆਂ ਨੂੰ ਵੀ ਮਿਲਦੀਆ ਹਨ। ਇਨ੍ਹਾਂ ਤੀਆਂ ਦੌਰਾਨ ਪਾਰਕ ਵਿੱਚ ਪੰਜਾਬੀ ਸੱਭਿਆਚਾਰ ਦੇ ਅਨੁਸਾਰ ਵੱਖ-ਵੱਖ ਗਰੁੱਪਾਂ ਵਿੱਚ ਪੈ ਰਹੇ ਗਿੱਧੇ ਅਤੇ ਬੋਲੀਆਂ ਪੰਜਾਬ ਦੇ ਅਮੀਰ ਵਿਰਸੇ ਨੂੰ ਸਿਰਜ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀਆਂ ਸਨ।

ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾਂ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਲਹਿੰਗੇ, ਘੱਗਰੇ ਅਤੇ ਗਹਿਣੇ ਇਸ ਤੀਆਂ ਦੀ ਰੌਣਕ ਨੂੰ ਪੰਜਾਬੀਅਤ ਦੇ ਮਹੌਲ ਵਿੱਚ ਹੋਰ ਵੀ ਰੰਗੀਨ ਬਣਾ ਰਹੇ ਸਨ। ਤੀਆਂ ਦੌਰਾਨ ਰੋਜਾਨਾਂ ਪ੍ਰਬੰਧਕਾਂ ਵੱਲੋਂ ਸਮਾਪਤੀ ’ਤੇ ਖੁੱਲੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇੰਨ੍ਹਾਂ ਤੀਆਂ ਦਾ ਮਾਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਗੁੱਡੀ ਰਾਣੂ, ਰਾਜਪਾਲ ਕੌਰ ਬਰਾੜ, ਰਾਜਿੰਦਰ ਕੌਰ ਢਿੱਲੋ, ਪਰਮਜੀਤ ਕੌਰ ਅਤੇ ਸਮੂੰਹ ਸਹਿਯੋਗੀਆਂ ਨੂੰ ਜਾਂਦਾ ਹੈ। ਜਿੰਨਾਂ ਨੇ ਪੰਜਾਬੀ ਸੱਭਿਆਚਾਰ ਦੀ ਰਵਾਇਤ ਨੂੰ ਕਾਇਮ ਰੱਖਦੇ ਹੋਏ ਸਮੂਹ ਔਰਤਾਂ ਸਹਿਯੋਗ ਨਾਲ ਇਸ ਤੀਆਂ ਇਕੱਠ ਨੂੰ ਯਾਦਗਾਰੀ ਬਣਾਇਆ।

# ਅੰਤਰਰਾਸ਼ਟਰੀ ਖ਼ਬਰਨਾਮਾ

## ਆਸਟ੍ਰੇਲੀਆ ’ਚ ਅਦਾਲਤ ਵੱਲੋਂ ਸਿੱਖ ਵਿਦਿਆਰਥੀਆਂ ਦੇ ਸਕੂਲ ’ਚ ਕਿਰਪਾਨ ਪਹਿਨਣ ’ਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਰੱਦ

ਮੈਲਬੌਰਨ/ਏ.ਟੀ.ਨਿਊਜ਼: ਆਸਟ੍ਰੇਲੀਆ ਦੇ ਕੁਈਨਜ਼ਲੈਂਡ ਸੂਬੇ ਦੀ ਸਰਵਉੱਚ ਅਦਾਲਤ ਨੇ ਸਿੱਖ ਵਿਦਿਆਰਥੀਆਂ ਦੇ ਸਕੂਲ ਕੈਂਪਸ ਵਿੱਚ ਸੈਬਰ ਪਹਿਨਣ ’ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਹੈ। ਅਦਾਲਤ ਨੇ ਇਸ ਕਾਨੂੰਨ ਨੂੰ ਪਲਟ ਦਿੱਤਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਕੁਈਨਜ਼ਲੈਂਡ ਦੀ ਚੀਫ ਕੋਰਟ ਨੇ ਕਮਲਜੀਤ ਕੌਰ ਅਠਵਾਲ ਦੀ ਪਟੀਸ਼ਨ ’ਤੇ ਇਹ ਫੈਸਲਾ ਦਿੱਤਾ ਹੈ। ਜਿਸ ਵਿੱਚ ਉਸਨੇ ਪਿਛਲੇ ਸਾਲ ਰਾਜ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਹ ਪਾਬੰਦੀ ਕਿਰਪਾਨ ਨਾਲ ਵਿਤਕਰਾ ਕਰਦੀ ਹੈ, ਜੋ ਸਿੱਖਾਂ ਦੇ ਪੰਜ ਧਾਰਮਿਕ ਚਿੰਨ੍ਹਾਂ ਵਿੱਚੋਂ ਇੱਕ ਹੈ। ਸਿੱਖਾਂ ਨੂੰ ਆਪਣੀ ਆਸਥਾ ਅਨੁਸਾਰ ਇਸ ਨੂੰ ਹਰ ਸਮੇਂ



ਆਪਣੇ ਨਾਲ ਰੱਖਣਾ ਚਾਹੀਦਾ ਹੈ।

ਸਾਬਰ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ। ਇਹ ਪੰਜ ਧਾਰਮਿਕ ਚਿੰਨ੍ਹਾਂ ਵਿੱਚੋਂ ਇੱਕ ਹੈ ਜੋ ਉਹ ਆਪਣੇ ਵਿਸ਼ਵਾਸ ਦੇ ਹਿੱਸੇ ਵਜੋਂ ਹਰ ਸਮੇਂ ਆਪਣੇ ਨਾਲ ਰੱਖਦੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਕੁਈਨਜ਼ਲੈਂਡ ਦੀ ਸੁਪਰੀਮ ਕੋਰਟ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਨਸਲੀ ਵਿਤਕਰਾ ਕਾਨੂੰਨ (ਆਰਡੀਏ) ਤਹਿਤ ਸਕੂਲਾਂ ਵਿੱਚ ਸਿੱਖ ਵਿਦਿਆਰਥੀਆਂ ਦੇ ਕਿਰਪਾਨ ਲੈ ਕੇ ਜਾਣ ’ਤੇ ਪਾਬੰਦੀ ਗੈਰ-ਸੰਵਿਧਾਨਕ ਹੈ। ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਸੀ ਕਿ ਕਾਨੂੰਨ ਪੱਖਪਾਤ ਕਰਦਾ ਹੈ। ਪਰ ਹੁਣ ਕੁਈਨਜ਼ਲੈਂਡ ਸੁਪਰੀਮ ਕੋਰਟ ਦੇ ਫੈਸਲੇ ਨਾਲ ਸਿੱਖਾਂ ਦੀ ਜਿੱਤ ਹੋਈ ਹੈ। ਸਿੱਖ ਵਿਦਿਆਰਥੀ ਕਿਰਪਾਨ ਲੈ ਕੇ ਸਕੂਲ ਜਾ ਸਕਣਗੇ। ਪ੍ਰਾਈਵੇਟ ਲਾਅ ਫਰਮ ਪੋਟਸ ਲਾਇਰਜ਼ ਕੁਈਨਜ਼ਲੈਂਡ ਦੇ ਵਕੀਲ ਨੇ ਕਿਹਾ ਕਿ ਕਾਨੂੰਨ ਦਾ ਮਤਲਬ ਹੈ ਕਿ ਸਿੱਖ ਵਿਦਿਆਰਥੀ ਸਕੂਲ ਨਹੀਂ ਜਾ ਸਕਦੇ ਅਤੇ ਆਪਣੇ ਧਾਰਮਿਕ ਵਿਸ਼ਵਾਸਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਅਭਿਆਸ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਕਾਨੂੰਨ ਨੂੰ ਗੈਰ-ਸੰਵਿਧਾਨਕ ਕਰਾਰ ਦੇਣ ਨਾਲ ਸਿੱਖ ਵਿਦਿਆਰਥੀਆਂ ਨੂੰ ਆਪਣੇ ਧਰਮ ਦਾ ਅਭਿਆਸ ਕਰਨ ਦੀ ਆਜ਼ਾਦੀ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਬਹੁਤ ਵੱਡਾ ਕਦਮ ਹੈ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਸਿੱਖ ਵਿਦਿਆਰਥੀਆਂ ਨੂੰ ਬਾਕੀ (ਬਾਕੀ ਸਫ਼ਾ 30 ’ਤੇ)

## ਨਿਊਯਾਰਕ ਸਿਟੀ ’ਚ ਪਲਾਸਟਿਕ ’ਤੇ ਪਾਬੰਦੀ



ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਦੇ ਸਭ ਤੋਂ ਵੱਧ ਆਬਾਦੀ ਵਾਲੇ ਸ਼ਹਿਰ ਨਿਊਯਾਰਕ ਨੇ ਟੇਕਆਊਟ ਆਰਡਰਾਂ ਵਿੱਚ ਸਿੰਗਲ-ਯੂਜ਼ ਪਲਾਸਟਿਕ ’ਤੇ ਪਾਬੰਦੀ ਲਗਾ ਦਿੱਤੀ ਹੈ। ਲਾਗੂ ਹੋਏ ਨਵੇਂ ਨਿਯਮਾਂ ਦੇ ਤਹਿਤ, ਸ਼ਹਿਰ ਵਿੱਚ ਰੈਸਟੋਰੈਂਟਾਂ ਅਤੇ ਡਿਲੀਵਰੀ ਸੇਵਾਵਾਂ ਨੂੰ ਪਲਾਸਟਿਕ ਦੇ ਬਰਤਨ, ਮਸਾਲੇ ਦੇ ਪੈਕੇਟ, ਨੈਪਕਿਨ ਜਾਂ ਵਾਧੂ ਡੱਬੇ ਟੇਕਆਊਟ ਅਤੇ ਡਿਲੀਵਰੀ ਆਰਡਰ ਵਿੱਚ ਦੇਣ ਦੀ ਇਜਾਜ਼ਤ ਨਹੀਂ ਹੈ, ਜਦੋਂ ਤੱਕ ਕਿ ਗਾਹਕ ਉਨ੍ਹਾਂ ਦੀ ਮੰਗ ਨਹੀਂ ਕਰਦੇ।

ਰਿਪੋਰਟ ਮੁਤਾਬਕ ਰੈਸਟੋਰੈਂਟ ਹੁਣ ਆਪਣੇ ਆਪ ਨੂੰ ਪਲਾਸਟਿਕ ਦੇ ਡੱਬੇ, ਚਾਕੂ ਅਤੇ ਕਾਂਟੇ, ਮੇਓ ਦੇ ਪੈਕੇਟ, ਡਰੈਸਿੰਗਜ਼ ਅਤੇ ਨਾਲ ਹੀ ਕੈਚੱਪ ਵੀ ਗਾਹਕ ਦੀ ਮੰਗ ਤੋਂ ਬਿਨਾਂ ਨਹੀਂ ਦੇਣਗੇ।ਇਸ ਸਾਲ ਦੇ ਸ਼ੁਰੂ ਵਿੱਚ ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਪਲਾਸਟਿਕ ਦੀ ਰਹਿੰਦ-ਖੂੰਹਦ ਨੂੰ ਘਟਾਉਣ ਦੇ ਉਦੇਸ਼ ਨਾਲ ਸਕੀਪ ਦ ਸਟਫ ਕਾਨੂੰਨ ’ਤੇ ਹਸਤਾਖਰ ਕੀਤੇ ਸਨ।

ਨਿਯਮਾਂ ਦੀ ਚਿਤਾਵਨੀ ਦੀ ਮਿਆਦ ਅਗਲੇ ਸਾਲ 30 ਜੂਨ ਨੂੰ ਖਤਮ ਹੋ ਜਾਵੇਗੀ। ਫਿਰ ਉਲੰਘਣਾ ਲਈ ਜੁਰਮਾਨਾ ਜਾਰੀ ਕੀਤਾ ਜਾਵੇਗਾ। ਪਾਬੰਦੀਆਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ।

## ਬਰਤਾਨੀਆ ਵਿੱਚ ‘ਏਰਿਸ’ ਨੇ ਮਚਾਈ ਤਬਾਹੀ



ਨਵੀਂ ਦਿੱਲੀ: ਕੋਵਿਡ 19 ਦੇ ਨਵੇਂ ਤਣਾਅ ਨੇ ਬ੍ਰਿਟੇਨ ਵਿੱਚ ਖਲਬਲੀ ਮਚਾ ਦਿੱਤੀ ਹੈ। ਕੋਰੋਨਾ ਦੇ ਇਸ ਨਵੇਂ ਵੇਰੀਐਂਟ ਦਾ ਨਾਂ EG.E.A ਹੈ, ਜੋ ਕਿ ਓਮਾਈਕਰੋਨ ਤੋਂ ਹੀ ਪੈਦਾ ਹੋਇਆ ਹੈ। ਚਿੰਤਾ ਦੀ ਗੱਲ ਇਹ ਹੈ ਕਿ ਨਵਾਂ ਰੂਪ ਲੋਕਾਂ ਵਿੱਚ ਤੇਜ਼ੀ ਨਾਲ ਫੈਲ ਰਿਹਾ ਹੈ। ਧਿਆਨ ਰਹੇ ਕਿ ਪਿਛਲੇ ਮਹੀਨੇ ਬ੍ਰਿਟੇਨ ’ਚ ਇਸ ਦਾ ਪਤਾ ਲੱਗਾ ਸੀ। ਨਵੇਂ ਰੂਪ ਦੇ ਕਾਰਨ, ਬ੍ਰਿਟੇਨ ਵਿੱਚ ਕੋਵਿਡ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਹੈ।

ਬ੍ਰਿਟੇਨ ਦੀ ਸਿਹਤ ਏਜੰਸੀ ਦੇ ਅਨੁਸਾਰ, 57.5.1 ਨੂੰ ਉਪਨਾਮ ਦਿੱਤਾ ਗਿਆ ਹੈ। ਇਹ ਸੱਤ ਕੋਰੋਨਾ ਦੇ ਨਵੇਂ ਮਾਮਲਿਆਂ ਵਿੱਚੋਂ ਇੱਕ ਹੋ ਸਕਦਾ ਹੈ। ਸਿਹਤ ਏਜੰਸੀ ਦੇ ਅਨੁਸਾਰ, ਏਰਿਸ ਨੂੰ ਪਹਿਲੀ ਵਾਰ 3 ਜੁਲਾਈ ਨੂੰ ਕੋਵਿਡ ਦੇ ਨਵੇਂ ਰੂਪ ਵਜੋਂ ਅੰਤਰਰਾਸ਼ਟਰੀ ਪੱਧਰ ’ਤੇ ਮਾਨਤਾ ਦਿੱਤੀ ਗਈ ਸੀ। ਉਦੋਂ ਤੋਂ ਹੀ ਗਲੋਬਲ ਹੈਲਥ ਏਜੰਸੀ ਨੇ ਨਵੇਂ ਸਟ੍ਰੇਨ ਦੀ ਦੇਖਭਾਲ ਕਰਨੀ ਸ਼ੁਰੂ ਕਰ ਦਿੱਤੀ ਸੀ।ਫਿਲਹਾਲ, ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਇਹ ਵੇਰੀਐਂਟ ਜ਼ਿਆਦਾ ਖਤਰਨਾਕ ਹੈ। ਸਿਹਤ ਏਜੰਸੀ ਦੇ ਟੇਡਰੋਸ ਗੋਬਰੀਸਿਸ ਨੇ ਕੋਰੋਨਾ ਦੇ ਨਵੇਂ ਤਣਾਅ ਨੂੰ ਲੈ ਕੇ ਦੁਨੀਆਂ ਭਰ ਦੇ ਦੇਸ਼ਾਂ ਨੂੰ ਚਿਤਾਵਨੀ ਜਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਦੇਸ਼ਾਂ ਨੂੰ ਸਾਵਧਾਨੀ ਵਰਤਣ ਦੀ ਗਲਤੀ ਨਹੀਂ ਕਰਨੀ ਚਾਹੀਦੀ। ਬ੍ਰਿਟੇਨ ਦੀ ਸਿਹਤ ਏਜੰਸੀ ਦੇ ਅੰਕੜਿਆਂ ਮੁਤਾਬਕ ਕੋਵਿਡ 19 ਦੇ ਨਵੇਂ ਮਾਮਲੇ ’ਚ ਏਰਿਸ ਨਾਲ ਸੰਕਰਮਿਤ ਮਰੀਜ਼ਾਂ ਦੀ ਗਿਣਤੀ 14.6 ਫੀਸਦੀ ਹੈ।

## ਅੱਗ ਕਾਰਨ ਹਜ਼ਾਰਾਂ ਏਕੜ ਜੰਗਲ ਸੜ ਕੇ ਹੋਏ ਸਵਾਹ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਕੈਲੀਫੋਰਨੀਆ ਤੇ ਨੇਵਾਡਾ ਰਾਜਾਂ ਵਿੱਚ ਜੰਗਲ ਨੂੰ ਲੱਗੀ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ ਜਿਸ ਕਾਰਨ ਅੱਗ ਬੁਝਾਊ ਅਮਲੇ ਨੂੰ ਅਸਧਾਰਨ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਧਿਕਾਰੀਆਂ ਨੇ ਅੱਗ ਨੂੰ ਯਾਰਕ ਫਾਇਰ ਦਾ ਨਾਂ ਦਿੱਤਾ ਹੈ ਜੋ ਕੈਲੀਫੋਰਨੀਆ ਦੀ ਇਸ ਸਾਲ ਦੀ ਸਭ ਤੋਂ ਵੱਡੀ ਤੇ ਭਿਆਨਕ ਅੱਗ ਸੀ। ਅੱਗ ਹੁਣ ਤਕ 80000 ਏਕੜ ਤੋਂ ਵਧ ਰਕਬਾ ਸਾੜ ਕੇ ਸਵਾਹ ਕਰ ਚੁੱਕੀ ਹੈ। ਅੱਗ ਪਿਛਲੇ ਹਫਤੇ ਦੇ ਅੰਤ ਵਿੱਚ ਨਿਊ ਯਾਰਕ ਮਾਊਂਟੇਨ ਰੇਂਜ ਕੈਲੀਫੋਰਨੀਆ ਦੇ ਮੋਜੇਵ ਨੈਸ਼ਨਲ ਪ੍ਰੀਜ਼ਰਵ ਤੋਂ ਸ਼ੁਰੂ ਹੋਈ ਸੀ ਤੇ ਨੇਵਾਡਾ ਵਿਚ ਦਾਖਲ ਹੋ ਗਈ ਸੀ। ਸੋਮਵਾਰ ਤੇ ਮੰਗਲਵਾਰ ਤੱਕ ਅੱਗ ਬੁਝਾਊ ਕਾਮੇ 23% ਤੱਕ ਅੱਗ ਉਪਰ ਨਿਯੰਤਰਣ ਕਰਨ ਵਿੱਚ ਸਫਲ ਹੋਏ ਹਨ। ਅਧਿਕਾਰੀਆਂ ਨੇ ਕਿਹਾ ਹੈ ਕਿ ਕੈਲੀਫੋਰਨੀਆ-ਨੇਵਾਡਾ ਅੱਗ ਅਜੇ ਵੀ ਤੇਜੀ ਨਾਲ ਫੈਲ ਰਹੀ ਹੈ ਤੇ ਅਸਧਾਰਨ ਹਾਲਾਤ ਪੈਦਾ ਕਰ ਰਹੀ ਹੈ ਜਿਸ ਕਾਰਨ ਇਸ ਉਪਰ ਕਾਬੂ ਪਾਉਣਾ ਵਧੇਰੇ ਖਤਰਨਾਕ ਤੇ ਮੁਸ਼ਕਿਲ ਹੋ ਗਿਆ ਹੈ।

## 11 ਹੱਤਿਆਵਾਂ ਕਰਨ ਵਾਲੇ ਹਮਲਾਵਰ ਨੂੰ ਮੌਤ ਦੀ ਸਜ਼ਾ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਬੰਦੂਕਧਾਰੀ ਰਾਬਰਟ ਬੌਵਰਜ ਜਿਸ ਨੇ 27 ਅਕਤੂਬਰ 2018 ਨੂੰ ਅਮਰੀਕਾ ਦੇ ਮਸ਼ਹੂਰ ਸ਼ਹਿਰ ਪਿਟਸਬਰਗ ਵਿੱਚ ਯਹੂਦੀਆਂ ਦੇ ਇੱਕ ਪੂਜਾ ਸਥਾਨ ’ਤੇ ਹਮਲਾ ਕਰਕੇ 11 ਸ਼ਰਧਾਲੂਆਂ ਦੀ ਹੱਤਿਆ ਕਰ ਦਿੱਤੀ ਸੀ ਤੇ 6 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ ਸੀ, ਨੂੰ ਇਕ ਸੰਘੀ ਜਿਊਰੀ ਨੇ ਮੌਤ ਦੀ ਸਜ਼ਾ ਸੁਣਾਈ ਹੈ। ਅਮਰੀਕਾ ਦੇ ਇਤਿਹਾਸ ਵਿੱਚ ਯਹੂਦੀਆਂ ਉਪਰ ਹੋਏ ਇਸ ਸਭ ਤੋਂ ਭਿਆਨਕ ਖੂਨੀ ਹਮਲੇ ਦੇ ਦੋਸ਼ੀ ਨੂੰ ਸਮੁੱਚੀ ਜਿਊਰੀ ਨੇ ਸਰਬਸੰਮਤੀ ਨਾਲ ਮੌਤ ਦੀ ਸਜ਼ਾ ਸੁਣਾਈ ਜੇਕਰ ਇੱਕ ਵੀ ਜੱਜ ਇਸ ਦਾ ਵਿਰੋਧ ਕਰ ਦਿੰਦਾ ਤਾਂ ਰਾਬਰਟ ਬੌਵਰਜ ਮੌਤ ਦੀ ਸਜ਼ਾ ਤੋਂ ਬਚ ਜਾਂਦਾ ।ਫਿਰ ਉਸ ਨੂੰ ਬਿਨਾਂ ਪੈਰੋਲ ਦੇ ਉਮਰ ਭਰ ਲਈ ਜੇਲ੍ਹ ਦੀ ਸਜ਼ਾ ਸੁਣਾਈ ਜਾਣੀ ਸੀ।

ਬਾਈਡਨ ਪ੍ਰਸ਼ਾਸਨ ਜਿਸ ਨੇ ਮੌਤ ਦੀ ਸਜ਼ਾ ਦੇ ਅਮਲ ਉਪਰ ਰੋਕ ਲਾ ਦਿੱਤੀ ਸੀ, ਤਹਿਤ ਕਿਸੇ ਸੰਘੀ ਜਿਊਰੀ ਵੱਲੋਂ ਸੁਣਾਈ ਇਹ ਪਹਿਲੀ ਮੌਤ ਦੀ ਸਜ਼ਾ ਹੈ। ਪਿਛਲੇ ਦੋ ਦਿਨਾਂ ਦੌਰਾਨ ਜਿਊਰੀ ਦੇ ਮੈਂਬਰਾਂ ਨੇ 10 ਘੰਟੇ ਤੋਂ ਸਮਾਂ ਵਧ ਬਹਿਸ ਕੀਤੀ। ਬੌਵਰਜ (50) ਨੂੰ ਇਸ ਸਾਲ 16 ਜੂਨ ਨੂੰ ਨਸਲੀ ਅਪਰਾਧ ਸਮੇਤ ਕੁਲ 63 ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ 22 ਦੋਸ਼ਾਂ ਲਈ ਮੌਤ ਦੀ ਸਜ਼ਾ ਦੀ ਵਿਵਸਥਾ ਹੈ। ਇਸ



ਤੋਂ ਬਾਅਦ 13 ਜੁਲਾਈ ਨੂੰ ਵੀ ਜਿਊਰੀ ਨੇ ਪਾਇਆ ਕਿ ਬੌਵਰਜ ਮੌਤ ਦੀ ਸਜ਼ਾ ਦਾ ਹੱਕਦਾਰ ਹੈ। ਇਸ ਉਪਰੰਤ ਮੁਕੱਦਮਾ ਆਖਰੀ ਅੰਤਿਮ ਸਜ਼ਾ ਦੇ ਪੱਧਰ ’ਤੇ ਪੁੱਜ ਗਿਆ ਸੀ। ਔਡਰੇ ਗਲਿਕਮੈਨ ਜੋ ਗੋਲੀਬਾਰੀ ਸਮੇਂ ਟਰੀ ਆਫ਼ ਲਾਈਫ਼ ਚੈਪਲ ਵਿਖੇ ਸਭਾ ਦੀ ਅਗਵਾਈ ਕਰ ਰਿਹਾ ਸੀ, ਨੇ ਜਿਊਰੀ ਦੇ ਫੈਸਲੇ ਉਪਰ ਟਿੱਪਣੀ ਕਰਦਿਆਂ ਕਿਹਾ ਕਿ ਜੋ ਕੁਝ ਵੀ ਬੰਦੂਕਧਾਰੀ ਨੇ ਕੀਤਾ ਉਹ ਪਾਪ ਸੀ।

## ਅਧਿਆਪਕ ਨੂੰ ਵਿਦਿਆਰਥੀਆਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਵਿੱਚ 600 ਸਾਲ ਦੀ ਸਜ਼ਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਵਿਸ਼ਵ ਸਮਾਜ ਵਿੱਚ ਅਧਿਆਪਕ ਦਾ ਇੱਕ ਵੱਖਰਾ ਅਤੇ ਨਿਵੇਕਲਾ ਸਥਾਨ ਹੈ ਪਰ ਕੁਝ ਅਧਿਆਪਕ ਆਪਣੀਆਂ ਹਰਕਤਾਂ ਕਰਕੇ ਇਸ ਸਤਿਕਾਰਯੋਗ ਅਹੁਦੇ ਨੂੰ ਢਾਹ ਲਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੇ। ਅਮਰੀਕਾ ਦੇ ਵਿਸਕਾਨਸਿਨ ਸੂਬੇ ਵਿੱਚ ਇੱਕ ਬਜ਼ੁਰਗ ਮਹਿਲਾ ਅਧਿਆਪਕ ਨੇ ਆਪਣੀ ਹੀ ਵਿਦਿਆਰਥਣ ਦਾ ਜਿਨਸੀ ਸ਼ੋਸ਼ਣ ਕੀਤਾ। ਮਹਿਲਾ ਨੇ 14 ਸਾਲਾ ਵਿਦਿਆਰਥੀ ਨੂੰ ਸਕੂਲ ਦੇ ਬੇਸਮੈਂਟ ’ਚ ਲਿਜਾ ਕੇ ਇਕ ਵਾਰ ਨਹੀਂ ਸਗੋਂ ਕਈ ਵਾਰ ਤਸ਼ੱਦਦ ਕੀਤਾ। ਅਦਾਲਤ ਨੇ 74 ਸਾਲਾ ਔਰਤ ਨੂੰ 600 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।



ਐਨੀ ਐਨ ਨੇਲਸਨ ਕੋਚ ਨੂੰ 14 ਸਾਲ ਦੀ ਉਮਰ ਦੇ ਵਿਦਿਆਰਥੀ ਦਾ 25 ਵਾਰ ਜਿਨਸੀ ਸ਼ੋਸ਼ਣ ਕਰਨ ਲਈ ਸਜ਼ਾ ਸੁਣਾਈ ਗਈ ਹੈ। ਉਹ ਟੋਮਾਹ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦੀ ਸੀ ਅਤੇ 2016 ਅਤੇ (ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕੈਨੇਡਾ ਦੇ ਸਿੱਖਾਂ ਵੱਲੋਂ ਮਨੀਪੁਰ ਦੀ ਵਹਿਸ਼ੀਆਨਾ ਘਟਨਾ ਦੇ ਪੀੜਤਾਂ ਦੇ ਹੱਕ ਵਿੱਚ ਆਵਾਜ਼ ਬੁਲੰਦ

## ਕੂਕੀ ਇਸਾਈ ਮਨੀਪੁਰ ਮੂਲ ਨਿਵਾਸੀ ਭਾਈਚਾਰੇ ਵੱਲੋਂ ਭਾਰਤੀ ਕੌਂਸਲ ਖਾਨੇ ਵੈਨਕੂਵਰ ਅੱਗੇ ਰੋਸ ਮੁਜ਼ਾਹਰਾ













ਵੈਨਕੂਵਰ/ਡਾ. ਗੁਰਵਿੰਦਰ ਸਿੰਘ: ਮਨੀਪੁਰ ਵਿੱਚ ਇੰਡੀਅਨ ਸਟੇਟ ਦੇ ਪਰਛਾਵੇਂ ਹੇਠ ਵਾਪਰੀ ਕੂਕੀ ਇਸਾਈ ਭਾਈਚਾਰੇ ਦੀਆਂ ਬੀਬੀਆਂ ਨਾਲ ਸਮੂਹਿਕ ਬਲਾਤਕਾਰ, ਨਗਨ ਪ੍ਰੇਡ ਅਤੇ ਪੀੜਤਾਂ ਦੇ ਭਰਾ ਅਤੇ ਪਿਤਾ ਦੀ ਹੱਤਿਆ ਦੀ ਘਟਨਾ ਦੀ ਰੋਸ ਵਜੋਂ, ਵੈਨਕੂਵਰ ਸਥਿਤ ਭਾਰਤੀ ਕੌਂਸਲ ਖਾਨੇ ਬਾਹਰ ਹੋਏ ਰੋਸ ਮੁਜ਼ਾਹਰੇ ਵਿੱਚ, ਮੂਲ ਨਿਵਾਸੀ ਮਨੀਪੁਰ ਭਾਈਚਾਰੇ ਦੀਆਂ ਔਰਤਾਂ ਅਤੇ ਮਰਦਾਂ ਨੇ ਹਿੱਸਾ ਲਿਆ ਅਤੇ ਭਾਰਤ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ 13 ਅਗਸਤ ਨੂੰ ਕੈਨੇਡਾ ਭਰ ਵਿੱਚ ਅਜਿਹੀ ਰੋਸ ਮੁਜ਼ਾਹਰੇ ਕਰਨ ਅਤੇ ਕੂਕੀ ਇਸਾਈ ਭਾਈਚਾਰੇ ਦੀਆਂ ਪੀੜਤ ਔਰਤਾਂ ਲਈ ਇਨਸਾਫ਼ ਵਾਸਤੇ ਸੱਦਾ ਵੀ ਦਿੱਤਾ।

ਇਸ ਮੌਕੇ ਤੇ ਕੈਨੇਡਾ ਦੇ ਸਿੱਖਾਂ ਵੱਲੋਂ ਮਨੀਪੁਰ ਦੀ ਘਟਨਾ ਦੇ ਪੀੜਤਾਂ ਦੇ ਭਾਈਚਾਰੇ ਨਾਲ ਮਿਲ ਕੇ ਇੰਡੀਅਨ ਸਟੇਟ ਦੇ ਜਬਰ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਗਈ। ਇਸ ਇਕੱਤਰਤਾ ਵਿੱਚ ਸਰੀ ਡੈਲਟਾ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਭੁਪਿੰਦਰ ਸਿੰਘ ਹੋਠੀ ਨੇ ਕਿਹਾ ਕਿ ਭਾਰਤ ਤੋਂ ਇਨਸਾਫ




ਦੀ ਆਸ ਰੱਖਣਾ ਬਹੁਤ ਵੱਡੀ ਗ਼ਲਤ ਫਹਿਮੀ ਹੈ, ਜਦਕਿ ਇੱਕੋ ਇੱਕ ਹੱਲ, ਉਸ ਤੋਂ ਵੱਖਰੇ ਹੋਣਾ ਅਤੇ ਆਪਣਾ ਰਾਜ ਸਥਾਪਿਤ ਕਰਨਾ ਹੀ ਹੋ ਸਕਦਾ ਹੈ। ਗੁਰੂ ਨਾਨਕ ਗੁਰਦੁਆਰਾ ਸਾਹਿਬ ਸਿੱਖ ਸਰੀ ਡੈਲਟਾ ਦੇ ਸੇਵਾਦਾਰ ਭਾਈ ਗੁਰਮੀਤ ਸਿੰਘ ਤੂਰ ਪੱਤੜ ਨੇ ਕਿਹਾ ਕਿ ਜੋ ਅੱਜ ਮਨੀਪੁਰ ਦੀਆਂ ਇਸਾਈ ਔਰਤਾਂ ਨਾਲ ਹੋਇਆ ਹੈ, ਇਹ ਬਹੁਤ ਚਿਰ ਪਹਿਲਾਂ ਹਿੰਦੋਸਤਾਨ ਭਰ ਵਿੱਚ ਸਿੱਖ ਬੀਬੀਆਂ ਨਾਲ ਸਮੂਹਿਕ ਬਲਾਤਕਾਰ ਅਤੇ ਕਤਲੇਆਮ ਦੇ ਰੂਪ ਵਿੱਚ ਵਾਪਰ ਚੁੱਕਿਆ ਹੈ। ਇਸ ਮੌਕੇ ਤੇ ਸਾਰਿਆਂ ਮਿਲ ਕੇ 'ਰੇਪਿਸਟ ਇੰਡੀਅਨ ਸਟੇਟ ਮੁਰਦਾਬਾਦ' ਦੇ ਨਾਅਰੇ ਲਾਏ ਅਤੇ 15 ਅਗਸਤ ਨੂੰ ਭਾਰਤੀ ਕੌਂਸਲ ਖਾਨੇ ਦੇ ਬਾਹਰ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ਼ਹੀਦ ਭਾਈ ਸਾਹਿਬ ਭਾਈ ਹਰਦੀਪ ਸਿੰਘ ਦੇ ਨਕਸ਼ੇ ਕਦਮਾਂ 'ਤੇ ਪਹਿਰਾ ਦਿੰਦਿਆਂ, ਮਨੀਪੁਰ ਦੇ ਪੀੜਤ ਕੂਕੀ ਭਾਈਚਾਰੇ ਨਾਲ ਖੜ ਕੇ ਸਿੱਖਾਂ ਨੇ ਸਾਂਝੇ ਰੂਪ ਵਿੱਚ 'ਹਾਅ ਦਾ ਨਾਅਰਾ' ਮਾਰਿਆ ਅਤੇ ਮਾਨਵਵਾਦੀ ਸੋਚ ਦਾ ਸਬੂਤ ਦਿੱਤਾ। ਬ੍ਰਿਟਿਸ਼ ਕੋਲੰਬੀਆ ਅਗਾਂਹਵਧੂ ਅਖਵਾਉਣ ਵਾਲੀਆਂ ਇੰਡੋ ਕੈਨੇਡੀਅਨ ਸੰਸਥਾਵਾਂ, ਭਾਰਤੀ ਔਰਤਾਂ ਦੀਆਂ ਜਥੇਬੰਦੀਆਂ ਅਤੇ ਹੋਰਨਾਂ ਮਨੁੱਖੀ ਅਧਿਕਾਰ ਗਰੁੱਪਾਂ ਵੱਲੋਂ ਇਸ ਮੌਕੇ 'ਤੇ ਹਾਜ਼ਰੀ ਨਾ ਲਵਾਉਣੀ ਰੜਕਦੀ ਰਹੀ।

# 'ਸਾਰੇ ਹੀਰੋ ਟੋਪੀਆਂ ਨਹੀਂ ਪਹਿਨਦੇ, ਕੁਝ ਪੱਗਾਂ ਬੰਨ੍ਹਦੇ ਹਨ'

## ਅਮਰੀਕਾ 'ਚ ਸਟੋਰ ਲੁੱਟਣ ਆਏ ਚੋਰ ਨੂੰ ਸਿੱਖ ਨੇ ਦੇਸੀ ਸਟਾਈਲ 'ਚ ਸਿਖਾਇਆ ਸਬਕ

ਕੈਲੀਫੋਰਨੀਆ/ਏ.ਟੀ.ਨਿਊਜ਼ : ਦੁਨੀਆਂ ਦੀ ਮਹਾਸ਼ਕਤੀ ਕਹੇ ਜਾਣ ਵਾਲੇ ਅਮਰੀਕਾ 'ਚ ਇਨ੍ਹੀਂ ਦਿਨੀਂ ਚੋਰੀਆਂ, ਸ਼ਰੇਆਮ ਗੋਲੀਬਾਰੀ ਅਤੇ ਡਕੈਤੀਆਂ ਦੇ ਮਾਮਲਿਆਂ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਤਰ੍ਹਾਂ ਦੇ ਮਾਮਲੇ ਆਏ ਦਿਨ ਸੁਰਖੀਆਂ ਬਣ ਰਹੇ ਹਨ। ਤਾਜ਼ਾ ਮਾਮਲਾ ਕੈਲੀਫੋਰਨੀਆ ਦੇ 7-ਇਲੈਵਨ ਸਟੋਰ ਦਾ ਸਾਹਮਣੇ ਆਇਆ ਹੈ, ਜਿੱਥੇ ਇੱਕ ਵਿਅਕਤੀ ਲੁੱਟ ਦੀ ਨੀਅਤ ਨਾਲ ਦਾਖਲ ਹੁੰਦਾ ਹੈ ਪਰ ਸਟੋਰ ਦੇ ਸਿੱਖ ਮਾਲਕ ਨੇ ਉਸ ਨੂੰ ਚੰਗੀ ਤਰ੍ਹਾਂ ਸਬਕ ਸਿਖਾਇਆ।




ਸਿੱਖ ਮਾਲਕ ਨੇ ਨਾ ਸਿਰਫ ਚੋਰ ਨੂੰ ਡੰਡੇ ਨਾਲ ਕੁੱਟਿਆ ਸਗੋਂ ਉਸਨੂੰ ਆਪਣੀ ਜਾਨ ਦੀ ਭੀਖ ਮੰਗਣ ਲਈ ਵੀ ਮਜਬੂਰ ਕੀਤਾ। ਇਸ ਸਬੰਧੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀ ਹੈ, ਜਿਸ ਨੂੰ ਦੇਖ ਕੇ ਲੋਕ ਸਿੱਖ ਸਟੋਰ ਮਾਲਕ ਦੀ ਬਹਾਦਰੀ ਦੀ ਸ਼ਲਾਘਾ ਕਰ ਰਹੇ ਹਨ ਅਤੇ ਆਪਣੀ ਪ੍ਰਤੀਕਿਰਿਆ ਵੀ ਪ੍ਰਗਟ ਕਰ ਰਹੇ ਹਨ। ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਇਹ ਵੀਡੀਓ ਕੁਝ ਦਿਨ ਪਹਿਲਾਂ ਦਾ ਹੈ ਜਦੋਂ ਹਥਿਆਰਬੰਦ ਲੁਟੇਰਾ ਲੁੱਟ ਦੀ ਨੀਅਤ ਨਾਲ ਇੱਕ ਸਟੋਰ ਵਿੱਚ ਦਾਖ਼ਲ ਹੁੰਦਾ ਹੈ। ਕਰਿਆਨੇ ਦੀ ਦੁਕਾਨ ਵਿੱਚ ਦਾਖਲ ਹੋਏ ਲੁਟੇਰੇ ਨੇ ਮੂੰਹ ਢਕਿਆ ਹੋਇਆ ਹੈ। ਸਟੋਰ ਦੇ ਅੰਦਰ ਵੜਦਿਆਂ ਹੀ ਉਹ ਆਲੇ-ਦੁਆਲੇ ਦਾ ਸਾਮਾਨ ਕੱਢਣਾ ਸ਼ੁਰੂ ਕਰ ਦਿੰਦਾ ਹੈ ਪਰ ਉਸ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਸ ਸਟੋਰ ਦਾ ਮਾਲਕ ਕੋਈ ਸਿੱਖ ਹੈ।

ਆਪਣੀ ਨਾਪਾਕ ਯੋਜਨਾ ਨੂੰ ਪੂਰਾ ਕਰਨ ਲਈ ਲੁਟੇਰਾ ਪਹਿਲਾਂ ਡਸਟਬਿਨ ਭਰਨ ਦੀ ਕੋਸ਼ਿਸ਼ ਕਰਦਾ ਹੈ। ਫਿਰ ਸਟੋਰ ਦਾ ਮਾਲਕ ਉੱਥੇ ਆਉਂਦਾ ਹੈ ਅਤੇ ਉਸ ਨੂੰ ਅਜਿਹਾ ਕਰਨ ਤੋਂ ਰੋਕਦਾ ਹੈ ਪਰ ਲੁਟੇਰਾ ਉਸ ਨੂੰ ਹਥਿਆਰ ਦੀ ਨੋਕ 'ਤੇ ਰੋਕਦਾ ਹੈ। ਹਥਿਆਰ ਨੂੰ ਹਵਾ ਵਿੱਚ ਲਹਿਰਾਉਂਦੇ ਹੋਏ, ਉਹ ਸਟੋਰ ਮਾਲਕ ਨੂੰ ਪਿੱਛੇ ਰਹਿਣ ਦੀ ਧਮਕੀ ਵੀ ਦਿੰਦਾ ਹੈ। ਇਸ ਸਾਰੀ ਘਟਨਾ ਦੀ ਵੀਡੀਓ ਸਟੋਰ ਦੇ ਬਿਲਿੰਗ ਕਾਊਂਟਰ ਤੋਂ ਇੱਕ ਵਿਅਕਤੀ ਨੇ ਬਣਾਈ ਹੈ।

ਇਸ ਦੌਰਾਨ ਇੱਕ ਵਿਅਕਤੀ ਨੇ ਚੋਰ ਨੂੰ ਡਰਾਉਣ ਲਈ ਪੁਲਿਸ ਨੂੰ ਬੁਲਾਉਣ ਦੀ ਧਮਕੀ ਵੀ ਦਿੱਤੀ ਪਰ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਅਲਮਾਰੀਆਂ ਨੂੰ ਖਾਲੀ ਕਰਦਾ ਰਹਿੰਦਾ ਹੈ। ਜਦੋਂ ਚੋਰ ਦਰਵਾਜ਼ੇ ਵੱਲ ਵਧਦਾ ਹੈ, ਉਦੋਂ ਸਟੋਰ ਦੇ ਮਾਲਕ ਨੇ ਬਹਾਦਰੀ ਨਾਲ ਉਸ ਦਾ ਸਾਹਮਣਾ ਕੀਤਾ। ਸਿੱਖ ਨੌਜਵਾਨ ਉਸ ਨੂੰ ਡੰਡੇ ਨਾਲ ਬੁਰੀ ਤਰ੍ਹਾਂ ਕੁੱਟਦਾ ਹੈ ਅਤੇ ਚੋਰ ਆਪਣੀ ਜਾਨ ਦੀ ਭੀਖ ਮੰਗਦਾ ਹੈ।

ਬਹੁਤ ਸਾਰੇ ਲੋਕਾਂ ਨੇ ਇਸ ਵੀਡੀਓ 'ਤੇ ਵੱਖ-ਵੱਖ ਪ੍ਰਤੀਕਰਮ ਪ੍ਰਗਟ ਕੀਤੇ ਹਨ। ਕਈਆਂ ਨੇ ਸਿੱਖ ਵਿਅਕਤੀ ਦੀ ਬਹਾਦਰੀ ਦੀ ਸ਼ਲਾਘਾ ਕੀਤੀ ਅਤੇ ਦਾਅਵਾ ਕੀਤਾ ਕਿ ਇਹ ਵੀਡੀਓ ਦੇਖਣ ਲਈ 'ਤਸੱਲੀਬਖਸ਼' ਸੀ। ਇੱਕ ਯੂਜ਼ਰ ਨੇ ਕਿਹਾ ਕਿ ਹਾਲਾਂਕਿ ਮੈਂ ਹਿੰਸਾ ਦਾ ਸਮਰਥਨ ਨਹੀਂ ਕਰਦਾ, ਪਰ ਇਹ ਸਭ ਤੋਂ ਵਧੀਆ ਵੀਡੀਓ ਹੈ। ਇਕ ਹੋਰ ਯੂਜ਼ਰ ਨੇ ਲਿਖਿਆ ਕਿ ਇਹ ਉਦੋਂ ਹੁੰਦਾ ਹੈ ਜਦੋਂ ਅਧਿਕਾਰੀ ਕਾਨੂੰਨ ਨੂੰ ਲਾਗੂ ਨਹੀਂ ਪਾਉਂਦੇ ਅਤੇ ਕੁਝ ਨਾਗਰਿਕ ਖ਼ੁਦ ਆਪਣੀ ਰੱਖਿਆ ਕਰਨ ਦਾ ਫ਼ੈਸਲਾ ਲੈਂਦੇ ਹਨ। ਇਕ ਹੋਰ ਯੂਜ਼ਰ ਨੇ ਲਿਖਿਆ ਕਿ ਕਿਸੇ ਪੰਜਾਬੀ ਨਾਲ ਕਦੇ ਵੀ ਸ਼ਰਾਰਤ ਨਾ ਕਰੋ। ਲੁਟੇਰੇ ਦਾ ਪਰਦਾਫਾਸ਼ ਹੋ ਗਿਆ। ਚੌਥੇ ਯੂਜ਼ਰ ਨੇ ਕਿਹਾ ਕਿ 'ਸਾਰੇ ਹੀਰੋ ਟੋਪੀਆਂ ਨਹੀਂ ਪਹਿਨਦੇ, ਕੁਝ ਪੱਗਾਂ ਬੰਨ੍ਹਦੇ ਹਨ।'

# ਅਮਰੀਕਾ ਵਿੱਚ 6 ਸਾਲਾ ਬੱਚੀ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

## ਅਧਿਕਾਰੀਆਂ ਨੇ ਜੌਹਨੀ ਜੌਹਨਸਨ ਦੇ ਦਿਮਾਗੀ ਤੌਰ 'ਤੇ ਅਯੋਗ ਹੋਣ ਦੀ ਦਲੀਲ ਕੀਤੀ ਰੱਦ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਮਿਸੌਰੀ ਰਾਜ ਵਿਚ 2002 ਵਿਚ ਇਕ ਛੋਟੀ ਬੱਚੀ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਜੌਹਨੀ ਜੌਹਨਸਨ (45) ਨੂੰ ਸੁਣਾਈ ਮੌਤ ਦੀ ਸਜ਼ਾ 'ਤੇ ਅਮਲ ਕਰਦਿਆਂ ਜ਼ਹਿਰ ਦਾ ਟੀਕਾ ਲਾ ਦਿੱਤਾ ਗਿਆ ਜਿਸ ਉਪਰੰਤ ਕੁਝ ਹੀ ਮਿੰਟਾਂ ਬਾਅਦ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਜੌਹਨਸਨ ਦੇ ਵਕੀਲਾਂ ਦੀ ਇਹ ਦਲੀਲ ਰੱਦ ਕਰ ਦਿੱਤੀ ਕਿ ਉਹ ਦਿਮਾਗੀ ਤੌਰ 'ਤੇ ਅਸਮਰਥ ਹੈ ਤੇ ਮੌਤ ਦੀ ਸਜ਼ਾ ਉਪਰ ਅਮਲ ਦੇ ਯੋਗ ਨਹੀਂ ਹੈ। ਅਦਾਲਤ ਦੇ ਰਿਕਾਰਡ ਅਨੁਸਾਰ ਜੌਹਨਸਨ ਨੂੰ 6 ਸਾਲ ਦੀ ਬੱਚੀ ਕੈਸੀ ਵਿਲੀਅਮਸਨ ਨੂੰ ਅਗਵਾ ਕਰਨ ਤੇ ਜਬਰਜਨਾਹ ਕਰਨ ਦੀ ਕੋਸ਼ਿਸ਼ ਕਰਨ ਤੋਂ ਬਾਅਦ ਉਸ ਦੀ ਹੱਤਿਆ ਕਰਨ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ।




ਰਿਪਬਲੀਕਨ ਪਾਰਟੀ ਦੇ ਗਵਰਨਰ ਮਾਈਕ ਪਰਸਨ ਨੇ ਅਪਰਾਧ ਨੂੰ ਘਿਣਾਉਣਾ ਕਰਾਰ ਦਿੰਦਿਆਂ ਉਸ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਸੀ। ਉਸ ਨੂੰ ਬੀਤੇ ਦਿਨ ਸ਼ਾਮ ਵੇਲੇ ਜ਼ਹਿਰ ਦਾ ਟੀਕਾ ਲਾਇਆ ਗਿਆ ਤੇ ਡਾਕਟਰਾਂ ਨੇ ਉਸ ਨੂੰ 6.33 ਮਿੰਟ 'ਤੇ ਮ੍ਰਿਤਕ ਐਲਾਨ ਦਿੱਤਾ। ਉਹ ਚੌਥਾ ਦੋਸ਼ੀ ਹੈ ਜਿਸ ਨੂੰ ਮਿਸੌਰੀ ਵਿਚ ਇਸ ਸਾਲ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦਿੱਤੀ ਗਈ ਹੈ। ਕੋਰੈਕਸ਼ਨਜ ਵਿਭਾਗ ਦੇ ਅਧਿਕਾਰੀਆਂ ਵੱਲੋਂ ਜਾਰੀ ਆਖਰੀ ਬਿਆਨ ਵਿਚ ਜੌਹਨਸਨ ਨੇ ਪੀੜਤ ਪਰਿਵਾਰ ਕੋਲੋਂ ਮੁਆਫੀ ਮੰਗਦਿਆਂ ਕਿਹਾ ਹੈ ਕਿ ਅਫਸੋਸ ਮੈ ਤੁਹਾਨੂੰ ਦੁੱਖ ਪਹੁੰਚਾਇਆ।

ਜੌਹਨਸਨ ਦੀ ਫਾਂਸੀ ਉਪਰ ਬੱਚੀ ਦੇ ਪਰਿਵਾਰ ਨੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ।

# ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਨ ਲਈ ਪੁਲਿਸ 'ਚੋਂ ਕਾਲੀਆਂ ਭੇਡਾਂ ਦੀ ਪਹਿਚਾਣ ਕਰੋ : ਸਤਨਾਮ ਸਿੰਘ ਚਾਹਲ

ਸੈਕਰਾਮੈਂਟੋ/ ਹੁਸਨ ਲੜੋਆ ਬੰਗਾ: ਕਾਰਜਕਾਰੀ ਨਿਰਦੇਸ਼ਕ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਸਤਨਾਮ ਸਿੰਘ ਚਹਿਲ ਨੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਬਾਰੇ ਸੰਸਦੀ ਸਥਾਈ ਕਮੇਟੀ ਵੱਲੋਂ ਜਾਰੀ ਕੀਤੀ ਗਈ ਨਸ਼ਾਖੋਰੀ ਦੀ ਰਿਪੋਰਟ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਇਸ ਤੱਥ 'ਤੇ ਦੁੱਖ ਪ੍ਰਗਟ ਕੀਤਾ ਹੈ ਕਿ ਨਸ਼ਾਖੋਰੀ ਦਾ ਖਤਰਾ ਪੈਦਾ ਹੋ ਗਿਆ ਹੈ। ਜਿਹੜਾ ਭਾਰਤ ਵਿੱਚ ਬਾਲਗਾਂ, ਨੌਜਵਾਨਾਂ ਅਤੇ ਇੱਥੋਂ ਤੱਕ ਕਿ ਬੱਚਿਆਂ ਵਿੱਚ ਵੀ ਤੇਜ਼ੀ ਨਾਲ ਫੈਲ ਰਿਹਾ ਹੈ। ਉਹਨਾਂ ਨੇ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਨੂੰ ਭੇਜੇ ਇੱਕ ਪੱਤਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਪਿਛਲੇ ਕਈ ਸਾਲਾਂ ਤੋਂ ਨਸ਼ਿਆਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਨਾਲ ਜੂਝ ਰਿਹਾ ਹੈ। ਸਰਕਾਰ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਕੀਤੇ ਗਏ ਵੱਖ-ਵੱਖ ਯਤਨਾਂ ਦੇ ਬਾਵਜੂਦ, ਇਹ ਸਮੱਸਿਆ ਬਰਕਰਾਰ ਹੈ ਅਤੇ ਰਾਜ ਭਰ ਵਿੱਚ ਅਣਗਿਣਤ ਵਿਅਕਤੀਆਂ ਅਤੇ ਪਰਿਵਾਰਾਂ ਦੀਆਂ ਜ਼ਿੰਦਗੀਆਂ 'ਤੇ ਤਬਾਹੀ ਮਚਾ ਰਹੀ ਹੈ। ਨਸ਼ੇ ਦੀ ਮਹਾਂਮਾਰੀ ਨੇ ਸਰੀਰਿਕ 'ਤੇ ਬਹੁਤ ਜ਼ਿਆਦਾ ਨੁਕਸਾਨਦੇਹ ਪ੍ਰਭਾਵ ਪਾਇਆ ਹੈ ਅਤੇ ਸਾਡੇ ਨੌਜਵਾਨਾਂ ਦੀ ਮਾਨਸਿਕ ਸਿਹਤ, ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹੈ। ਚਾਹਲ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਇਸ ਮੁੱਦੇ ਨੂੰ ਤੁਰੰਤ ਹੱਲ ਕਰਨ ਲਈ ਦਲੇਰ ਅਤੇ ਵਿਆਪਕ ਕਦਮ ਚੁੱਕਣ। ਨਸ਼ੀਲੇ ਪਦਾਰਥਾਂ ਦੇ ਤਸਕਰਾਂ ਅਤੇ ਵਿਤਰਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਫੜਨ ਦੀ ਸਮਰੱਥਾ ਵਧਾਉਣ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਲੋੜੀਂਦੇ ਸਰੋਤ ਅਤੇ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ। ਜਦੋਂ ਤੱਕ ਪੰਜਾਬ ਸਰਕਾਰ ਪੁਲਿਸ ਵਿਭਾਗ ਵਿੱਚ ਕਾਲੀਆਂ ਭੇਡਾਂ ਦੀ ਸ਼ਨਾਖਤ ਨਹੀਂ ਕਰੇਗੀ, ਉਦੋਂ ਤੱਕ ਨਸ਼ਿਆਂ ਦੀ ਅਲਾਮਤ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਚਾਹਲ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਨਾਲ ਸੰਘਰਸ਼ ਕਰ ਰਹੇ ਲੋਕਾਂ ਦੀ ਸਹਾਇਤਾ ਲਈ ਵਧੇਰੇ ਮੁੜ ਵਸੇਬਾ ਅਤੇ ਇਲਾਜ ਕੇਂਦਰਾਂ ਵਿੱਚ ਨਿਵੇਸ਼ ਕਰੇ ਅਤੇ ਉਨ੍ਹਾਂ ਨੂੰ ਉਸਾਰੂ ਨਾਗਰਿਕ ਵਜੋਂ ਸਮਾਜ ਵਿੱਚ ਮੁੜ ਜੁੜਣ ਵਿੱਚ ਮਦਦ ਕਰੇ। ਨਸ਼ਿਆਂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਨਸ਼ਾ ਮੁਕਤ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਕਮਿਊਨਿਟੀ-ਅਧਾਰਿਤ ਵਿਦਿਅਕ ਪ੍ਰੋਗਰਾਮਾਂ ਨੂੰ ਲਾਗੂ ਕਰਨ।



ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੂੰ ਸਰਹੱਦਾਂ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਗੁਆਂਢੀ ਰਾਜਾਂ ਨਾਲ ਵੀ ਸਹਿਯੋਗ ਕਾਇਮ ਕਰਨਾ ਚਾਹੀਦਾ ਹੈ ਅਤੇ ਨਸ਼ਿਆਂ ਦੇ (ਬਾਕੀ ਸਫ਼ਾ 31 'ਤੇ)

# ਇਮਰਾਨ ਖ਼ਾਨ ਨੂੰ ਤਿੰਨ ਸਾਲਾਂ ਦੀ ਕੈਦ

## ਪੰਜ ਸਾਲ ਚੋਣ ਲੜਨ 'ਤੇ ਵੀ ਲਗਾਈ ਪਾਬੰਦੀ



6 ਅਗਸਤ 2023 ਨੂੰ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਤੋਸ਼ਾਖਾਨਾ ਕੇਸ ਵਿੱਚ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਉਸਦੀ ਸਿਰਫ਼ ਗ੍ਰਿਫਤਾਰੀ ਹੀ ਨਹੀਂ ਕੀਤੀ ਗਈ, ਸਗੋਂ ਉਹ ਅਗਲੇ ਪੰਜ ਸਾਲਾਂ ਲਈ ਚੋਣਾਂ ਵਿੱਚ ਹਿੱਸਾ ਨਹੀਂ ਲੈ ਸਕੇਗਾ। ਲੰਘੇ ਦਿਨਾਂ ਵਿੱਚ ਇਮਰਾਨ ਖਾਨ ਨੇ ਇੱਕ ਇੰਟਰਵਿਊ ਵਿੱਚ ਚਿੰਤਾ ਵੀ ਜਾਹਿਰ ਕੀਤੀ ਸੀ। ਉਹਨਾਂ ਨੇ ਕਿਹਾ ਸੀ "ਸਰਕਾਰ ਉਹਨਾਂ ਦੀਆਂ ਜਨਤਕ ਗਤੀਵਿਧੀਆਂ ਵਿੱਚ ਖੁੱਲ੍ਹ ਕੇ ਹਿੱਸਾ ਲੈਣ ਨੂੰ ਰੋਕ ਸਕਦੀ ਹੈ, ਕਿਉਂਕਿ ਚੋਣਾਂ ਨੇੜੇ ਆ ਰਹੀਆਂ ਹਨ। ਮੈਨੂੰ ਉਹ ਜੇਲ੍ਹ ਵਿੱਚ ਸੁੱਟ ਸਕਦੇ ਹਨ ਪਰ ਮੇਰੇ ਮਨ ਵਿੱਚ ਸਵਾਲ ਹੈ ਕਿ ਉਹ ਪਾਕਿਸਤਾਨ ਤਹਿਰੀਕ- ਏ - ਇਨਸਾਫ(ਪੀਟੀਆਈ) ਨੂੰ ਚੋਣ ਲੜਨ ਦੀ ਇਜ਼ਾਜਤ ਦੇਣਗੇ।" ਇਹਨਾਂ ਗੱਲਾਂ ਤੋਂ ਸਾਫ ਸੀ ਕਿ ਖਾਨ ਨੂੰ ਚੋਣਾਂ ਤੋਂ ਪਹਿਲਾਂ ਜੇਲ੍ਹ ਜਾਣ ਦਾ ਡਰ ਸੀ। ਇਸ ਸਮੇਂ ਪਾਕਿਸਤਾਨ ਵਿੱਚ ਇਕੋ ਇੱਕ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਨਾਤੇ ਇਮਰਾਨ ਖਾਨ ਨੂੰ ਜਨਤਾ ਤੋਂ ਕਾਫੀ ਸਮਰਥਣ ਪ੍ਰਾਪਤ ਹੋਇਆ ਸੀ। ਜੇ ਕਰ ਚੋਣ ਲੜਨ ਦੀ ਆਗਿਆ ਦਿਤੀ ਜਾਂਦੀ ਤਾਂ ਉਹ ਇੱਕ ਮਹੱਤਵਪੂਰਨ ਚੁਣੌਤੀ ਵੀ ਪੈਦਾ ਕਰ ਸਕਦੇ ਸਨ। ਕਈ ਮਹੀਨਿਆਂ ਤੋਂ ਗ੍ਰਿਫਤਾਰੀਆਂ ਤੋਂ ਬਚਣ ਦੀ ਕੋਸ਼ਿਸ ਵੀ ਖਾਨ ਵੱਲੋਂ ਕੀਤੀ ਜਾ ਰਹੀ ਸੀ ਪਰ ਹੁਣ ਲਾਹੌਰ ਵਿੱਚ ਉਸਦੀ ਰਿਹਾਇਸ਼ ਤੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਕੈਦ ਦੀ ਜਗਾ ਅਟਕ ਜੇਲ, ਜਿਸ ਦੇ ਵਿੱਚ ਪਹਿਲਾਂ ਵੀ ਪ੍ਰਸਿੱਧ ਵਿਅਕਤੀ ਰਹਿ ਚੁਕੇ ਹਨ। ਇਸ ਕਾਰਨ ਇਹ ਜੇਲ ਇਤਿਹਾਸਕ ਮਹੱਤਤਾ ਵੀ ਰਖਦੀ ਹੈ।

**ਅਟਕ ਜੇਲ ਦੀ ਇਤਿਹਾਸਿਕ ਮਹੱਤਤਾ**

ਇਮਰਾਨ ਖਾਨ ਅਟਕ ਜੇਲ ਵਿੱਚ ਕੈਦ ਹੋਣ ਵਾਲੇ ਪਹਿਲੇ ਪਾਕਿਸਤਾਨੀ ਨੇਤਾ ਨਹੀਂ ਹਨ। ਇਸ ਤੋਂ ਪਹਿਲਾਂ ਨਵਾਜ ਸ਼ਰੀਫ, ਆਸਿਫ਼ ਅਲੀ ਜ਼ਰਦਾਰੀ, ਸ਼ਹਿਬਾਜ਼ ਸ਼ਰੀਫ ਵੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਇਸ ਜੇਲ ਵਿੱਚ ਰਹਿ ਚੁਕੇ ਹਨ। ਸਿੰਧ ਅਤੇ ਕਾਬਲ ਦਰਿਆਵਾਂ ਦੇ ਸੰਗਮ ਤੇ ਸਥਿਤ ਅਟਕ ਸ਼ਹਿਰ ਦਾ ਨਾਮ ਪਹਿਲਾਂ 19ਵੀਂ ਸਦੀ ਦੌਰਾਨ ਬ੍ਰਿਟਿਸ ਫ਼ੌਜਾ ਦੇ ਕਮਾਂਡਰ- ਇਨ-ਚੀਫ਼ ਫੀਲਡ ਮਾਰਸ਼ਲ ਕੋਲਿਨ ਕੈਂਪਬੈਲ ਦੇ ਸਨਮਾਨ ਵਿੱਚ "ਕੈਂਪਬੈਲਪੁਰ" ਰਖਿਆ ਗਿਆ ਸੀ। ਇਹ ਸਥਾਨ ਅਲੈਗਜ਼ੈਂਡਰ ਦ ਗ੍ਰੇਟ ਤੇ ਇਬਿਨ -ਏ-ਬਤੂਤਾ ਵਰਗੀਆਂ ਪ੍ਰਸਿੱਧ ਹਸਤੀਆਂ ਦੇ ਲਈ ਰੁਕਣ ਦੇ ਲਈ ਇਤਿਹਾਸਿਕ ਮਹੱਤਤਾ ਰਖਦਾ ਹੈ। ਜਿਨਾਂ ਨੇ ਲਗਭਗ 117,000 ਕਿਲੋਮੀਟਰ ਦੀ ਸ਼ਾਨਦਾਰ ਯਾਤਰਾ ਦੀ ਸ਼ੁਰੂਆਤ ਕੀਤੀ ਸੀ। 67 ਏਕੜ 6 ਕਨਾਲਾਂ ਤੇ 12 ਮਰਲੇ ਦੇ ਰਕਬੇ ਵਿੱਚ ਇਹ ਅਟਕ ਜੇਲ ਫੈਲੀ ਹੋਈ ਹੈ।



### ਅਟਕ ਜੇਲ 'ਚ ਇਮਰਾਨ ਖ਼ਾਨ

ਇਮਰਾਨ ਖਾਨ ਨੂੰ ਪਹਿਲਾਂ ਅਡਿਆਲਾ ਜੇਲ ਵਿੱਚ ਰਖਿਆ ਜਾਣਾ ਸੀ, ਪਰ ਪੁਲਿਸ ਉਸ ਨੂੰ ਅਟਕ ਜੇਲ ਲੈ ਗਈ। ਅਟਕ ਜੇਲ ਵਿੱਚ ਉਸਦੇ ਠਹਿਰਣ ਦੀ ਮਿਆਦ ਅਜੇ ਵੀ ਅਨਿਸ਼ਚਤ ਹੈ। ਜੇਲ ਵਿੱਚ ਇਮਰਾਨ ਖਾਨ ਨੂੰ ਇੱਕ ਵਿਸ਼ੇਸ਼ ਵੀਵੀਆਈਪੀ ਸੈਲ ਵਿੱਚ ਰਖਿਆ ਗਿਆ ਹੈ। ਖਾਨ ਦੀ ਰਾਜਨੀਤਿਕ ਪਾਰਟੀ ਨੂੰ ਕਿਹਾ ਗਿਆ ਹੈ ਕਿ ਉਸਦੀ ਜੇਲ੍ਹ ਅੰਦਰ ਉਸਦੀ ਕਾਨੂੰਨੀ ਟੀਮ ਉਸ ਨੂੰ ਨਹੀਂ ਮਿਲ ਸਕਦੀ। ਉਸਦੀ ਕੈਦ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

## ਕੀ ਹਨ ਇਮਰਾਨ ਖ਼ਾਨ 'ਤੇ ਲੱਗੇ ਦੋਸ਼ ?



ਕ੍ਰਿਕਟਰ ਤੋਂ ਸਿਆਸਤਦਾਨ ਬਣੇ ਸਾਬਕਾ ਪ੍ਰਧਾਨ ਮੰਤਰੀ ( 2018-2022) ਇਮਰਾਨ ਖਾਨ 'ਤੇ ਸਰਕਾਰੀ ਤੋਹਫੇ ਵੇਚਣ ਅਤੇ ਜਾਇਦਾਦਾਂ ਛੁਪਾਉਣ ਕਰਕੇ ਦੋਸ਼ੀ ਠਹਿਰਾਇਆ ਗਿਆ ਸੀ। ਸਾਬਕਾ ਪ੍ਰਧਾਨ ਮੰਤਰੀ ਦੁਆਰਾ ਪ੍ਰਾਪਤ ਕੀਤੇ ਮਹਿੰਗੇ ਤੋਹਫ਼ਿਆਂ ਦੇ ਨਾਲ ਨਾਲ ਸਾਊਦੀ ਕ੍ਰਾਊਨ ਪ੍ਰਿੰਸ ਮੁਹਮਦ ਬਿਨ ਸਲਮਾਨ ਦੁਆਰਾ ਉਸ ਨੂੰ ਤੋਹਫ਼ੇ ਵਿੱਚ ਬ੍ਰਿਟਿਸ ਬਹੁਮੀਲੀਅਨ ਡਾਲਰ ਦੀ ਲਗਜਰੀ ਘੜੀ ਦੇ ਕਾਰਨ ਇਹ ਘੋਟਾਲਾ ਸਾਹਮਣੇ ਆਇਆ। ਇਹ ਇੱਕ ਵਿਲੱਖਣ ਗ੍ਰਾਫ਼ ਘੜੀ ਸੀ ਅਤੇ ਇਹ ਘੜੀ ਯੂ ਏ ਈ ਅਤੇ ਪਾਕਿਸਤਾਨ ਦੇ ਵਿਚਾਲੇ ਇੱਕ ਮਹੱਤਵਪੂਰਨ ਧਾਰਮਿਕ ਅਤੇ ਸੱਭਿਆਚਾਰ ਸਬੰਧ ਦਾ ਪ੍ਰਤੀਕ ਹੈ। ਘੜੀ ਇੱਕ ਤੋਹਫੇ ਦੇ ਸੈਟ ਦਾ ਹਿਸਾ ਸੀ, ਜਿਸ ਵਿੱਚ ਹੀਰੇ ਦੇ ਬਿੰਦੀ ਵਾਲੀ ਘੜੀ, ਅੰਗੂਠੀ ਕਫ਼ਲਿੰਸ ਤੇ ਇੱਕ ਪੈਨ ਸ਼ਾਮਲ ਸੀ। ਇਸ ਘੜੀ ਨੇ ਇਮਰਾਨ ਖਾਨ ਨੇ ਦੋ ਮਿਲੀਅਨ ਡਾਲਰ ਵਿੱਚ ਵੇਚਿਆ ਸੀ। ਇਸ ਮਸਲੇ ਵਿੱਚ ਉਮਰ ਫਰੂਕ ਜਹੂਰ ਦਾ ਨਾਮ ਕਾਫ਼ੀ ਉਭਰ ਕੇ ਸਾਹਮਣੇ ਆਇਆ ਹੈ। ਇਹ ਇੱਕ ਦੁਬਈ ਆਧਾਰਿਤ ਵਪਾਰੀ ਹੈ। ਫਰੂਕ ਜਹੂਰ ਸ਼ਾਨਦਾਰ ਟਾਈਮ ਪੀਸ ਸੰਗ੍ਰਹਿ ਲਈ ਜਾਣੇ ਜਾਂਦੇ ਹਨ

ਇਹ ਸ਼ਾਇਦ ਪਹਿਲੀ ਵਾਰ ਸੀ ਜਦੋਂ ਕਿਸੇ ਪ੍ਰਧਾਨ ਮੰਤਰੀ ਨੂੰ ਮਿਲੇ ਸਰਕਾਰੀ ਤੋਹਫੇ ਵੇਚਣ ਦੀ ਖ਼ਬਰ ਮਿਲੀ ਸੀ। ਹਾਲਾਕਿਂ ਪਾਕਿਸਤਾਨ ਤਹਿਰੀਕ ਏ ਇਨਸਾਫ਼ ਅਤੇ ਖਾਨ ਦੀ ਕਾਨੂੰਨੀ ਟੀਮ ਨੇ ਆਪਣੀ ਬੇਗੁਨਾਹੀ ਦਾ ਦਾਅਵਾ ਕਰਦੇ ਹੋਏ ਤੁਰੰਤ ਅਪੀਲ ਦਾਇਰ ਕਰਨ ਦੀ ਗਲ ਕਹੀ ਹੈ।

# ਪਤਨੀ ਨੂੰ ਕਤਲ ਕਰਨ ਦੇ ਸ਼ੱਕ 'ਚ ਜੱਜ ਗ੍ਰਿਫ਼ਤਾਰ



ਸੈਕਰਾਮੈਂਟੋ ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਕੈਲੀਫੋਰਨੀਆ ਸੁਪੀਰੀਅਰ ਕੋਰਟ ਦੇ ਇੱਕ 72 ਸਾਲਾ ਜੱਜ ਨੂੰ ਆਪਣੀ ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਸ਼ੱਕ ਵਿੱਚ ਗ੍ਰਿਫਤਾਰ ਕਰਨ ਦੀ ਖ਼ਬਰ ਹੈ। ਪੁਲਿਸ ਦਾ ਕਹਿਣਾ ਹੈ ਕਿ ਅਨਾਹੀਮ ਪੁਲਿਸ ਅਫਸਰਾਂ ਨੂੰ ਪੂਰਬੀ ਕੇਨਾਇਆਨ ਡਰਾਈਵ 'ਤੇ ਇੱਕ ਘਰ ਵਿੱਚ ਗੋਲੀ ਚੱਲਣ ਦੀ ਸੂਚਨਾ ਬੀਤੀ ਰਾਤ 8 ਵਜੇ ਦੇ ਕਰੀਬ ਮਿਲੀ। ਪੁਲਿਸ ਅਫਸਰ ਤੁਰੰਤ ਮੌਕੇ ਉਪਰ ਪੁੱਜੇ ਜਿਨਾਂ ਨੂੰ ਉਥੇ 65 ਸਾਲਾ ਸ਼ੈਰਾਇਲ ਫਰਗੂਸਨ ਨਾਮੀ ਔਰਤ ਜ਼ਖਮੀ ਹਾਲਤ ਵਿੱਚ ਮਿਲੀ ਜਿਸ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਪੁਲਿਸ ਅਨੁਸਾਰ ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਮੌਕੇ 'ਤੇ ਹੀ ਓਰੇਂਜ ਕਾਊਂਟੀ ਸੁਪੀਰੀਅਰ ਜੱਜ ਜੈਫਰੀ ਫਰਗੂਸਨ ਨੂੰ ਹਿਰਾਸਤ ਵਿਚ ਲੈ ਲਿਆ।

ਉਸ ਨੂੰ ਅਨਾਹੀਮ ਪੁਲਿਸ ਵਿਭਾਗ ਦੇ ਡੀਟੈਨਸ਼ਨ ਸੈਂਟਰ ਵਿੱਚ ਲਿਜਾਇਆ ਗਿਆ ਹੈ। ਡਿਸਟ੍ਰਿਕਟ ਅਟਾਰਨੀ ਦਫਤਰ ਮਾਮਲੇ ਦੀ ਜਾਂਚ ਕਰ ਰਿਹਾ ਹੈ ਤੇ ਅਜੇ ਰਸਮੀ ਤੌਰ 'ਤੇ ਜੱਜ ਵਿਰੁੱਧ ਦੋਸ਼ ਆਇਦ ਨਹੀਂ ਕੀਤੇ ਗਏ।

# ਕੈਨੇਡਾ 'ਚ ਪੰਜਾਬੀ ਦੀ ਚਮਕੀ ਕਿਸਮਤ, ਲੱਗਿਆ 6 ਕਰੋੜ ਦਾ ਜੈਕਪਾਟ



ਬ੍ਰਿਟਿਸ਼ ਕੋਲੰਬੀਆ/ਏ.ਟੀ.ਨਿਊਜ਼ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਰਹਿਣ ਵਾਲੇ ਪੰਜਾਬੀ ਜਸਵਿੰਦਰ ਸਿੰਘ ਬੱਸੀ ਦੀ 1 ਮਿਲੀਅਨ ਕੈਨੇਡੀਅਨ ਡਾਲਰ ਭਾਵ 6 ਕਰੋੜ ਰੁਪਏ ਦੀ ਲਾਟਰੀ ਨਿਕਲੀ ਹੈ। ਬੀ.ਸੀ. ਲਾਟਰੀ ਕਾਰਪੋਰੇਸ਼ਨ ਨੇ ਦੱਸਿਆ ਕਿ ਜਸਵਿੰਦਰ ਬੱਸੀ ਨੇ 25 ਜੁਲਾਈ ਦੇ ਡਰਾਅ ਤੋਂ 1 ਮਿਲੀਅਨ ਡਾਲਰ ਮੈਕਸਮਿਲੀਅਨ ਇਨਾਮ ਜਿੱਤਿਆ ਹੈ। ਜਸਵਿੰਦਰ ਬੱਸੀ ਨੇ ਉੱਤਰੀ ਡੈਲਟਾ ਵਿੱਚ 120ਵੀਂ ਸਟਰੀਟ 'ਤੇ 7-ਇਲੈਵਨ ਤੋਂ ਲੋਟੋ ਮੈਕਟ ਲਾਟਰੀ ਟਿਕਟ ਖ਼ਰੀਦੀ ਸੀ।

ਬੱਸੀ ਮੁਤਾਬਕ ਜਦੋਂ ਉਹ ਬੁੱਧਵਾਰ ਦੀ ਸਵੇਰ ਨੂੰ ਉੱਠਿਆ ਅਤੇ ਉਸ ਨੇ ਆਪਣੇ ਫ਼ੋਨ ਵੱਲ ਦੇਖਿਆ ਅਤੇ ਪਤਾ ਲੱਗਾ ਕਿ ਕਮਲੂਪਸ ਵਿੱਚ ਕਿਸੇ ਔਰਤ ਨੇ ਉਸੇ ਡਰਾਅ ਵਿੱਚ 35 ਮਿਲੀਅਨ ਡਾਲਰ ਜਿੱਤੇ ਹਨ, ਜਿਸ ਲਈ ਉਸ ਨੇ ਟਿਕਟ ਖ਼ਰੀਦੀ ਸੀ। ਇਸ ਲਈ ਉਸ ਨੇ ਸੋਚਿਆ ਕਿ ਉਹ ਵੀ ਆਪਣੀ ਟਿਕਟ ਚੈੱਕ ਕਰ ਲਵੇ, ਜਿਸ ਤੋਂ ਬਾਅਦ ਉਸ ਨੇ ਇਸਨੂੰ 'ਲੋਟੋ' ਐਪ 'ਤੇ ਚੈੱਕ ਕੀਤਾ ਅਤੇ ਦੇਖਿਆ ਕਿ ਉਸ ਦਾ ਵੀ 1 ਮਿਲੀਅਨ ਡਾਲਰ ਦਾ ਜੈਕਪਾਟ ਲੱਗਾ ਸੀ। ਇਸ ਤੋਂ ਜਸਵਿੰਦਰ ਨੇ ਇਸ ਜੈਕਪਾਟ ਬਾਰੇ ਆਪਣੀ ਪਤਨੀ ਨੂੰ ਦੱਸਿਆ ਤਾਂ ਉਸ ਨੂੰ ਵਿਸ਼ਵਾਸ ਨਹੀਂ ਹੋਇਆ। ਬੱਸੀ ਨੇ ਕਿਹਾ ਕਿ ਉਹ ਆਪਣੀ ਪਤਨੀ ਨੂੰ ਯੂਰਪ ਦੀਆਂ ਛੁੱਟੀਆਂ 'ਤੇ ਲੈ ਕੇ ਜਾਣ ਦੀ ਯੋਜਨਾ ਬਣਾ ਰਿਹਾ ਹੈ। ਉਹ ਹਮੇਸ਼ਾ ਯੂਰਪ ਦੇਖਣਾ ਚਾਹੁੰਦੀ ਹੈ ਅਤੇ ਹੁਣ ਅਸੀਂ ਇਸ ਨੂੰ ਹਕੀਕਤ ਬਣਾ ਸਕਦੇ ਹਾਂ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਪੰਜਾਬ ਨੂੰ ਕਰੋੜਾਂ ਦਾ ਚੂਨਾ ਲਗਾ ਰਹੇ ਨੇ ਆਈਲੈਟਸ ਕੇਂਦਰ






ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੀ 'ਆਇਲਸ ਮਾਰਕੀਟ' (ਆਈਲੈਟਸ ਸੈਂਟਰ) 'ਚ ਕਰੋੜਾਂ ਰੁਪਏ ਦੀ ਟੈਕਸ ਚੋਰੀ ਹੋਣ ਦਾ ਪਤਾ ਚੱਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਰੀ ਝੰਡੀ ਮਿਲਣ ਮਗਰੋਂ ਸਰਕਾਰ ਨੇ ਹੁਣ ਇਸ ਦੀ ਜਾਂਚ ਵਿੱਢੀ ਹੈ। ਮੁਹਿੰਮ ਦੇ ਪਹਿਲੇ ਪੜਾਅ ਵਿੱਚ 21 ਆਇਲਸ ਕੇਂਦਰਾਂ (ਆਈਲੈਟਸ ਸੈਂਟਰ) ਵੱਲੋਂ ਕਰੀਬ ਚਾਰ ਕਰੋੜ ਦੀ ਟੈਕਸ ਚੋਰੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਪਤਾ ਲੱਗਾ ਹੈ ਕਿ ਬਹੁਤੇ ਆਇਲਸ ਕੇਂਦਰ ਨਕਦ ਵਿੱਚ ਫ਼ੀਸ ਵਸੂਲ ਕਰਦੇ ਹਨ ਤਾਂ ਜੋ ਟੈਕਸਾਂ ਤੋਂ ਬਚਿਆ ਜਾ ਸਕੇ। ਵੇਰਵਿਆਂ ਅਨੁਸਾਰ ਪੰਜਾਬ ਵਿੱਚ ਕਰੀਬ ਇੱਕ ਹਜ਼ਾਰ ਆਇਲਸ ਸਿਖਲਾਈ ਕੇਂਦਰ ਹਨ ਜਿਨ੍ਹਾਂ ਦਾ ਜੀਐੱਸਟੀ ਵਿੱਚ ਕਰੀਬ ਇੱਕ ਹਜ਼ਾਰ ਕਰੋੜ ਦਾ ਯੋਗਦਾਨ ਹੈ। ਪੰਜਾਬ ਦੇ ਕਰ ਕਮਿਸ਼ਨਰ ਕਮਲ ਕਿਸ਼ੋਰ ਯਾਦਵ ਨੇ ਕਿਹਾ ਕਿ ਵਿਭਾਗ ਨੇ ਡੇਟਾ ਵਿਸ਼ਲੇਸ਼ਣ ਕੀਤਾ ਸੀ ਅਤੇ ਇਸੇ ਆਧਾਰ 'ਤੇ ਆਇਲਸ ਕੇਂਦਰਾਂ ਨੂੰ ਸ਼ਾਰਟ ਲਿਸਟ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਵਿਭਾਗ ਨੇ ਹੁਣ ਤੱਕ ਮੋਹਾਲੀ, ਲੁਧਿਆਣਾ, ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ, ਬਠਿੰਡਾ, ਫ਼ਿਰੋਜ਼ਪੁਰ, ਬਰਨਾਲਾ, ਰਾਜਪੁਰਾ, ਮੋਗਾ ਅਤੇ ਮਾਲੇਰਕੋਟਲਾ ਦੇ ਟੈਕਸ ਚੋਰੀ ਕਰਨ ਵਾਲੇ 21 ਆਇਲਸ ਕੇਂਦਰ ਸ਼ਨਾਖ਼ਤ ਕੀਤੇ ਹਨ। ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਕਿ ਇੱਕ ਕੇਂਦਰ ਵੱਲੋਂ ਘੱਟੋ ਘੱਟ ਤਿੰਨ ਲੱਖ ਰੁਪਏ ਦੇ ਟੈਕਸ ਦੀ ਚੋਰੀ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਇਸ ਸਾਲ 23 ਹਜ਼ਾਰ ਕਰੋੜ ਦੀ ਜੀਐੱਸਟੀ ਵਸੂਲੀ ਦਾ ਟੀਚਾ ਰੱਖਿਆ ਹੋਇਆ ਹੈ। ਸਰਕਾਰ ਵਸੂਲੀ ਵਧਾਉਣ ਲਈ ਟੈਕਸ ਚੋਰੀ ਦੇ ਰਸਤੇ ਬੰਦ ਕਰਨ ਦੇ ਰਾਹ ਪਈ ਹੋਈ ਹੈ।

**ਪੰਜਾਬ ਦੇ ਹੋਰ ਸ਼ਹਿਰ ਵਿੱਚ ਬਰਾਂਚ ਨਹੀਂ ਖੋਲ੍ਹ ਸਕਣਗੇ ਆਇਲਸ ਕੇਂਦਰ**

ਐੱਨਆਰਆਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਆਈਲਸ ਕੇਂਦਰ ਅਤੇ ਇਮੀਗਰੇਸ਼ਨ ਕੇਂਦਰ ਗੈਰਕਾਨੂੰਨੀ ਤੌਰ 'ਤੇ ਚੱਲ ਰਹੇ ਸਨ ਜਿਨ੍ਹਾਂ ਦੀ ਸ਼ਨਾਖ਼ਤ ਕੀਤੀ ਗਈ ਹੈ ਅਤੇ ਅਜਿਹੇ ਕੇਂਦਰਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਬਹੁਤੇ ਆਇਲਸ ਕੇਂਦਰਾਂ ਵਾਲੇ ਇੱਕ ਸ਼ਹਿਰ ਵਿੱਚ ਲਾਇਸੈਂਸ ਲੈਣ ਮਗਰੋਂ ਦੂਸਰੇ ਸ਼ਹਿਰਾਂ ਵਿਚ ਬਰਾਂਚ ਖੋਲ੍ਹ ਲੈਂਦੇ ਸਨ ਪਰ ਹੁਣ ਉਨ੍ਹਾਂ ਨੂੰ ਹਰ ਸ਼ਹਿਰ ਵਾਸਤੇ ਵੱਖਰਾ ਲਾਇਸੈਂਸ ਲੈਣਾ ਹੋਵੇਗਾ।

## ਕਾਰੋਬਾਰ ਵਧਿਆ, ਟੈਕਸ ਨਹੀਂ: ਚੀਮਾ



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਉਨ੍ਹਾਂ ਨੂੰ ਸੂਤਰਾਂ ਜ਼ਰੀਏ ਸੂਚਨਾ ਮਿਲੀ ਸੀ ਕਿ ਆਇਲਸ ਕੇਂਦਰਾਂ ਵਿੱਚ ਟੈਕਸ ਚੋਰੀ ਹੋ ਰਹੀ ਹੈ। ਉਨ੍ਹਾਂ ਦੇਖਿਆ ਕਿ ਭਾਵੇਂ ਸੂਬੇ ਵਿੱਚ ਇਨ੍ਹਾਂ ਕੇਂਦਰਾਂ ਦਾ ਕਾਰੋਬਾਰ ਤਾਂ ਵਧ ਰਿਹਾ ਸੀ ਪਰ ਉਸ ਦੇ ਮੁਕਾਬਲੇ ਟੈਕਸ ਵਸੂਲੀ ਵਿੱਚ ਕੋਈ ਵਾਧਾ ਨਹੀਂ ਹੋ ਰਿਹਾ ਸੀ। ਇਨ੍ਹਾਂ ਸਿਖਲਾਈ ਕੇਂਦਰਾਂ 'ਤੇ 18 ਫ਼ੀਸਦੀ ਜੀਐੱਸਟੀ ਲੱਗਿਆ ਹੋਇਆ ਹੈ।

# ਪੰਜਾਬ 'ਚ ਹੁਣ ਘਰ ਹੋਏ ਨੌਜਵਾਨਾਂ ਤੋਂ ਵਾਂਝੇ ਸਿਰਫ਼ ਬਜ਼ੁਰਗਾਂ ਦੇ ਸਹਾਰੇ ਚੱਲਣ ਲੱਗੇ ਪਰਿਵਾਰ

## ਪਿਛਲੇ ਸਾਲ ਪੰਜਾਬ ਦੇ 1.65 ਲੱਖ ਬੱਚੇ ਸਟੱਡੀ ਵੀਜ਼ਾ 'ਤੇ ਗਏ ਵਿਦੇਸ਼

## 'ਕਨਫੈੱਡਰੇਸ਼ਨ ਆਫ਼ ਸਕੂਲਜ਼ ਐਂਡ ਕਾਲਜਿਜ਼ ਆਫ਼ ਪੰਜਾਬ' ਵੱਲੋਂ ਕਰਵਾਏ ਗਏ ਇੱਕ ਸਰਵੇ 'ਚ ਹੋਇਆ ਖ਼ੁਲਾਸਾ





ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਤੋਂ ਬੀਤੇ ਸਾਲ 1,65,000 ਬੱਚੇ ਸਟੱਡੀ ਵੀਜ਼ਾ 'ਤੇ ਵਿਦੇਸ਼ਾਂ 'ਚ ਗਏ ਹਨ, ਜੋ ਆਪਣੇ ਨਾਲ 48,000 ਕਰੋੜ ਰੁਪਏ ਵੀ ਵਿਦੇਸ਼ਾਂ 'ਚ ਖਿੱਚ ਕੇ ਲੈ ਗਏ। ਇੱਕ ਸਾਲ ਬਾਅਦ ਫਿਰ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਲਈ ਫੀਸ ਦੇ ਰੂਪ 'ਚ 17,000 ਕਰੋੜ ਰੁਪਏ ਵਿਦੇਸ਼ ਭੇਜੇ। ਸੰਗਠਨ 'ਕਨਫੈੱਡਰੇਸ਼ਨ ਆਫ਼ ਸਕੂਲਜ਼ ਐਂਡ ਕਾਲਜਿਜ ਆਫ਼ ਪੰਜਾਬ' ਵੱਲੋਂ ਕਰਵਾਏ ਗਏ ਇਕ ਸਰਵੇ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ 'ਚ ਹੁਣ ਘਰ ਨੌਜਵਾਨਾਂ ਤੋਂ ਵਾਂਝੇ ਹੁੰਦੇ ਜਾ ਰਹੇ ਹਨ ਅਤੇ ਪਰਿਵਾਰ ਸਿਰਫ਼ ਬਜ਼ੁਰਗਾਂ ਦੇ ਸਹਾਰੇ ਚੱਲਣ ਲੱਗੇ ਹਨ।

ਕਨਫੈੱਡਰੇਸ਼ਨ ਦੇ ਚੇਅਰਮੈਨ ਅਸ਼ਵਨੀ ਸੇਖੜੀ ਨੇ ਦੱਸਿਆ ਕਿ ਹਾਲਾਂ ਕਿ ਇਹ ਸਰਵੇ ਗੈਰ-ਰਸਮੀ ਸੀ ਪਰ ਤੱਥਾਂ 'ਤੇ ਆਧਾਰਿਤ ਸੀ। ਉਨ੍ਹਾਂ ਦੱਸਿਆ ਕਿ 3 ਸਾਲ ਪਹਿਲਾਂ ਕੈਨੇਡਾ 'ਚ ਪੰਜਾਬ ਤੋਂ ਗਈ ਇਕ ਵਿਦਿਆਰਥਣ ਦੇ ਕਥਿਤ ਤੌਰ 'ਤੇ ਅਨੈਤਿਕ ਕੰਮਾਂ 'ਚ ਸ਼ਾਮਲ ਹੋਣ ਦੀ ਗੱਲ 'ਤੇ ਉਨ੍ਹਾਂ 2 ਮੈਂਬਰੀ ਟੀਮ ਇਸ ਦੀ ਪੁਸ਼ਟੀ ਲਈ ਕੈਨੇਡਾ ਭੇਜੀ ਸੀ, ਜਿਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪੰਜਾਬ ਤੋਂ ਵਿਦੇਸ਼ ਪੜ੍ਹਾਈ ਲਈ ਗਏ ਵਿਦਿਆਰਥੀ ਉੱਥੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ, ਕਿਉਂਕਿ ਵਿਦੇਸ਼ਾਂ 'ਚ ਹੁਣ ਰੋਜ਼ਗਾਰ ਸੰਕਟ ਵਧਣ ਲੱਗਿਆ ਹੈ ਅਤੇ ਮੰਦੀ ਘਰ ਕਰਨ ਲੱਗੀ ਹੈ। ਅਜਿਹੇ 'ਚ ਪੰਜਾਬ ਤੋਂ ਗਏ ਬੱਚਿਆਂ ਅੱਗੇ ਸੰਕਟ ਬਣਿਆ ਹੋਇਆ ਹੈ। ਵਿਦੇਸ਼ਾਂ 'ਚ ਮਕਾਨ ਦੇ ਕਿਰਾਏ ਅਤੇ ਖਾਣ-ਪੀਣ ਦੇ ਮਾਮਲੇ 'ਚ ਮਹਿੰਗਾਈ ਬਹੁਤ ਜ਼ਿਆਦਾ ਹੈ। ਸੇਖੜੀ ਨੇ ਕਿਹਾ ਵਧੀਆ ਪੜ੍ਹਾਈ ਅਤੇ ਰੋਜ਼ਗਾਰ ਦੇ ਲਾਲਚ 'ਚ ਬਹੁਤ ਸਾਰੇ ਪਰਿਵਾਰ ਆਪਣੇ 18-20 ਸਾਲ ਦੇ ਬੱਚਿਆਂ ਨੂੰ ਵਿਦੇਸ਼ ਭੇਜ ਦਿੰਦੇ ਹਨ, ਜਿਨ੍ਹਾਂ ਨੂੰ ਅਜੇ ਤਕ ਪੂਰੀ ਸਮਝ ਵੀ ਨਹੀਂ ਹੁੰਦੀ।

ਉਨ੍ਹਾਂ ਦੱਸਿਆ ਕਨਫੈੱਡਰੇਸ਼ਨ ਦੇ ਅਧੀਨ ਏਡਿਡ ਸਣੇ ਪੌਲੀਟੈਕਨਿਕ, ਫਾਰਮੇਸੀ ਆਦਿ ਦੇ ਤਕਰੀਬਨ 1,500 ਸਿੱਖਿਆ ਸੰਸਥਾਨ ਹਨ, ਜਿਨ੍ਹਾਂ 'ਚ 10 ਲੱਖ ਤੋਂ ਵੱਧ ਬੱਚੇ ਪੜ੍ਹਦੇ ਹਨ। ਉਨ੍ਹਾਂ ਦੱਸਿਆ ਕਿ ਇਕ ਤੱਥ ਸਾਹਮਣੇ ਆਇਆ ਹੈ ਕਿ ਬੱਚੇ ਪੰਜਾਬ ਤੋਂ ਸਕੂਲ ਸਿੱਖਿਆ ਹੀ ਹਾਸਲ ਕਰਦੇ ਹਨ ਅਤੇ ਬਾਅਦ 'ਚ ਵਿਦੇਸ਼ ਚਲੇ ਜਾਂਦੇ ਹਨ। ਪੰਜਾਬ ਦੇ ਵੱਖ-ਵੱਖ ਡਿਗਰੀ ਕਾਲਜਾਂ 'ਚ ਵਿਦਿਆਰਥੀਆਂ ਦੀ ਗਿਣਤੀ ਔਸਤਨ 45 ਫ਼ੀਸਦੀ ਤਕ ਘਟੀ ਹੈ। ਅਮੀਰ ਪਰਿਵਾਰਾਂ ਦੇ ਬੱਚੇ ਵੀ ਵਿਦੇਸ਼ ਜਾ ਕੇ ਮਜ਼ਦੂਰੀ, ਡਰਾਈਵਰੀ ਅਤੇ ਵੇਟਰ ਦਾ ਕੰਮ ਕਰਨ ਨੂੰ ਪਹਿਲ ਦੇ ਰਹੇ ਹਨ।



# ਮਾਲਵਾ ਇਲਾਕੇ ਨੇ 'ਉੜਤਾ ਪੰਜਾਬ' ਦੇ ਦਾਗ਼ ਧੋਣ ਲਈ ਲਾਈ ਨਵੀਂ ਜਾਗ

➢ ਮਾਲਵੇ ਦੇ ਅੱਠ ਜ਼ਿਲ੍ਹਿਆਂ 'ਚ ਨਸ਼ਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ➢ ਵੱਖ-ਵੱਖ ਪਿੰਡਾਂ 'ਚ ਨਸ਼ਾ ਵਿਰੋਧੀ ਕਮੇਟੀਆਂ ਦਾ ਗਠਨ
➢ ਨਸ਼ਿਆਂ ਖ਼ਿਲਾਫ਼ ਪਿੰਡਾਂ 'ਚ ਕੀਤੀਆਂ ਜਾ ਰਹੀਆਂ ਨੇ ਰੈਲੀਆਂ ➢ਕਿਸਾਨ ਅੰਦੋਲਨ ਵਾਂਗ ਹੀ ਨਸ਼ਿਆਂ ਖ਼ਿਲਾਫ਼ 'ਲੋਕ ਲਹਿਰ' ਆਰੰਭ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦਾ ਮਾਲਵਾ ਇਲਾਕਾ ਹੁਣ ਨਸ਼ਿਆਂ ਖ਼ਿਲਾਫ਼ ਡੱਟ ਗਿਆ ਹੈ ਅਤੇ ਮਾਲਵੇ ਦੇ ਵੱਖ- ਵੱਖ ਪਿੰਡਾਂ ਵਿੱਚ ਨਸ਼ਾ ਵਿਰੋਧੀ ਕਮੇਟੀਆਂ ਦਾ ਗਠਨ ਕਰਕੇ ਨਸ਼ੇ ਵਿਰੁੱਧ ਸੰਘਰਸ਼ ਆਰੰਭ ਕਰ ਦਿਤਾ ਗਿਆ ਹੈ। ਇਸਦੇ ਨਾਲ ਹੀ ਕਈ ਪਿੰਡਾਂ ਵਿੱਚ ਵਸਨੀਕਾਂ ਵੱਲੋਂ ਨਸ਼ਿਆਂ ਖ਼ਿਲਾਫ਼ ਰੋਸ ਮਾਰਚ ਵੀ ਕੀਤੇ ਗਏ ਹਨ, ਜਿਹਨਾਂ ਵਿੱਚ ਔਰਤਾਂ ਨੇ ਵੀ ਵੱਡੀ ਗਿਣਤੀ ਵਿੱਚ ਹਿਸਾ ਲਿਆ। ਮਾਲਵੇ ਦੇ ਵੱਖ- ਵੱਖ ਪਿੰਡਾਂ ਦੇ ਵਸਨੀਕਾਂ ਨੇ ਨਸ਼ਿਆਂ ਵਿਰੁੱਧ ਮੁਹਿੰਮ ਹੋਰ ਤੇਜ਼ ਕਰਨ ਲਈ ਅਗਲੇ ਦਿਨਾਂ ਦੌਰਾਨ ਵੀ ਜਨਤਕ ਇੱਕਠ ਕਰਨ ਦਾ ਐਲਾਨ ਕੀਤਾ ਹੈ।

ਬਠਿੰਡਾ ਦੇ ਪਿੰਡ ਦੁੱਲੇਵਾਲਾ 'ਚ ਨਸ਼ਾ ਤਸਕਰਾਂ ਦੇ ਰਾਹ ਰੋਕਣ ਲਈ ਦਿਨ-ਰਾਤ ਦਾ ਪਹਿਰਾ ਸ਼ੁਰੂ ਹੋ ਗਿਆ ਹੈ। ਬਰਨਾਲਾ ਦੇ ਪਿੰਡ ਢਿੱਲਵਾਂ ਦੇ ਲੋਕਾਂ ਨੇ 'ਚਿੱਟਾ ਮੁਕਤ ਕਮੇਟੀ' ਬਣਾ ਲਈ ਹੈ ਜਦੋਂ ਕਿ ਮੋਗਾ ਦੇ ਪਿੰਡ ਘੱਲ ਕਲਾਂ ਦੇ ਸਰਪੰਚ ਨੇ ਨਸ਼ੇੜੀਆਂ ਦੇ ਟਿਕਾਣੇ ਢਾਹ ਦਿੱਤੇ ਹਨ। ਮਾਨਸਾ ਜ਼ਿਲ੍ਹੇ 'ਚ ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਨੇ 14 ਅਗਸਤ ਨੂੰ ਵੱਡਾ ਇਕੱਠ ਸੱਦਿਆ ਹੈ। ਕਿਸਾਨ ਯੂਨੀਅਨ ਨੇ ਪਿੰਡ-ਪਿੰਡ ਮਾਰਚ ਸ਼ੁਰੂ



ਕਰ ਦਿੱਤੇ ਹਨ। ਮਾਲਵੇ ਦੇ ਕਰੀਬ ਅੱਠ ਜ਼ਿਲ੍ਹਿਆਂ 'ਚ ਇਹ ਨਵੀਂ ਤਸਵੀਰ ਉੱਭਰੀ ਹੈ ਜੋ ਸੂਬੇ ਲਈ ਇੱਕ ਸ਼ੁੱਭ ਸੁਨੇਹਾ ਵੀ ਹੈ ਕਿ ਆਖ਼ਰ ਲੋਕ 'ਚਿੱਟੇ' ਖ਼ਿਲਾਫ਼ ਜਾਗ ਪਏ ਹਨ ਜਿਨ੍ਹਾਂ 'ਉੜਤਾ ਪੰਜਾਬ' ਦੇ ਦਾਗ਼ ਧੋਣ ਲਈ ਨਵੀਂ ਜਾਗ ਲਾਈ ਹੈ। ਲੋਕ ਦਬਾਓ ਪਿੱਛੋਂ ਪੁਲਿਸ ਨੇ ਵੀ ਆਪਣਾ ਰੁਖ਼ ਬਦਲਿਆ ਹੈ। ਹਾਲਾਂਕਿ ਫ਼ਰੀਦਕੋਟ ਦੇ ਪਿੰਡ ਢਿਲਵਾਂ ਖ਼ੁਰਦ ਵਿੱਚ 'ਨਸ਼ਾ ਵਿਰੋਧੀ ਕਮੇਟੀ' ਦੇ ਇੱਕ ਮੈਂਬਰ ਨੂੰ ਨਸ਼ਾ ਤਸਕਰਾਂ ਨੇ ਕਤਲ ਜਦਕਿ ਪਿੰਡ ਭੁੱਚੋ ਕਲਾਂ ਦੇ ਨਸ਼ੇੜੀਆਂ ਨੂੰ ਰੋਕਣ ਵਾਲੇ ਇੱਕ ਨੌਜਵਾਨ ਨੂੰ ਜ਼ਖ਼ਮੀ ਕਰ ਦਿੱਤਾ ਹੈ। ਨਵੀਂ ਮੁਹਿੰਮ ਤਸਕਰਾਂ ਨੂੰ ਰਾਸ ਨਹੀਂ ਆ ਰਹੀ ਹੈ। ਫ਼ਰੀਦਕੋਟ ਦੇ ਸਾਦਿਕ ਵਿੱਚ 31 ਮੈਂਬਰੀ ਨਸ਼ਾ ਵਿਰੋਧੀ ਕਮੇਟੀ ਨੇ ਬੀਤੇ ਦਿਨ ਮਾਰਚ ਕੱਢਿਆ। ਕਮੇਟੀ ਨੇ ਦਰਜਨ ਤਸਕਰਾਂ ਦੇ ਨਾਮ ਪੁਲਿਸ ਕੋਲ ਜਨਤਕ ਕੀਤੇ ਹਨ ਜਿਨ੍ਹਾਂ 'ਚੋਂ ਦੋ ਨੂੰ ਪੁਲਿਸ ਨੇ ਫੜ ਲਿਆ ਹੈ। ਨੌਜਵਾਨ ਗੁਰਪ੍ਰੀਤ ਨੇ ਕਿਹਾ ਕਿ ਪਹਿਲੀ ਦਫ਼ਾ ਲੋਕਾਂ ਦਾ ਏਡਾ ਵੱਡਾ ਹੁੰਗਾਰਾ ਮਿਲਿਆ ਹੈ। ਮੋਗਾ ਦੇ ਪਿੰਡ ਘੱਲ ਕਲਾਂ ਦੇ ਸਰਪੰਚ ਸਿਮਰਨਜੀਤ ਸਿੰਘ ਨੇ ਇਕੱਠ ਕਰਕੇ ਐਲਾਨ ਕੀਤਾ ਕਿ ਉਹ ਕਿਸੇ ਵੀ ਨਸ਼ਾ ਤਸਕਰ ਦੀ ਪੈਰਵੀ ਨਹੀਂ ਕਰਨਗੇ। ਉਨ੍ਹਾਂ

(ਬਾਕੀ ਸਫ਼ਾ 30 'ਤੇ)

# ਕੇਂਦਰੀ ਏਜੰਸੀਆਂ ਨੂੰ ਨਿਰਪੱਖ ਭੂਮਿਕਾ ਨਿਭਾਉਣ ਦੀ ਲੋੜ

## ਲੋਕਤੰਤਰੀ ਕਦਰਾਂ ਕੀਮਤਾਂ ਅਨੁਸਾਰ ਸਹੀ ਨਹੀਂ ਹੈ ਵਿਰੋਧੀ ਆਗੂਆਂ ਵਿਰੁੱਧ ਕੇਂਦਰੀ ਏਜੰਸੀਆਂ ਦੀ ਵਰਤੋਂ ਕਰਨਾ

## ਕੇਂਦਰੀ ਏਜੰਸੀਆਂ ਬਣੀਆਂ ਸਰਕਾਰ ਦੇ ਪਾਲਤੂ ਤੋਤੇ : ਵਿਰੋਧੀ ਧਿਰ




ਭਾਰਤ ਵਿੱਚ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਅਕਸਰ ਦੋਸ਼ ਲਗਾਏ ਜਾਂਦੇ ਹਨ ਕਿ ਕੇਂਦਰ ਸਰਕਾਰ ਕੇਂਦਰੀ ਏਜੰਸੀਆਂ ਦੀ ਵਰਤੋ ਵਿਰੋਧੀਆਂ ਨੂੰ ਡਰਾਉਣ ਲਈ ਕਰ ਰਹੀ ਹੈ। ਵਿਰੋਧੀ ਆਗੂ ਕਹਿੰਦੇ ਹਨ ਕਿ ਹੁਣ ਇੱਕ ਕੇਂਦਰੀ ਮੰਤਰੀ ਵੱਲੋਂ ਵਿਰੋਧੀ ਆਗੂਆਂ ਨੂੰ ਉਹਨਾਂ ਦੇ ਘਰ ਈ. ਡੀ. ਭੇਜਣ ਦੀ ਦਿੱਤੀ ਧਮਕੀ ਤੋਂ ਇਹ ਸਾਰਾ ਮਾਮਲਾ ਸਪਸ਼ਟ ਹੋ ਗਿਆ ਹੈ ਕਿ ਕੇਂਦਰ ਸਰਕਾਰ ਈ.ਡੀ., ਸੀ.ਬੀ.ਆਈ. ਅਤੇ ਹੋਰ ਕੇਂਦਰੀ ਏਜੰਸੀਆਂ ਦੀ ਦੁਰਵਰਤੋ ਕਰਦਿਆਂ ਵਿਰੋਧੀਆਂ ਨੂੰ ਦਬਾਉਣ ਦਾ ਯਤਨ ਕਰ ਰਹੀ ਹੈ। ਵਿਰੋਧੀ ਧਿਰ ਦੋਸ਼ ਲਗਾ ਰਹੀ ਹੈ ਕਿ ਕੇਂਦਰੀ ਏਜੰਸੀਆਂ ਅਸਲ ਵਿੱਚ ਕੇਂਦਰ ਸਰਕਾਰ ਦੇ ਪਾਲਤੂ ਤੋਤੇ ਬਣ ਗਈਆਂ ਹਨ।



ਕੇਂਦਰੀ ਏਜੰਸੀਆਂ ਦੀ ਇਸ ਤਰਾਂ ਵਰਤੋ ਦਾ ਮਾਮਲਾ ਸਿਰਫ਼ ਮੋਦੀ ਸਰਕਾਰ ਸਮੇਂ ਹੀ ਨਹੀਂ ਉਭਰਿਆ, ਸਗੋਂ ਪਿਛਲੀਆਂ ਕਾਂਗਰਸ ਸਰਕਾਰਾਂ ਵੇਲੇ ਵੀ ਉਭਰਦਾ ਆਇਆ ਹੈ। ਜਦੋਂ ਭਾਰਤ ਵਿੱਚ ਕਾਂਗਰਸ ਸਰਕਾਰ ਸੀ ਤਾਂ ਅਕਸਰ ਉਸ ਸਮੇਂ ਦੇ ਵਿਰੋਧੀ ਆਗੂਆਂ ਵੱਲੋਂ ਇਹ ਦੋਸ਼ ਲਗਾਇਆ ਜਾਂਦਾ ਸੀ ਕਿ ਉਸ ਸਮੇਂ ਦੀ ਕਾਂਗਰਸ ਸਰਕਾਰ ਵਿਰੋਧੀ ਧਿਰ ਨੂੰ ਦਬਾਉਣ ਲਈ ਕੇਂਦਰੀ ਏਂਜਸੀਆਂ ਦੀ ਦੁਰਵਰਤੋ ਕਰ ਰਹੀ ਹੈ। ਹੁਣ ਕਾਂਗਰਸ ਅਤੇ ਉਸਦੀਆਂ ਸਮਰਥਕ ਵਿਰੋਧੀ ਪਾਰਟੀਆਂ ਕੇਂਦਰ ਦੀ ਭਾਜਪਾ ਸਰਕਾਰ ’ਤੇ ਇਸ ਤਰਾਂ ਦਾ ਦੋਸ਼ ਲਗਾ ਰਹੀਆਂ ਹਨ।

ਵਿਰੋਧੀ ਪਾਰਟੀਆਂ ਦੇ ਆਗੂ ਕਹਿ ਰਹੇ ਹਨ ਕਿ ਭਾਰਤ ਵਿੱਚ ਜਦੋਂ ਦੀ ਮੋਦੀ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਹੀ ਇਸ ਸਰਕਾਰ ਵੱਲੋਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਡਰਾਉਣ ਅਤੇ ਦਬਾਉਣ ਲਈ ਈ.ਡੀ., ਸੀ ਬੀ ਆਈ ਅਤੇ ਹੋਰ ਏਜੰਸੀਆਂ ਦੇ ਛਾਪੇ ਮਰਵਾਏ ਜਾ ਰਹੇ ਹਨ। ਵਿਰੋਧੀ ਆਗੂ ਦੋਸ਼ ਲਗਾ ਰਹੇ ਹਨ ਕਿ ਭਾਰਤ ਵਿੱਚ ਤਾਂ ਹਾਲ ਇਹ ਹੋ ਗਿਆ ਹੈ ਕਿ ਜਿਹੜਾ ਵੀ ਆਗੂ ਕੇਂਦਰ ਸਰਕਾਰ ਦੀਆਂ ਨੀਤੀਅ ਦੀ ਆਲੋਚਨਾ ਕਰਦਾ ਹੈ ਤਾਂ ਤੁਰੰਤ ਕੇਂਦਰੀ ਏਜੰਸੀਆਂ ਉਹਨਾਂ ਆਗੂਆਂ ਦੇ ਮਗਰ ਪੈ ਜਾਂਦੀਆਂ ਹਨ। ਵਿਰੋਧੀ ਆਗੂ ਕਹਿ ਰਹੇ ਹਨ ਕਿ ਹੁਣ ਤਾਂ ਇੱਕ ਕੇਂਦਰੀ ਮੰਤਰੀ ਨੇ ਵਿਰੋਧੀ ਆਗੂਆਂ ਨੂੰ ਸ਼ਪਸ਼ਟ ਧਮਕੀ ਦੇ ਦਿਤੀ ਹੈ ਕਿ ਉਹਨਾਂ ਦੇ ਘਰ ਕਿਤੇ ਈ ਡੀ ਨਾ ਪਹੁੰਚ ਜਾਵੇ। ਵਿਰੋਧੀ ਆਗੂ ਕਹਿ ਰਹੇ ਹਨ ਕਿ ਇਸ ਤਰਾਂ ਭਾਰਤ ਵਿੱਚ ਵਿਰੋਧੀ ਆਗੂਆਂ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਕੁਝ ਭਾਜਪਾ ਆਗੂ ਕਹਿੰਦੇ ਹਨ ਕਿ ਕਾਂਗਰਸ ਨੂੰ ਆਪਣੀਆਂ ਪਿਛਲੀਆਂ ਸਰਕਾਰਾਂ ਦੀ ਕਾਰਗੁਜਾਰੀ ਭੁੱਲ ਗਈ ਹੈ। ਇਹਨਾਂ ਭਾਜਪਾ ਆਗੂਆਂ ਦਾ ਕਹਿਣਾਂ ਹੈ ਕਿ ਭਾਰਤ ਵਿੱਚ ਜਦੋਂ ਵੀ ਕਾਂਗਰਸ ਸਰਕਾਰ ਬਣੀ ਹੈ,ਤਾਂ ਉਸ ਸਰਕਾਰ ਵੱਲੋਂ ਆਪਣੇ ਵਿਰੋਧੀ ਆਗੂਆਂ ਵਿਰੁੱਧ ਸੀ ਬੀ ਆਈ ਅਤੇ ਹੋਰ ਏਜੰਸੀਆਂ ਦੀ ਵਰਤੋ ਕੀਤੀ ਜਾਂਦੀ ਰਹੀ ਹੈ, ਤਾਂ ਹੁਣ ਕਾਂਗਰਸੀ ਅ ਾਗੂ ਕਿਸ ਤਰਾਂ ਇਹਨਾਂ ਏਜੰਸੀਆਂ ਵਿਰੁੱਧ ਬਿਆਨਬਾਜੀ ਕਰ ਰਹੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਭਾਵੇਂ ਭਾਜਪਾ ਦੀ ਹੋਵੇ ਜਾਂ ਕਾਂਗਰਸ ਦੀ ਹੋਵੇ ਪਰ ਕੇਂਦਰੀ ਏਂਜਸੀਆਂ ਦੀ ਦੁਰਵਰਤੋ ਨਹੀਂ ਕਰਨੀ ਚਾਹੀਦੀ। ਜੇ ਸਰਕਾਰਾਂ ਕੇਂਦਰੀ ਏਂਜਸੀਆਂ ਦੀ ਵਰਤੋ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਕਰਨਗੀਆਂ ਤਾਂ ਇਹਨਾਂ ਏਜੰਸੀਆਂ ਦੀ ਭਰੋਸੇਯੋਗਤਾ ਖਤਮ ਹੋ ਜਾਵੇਗੀ।

# ਮੋਦੀ ਸਰਕਾਰ ਦੀ ਖ਼ਾਸਮ ਖ਼ਾਸ, ਸਰਕਾਰੀ ਅਧਿਕਾਰੀਆਂ ਦੀ ਤ੍ਰਿਮੂਰਤੀ

ਨਵੀਂ ਦਿੱਲੀ/ ਏ.ਟੀ.ਨਿਊਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੇ ਪ੍ਰਮੁੱਖ ਅਧਿਕਾਰੀਆਂ ਦੀ ਤ੍ਰਿਮੂਰਤੀ ਵਿੱਚ ਅਟੁੱਟ ਵਿਸ਼ਵਾਸ ਹੈ। ਇਸੇ ਲਈ ਉਨ੍ਹਾਂ ਨੂੰ ਹਾਲ ਦੀ ਘੜੀ ਸੇਵਾ ਵਿੱਚ ਵਾਧਾ ਦਿੱਤਾ ਗਿਆ ਹੈ। ਸੁਪਰੀਮ ਕੋਰਟ ਦੀ ਸਖ਼ਤ ਟਿੱਪਣੀ ਦੇ ਬਾਵਜੂਦ ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੇ ਡਾਇਰੈਕਟਰ ਸੰਜੇ ਮਿਸ਼ਰਾ ਨੂੰ ਕੇਂਦਰ ਸਰਕਾਰ ਦਾ ਸਾਥ ਮਿਲਿਆ। ਸਰਕਾਰ ਨੇ ਸਾਲਿਸਟਰ ਜਨਰਲ ਰਾਹੀਂ ਅਦਾਲਤ ਵਿੱਚ ਮਿਸ਼ਰਾ ਦੀ ਸੇਵਾ ਵਧਾਉਣ ਦੀ ਵਕਾਲਤ ਕੀਤੀ ਸੀ। ਮਿਸ਼ਰਾ ਦੇ ਐਕਸਟੈਂਸ਼ਨ ’ਤੇ ਸਰਕਾਰ ਦੇ ਸਟੈਂਡ ਕਾਰਨ ਸਿਆਸੀ ਹਲਕਿਆਂ ’ਚ ਕਈ ਤਰ੍ਹਾਂ ਦੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ।

ਅਸੀਂ ਗੱਲ ਕਰ ਰਹੇ ਹਾਂ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਡਾਇਰੈਕਟਰ ਸੰਜੇ ਕੁਮਾਰ ਮਿਸ਼ਰਾ, ਕੈਬਨਿਟ ਸਕੱਤਰ ਰਾਜੀਵ ਗਾਬਾ ਅਤੇ ਗ੍ਰਹਿ ਸਕੱਤਰ ਅਜੇ ਭੱਲਾ ਦੀ। ਤਿੰਨੋਂ ਸੀਨੀਅਰ ਅਧਿਕਾਰੀਆਂ ਦਾ ਹਾਲ ਹੀ ਵਿੱਚ ਸੇਵਾਕਾਲ ਵਿੱਚ ਵਾਧਾ ਕੀਤਾ ਗਿਆ ਹੈ। ਅਜੇ ਭੱਲਾ ਨੂੰ ਲਗਾਤਾਰ ਚੌਥੀ ਵਾਰ ਸੇਵਾ ਵਿਚ ਵਾਧਾ ਦਿੱਤਾ ਗਿਆ ਹੈ।

ਸੰਜੇ ਕੁਮਾਰ ਮਿਸ਼ਰਾ: ਇਨਫੋਰਸਮੈਂਟ ਡਾਇਰੈਕਟੋਰੇਟ ਦੇ ਡਾਇਰੈਕਟਰ ਵਜੋਂ ਤਾਇਨਾਤ ਹਨ। ਉਹ 1984 ਬੈਚ ਦਾ ਭਾਰਤੀ ਮਾਲ ਸੇਵਾ ਅਧਿਕਾਰੀ ਹੈ। ਸੰਜੇ ਕੁਮਾਰ ਮਿਸ਼ਰਾ ਨੂੰ ਅਕਤੂਬਰ 2018 ਵਿੱਚ ਤਿੰਨ ਮਹੀਨਿਆਂ ਲਈ ਇਨਫੋਰਸਮੈਂਟ ਡਾਇਰੈਕਟੋਰੇਟ ਦਾ ਅੰਤਰਿਮ ਡਾਇਰੈਕਟਰ ਬਣਾਇਆ ਗਿਆ ਸੀ। ਬਾਅਦ ਵਿੱਚ ਉਨ੍ਹਾਂ ਨੂੰ ਜਾਂਚ ਏਜੰਸੀ ਦੀ ਪੂਰੀ ਕਮਾਨ ਸੌਂਪ ਦਿੱਤੀ ਗਈ। ਕੇਂਦਰ ਸਰਕਾਰ ਨੇ ਉਨ੍ਹਾਂ ਦਾ ਕਾਰਜਕਾਲ ਇੱਕ ਸਾਲ ਲਈ 18 ਨਵੰਬਰ 2023 ਤੱਕ ਵਧਾ ਦਿੱਤਾ ਸੀ।



ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ।

ਤੁਹਾਨੂੰ ਦੱਸ ਦੇਈਏ ਕਿ ਉਹ ਆਪਣੇ ਬੈਚ ਦੇ ਸਭ ਤੋਂ ਘੱਟ ਉਮਰ ਦੇ ਅਧਿਕਾਰੀ ਸਨ। ਸੰਜੇ ਮਿਸ਼ਰਾ ਦੇ ਕਾਰਜਕਾਲ ਦੌਰਾਨ ਈਡੀ ਨੇ ਕਈ ਉੱਚ-ਪ੍ਰੋਫਾਈਲ ਸਿਆਸੀ ਨੇਤਾਵਾਂ ਦੇ ਖਿਲਾਫ ਕਾਰਵਾਈ ਕੀਤੀ ਸੀ। ਵਿਰੋਧੀ ਪਾਰਟੀਆਂ ਨੇ ਵੀ ਆਪਣੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਜਾਂਚ ਏਜੰਸੀ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਇਆ ਹੈ। ਸੁਪਰੀਮ ਕੋਰਟ ਨੇ 11 ਜੁਲਾਈ ਨੂੰ ਉਨ੍ਹਾਂ ਨੂੰ ਦਿੱਤੀ ਗਈ ਤੀਜੀ ਮਿਆਦ ਦੇ ਵਾਧੇ ਨੂੰ ਅਯੋਗ ਕਰਾਰ ਦਿੱਤਾ ਸੀ। ਅਦਾਲਤ ਨੇ ਉਸ ਨੂੰ 31 ਜੁਲਾਈ 2023 ਤੱਕ ਅਹੁਦਾ ਛੱਡਣ ਦਾ ਹੁਕਮ ਦਿੱਤਾ ਹੈ। ਬਾਅਦ ਵਿੱਚ ਕਾਰਜਕਾਲ ਵਧਾਉਣ ਦੀ ਮਨਜ਼ੂਰੀ ਦਿੱਤੀ ਗਈ।

ਰਾਜੀਵ ਗਾਬਾ: ਕੈਬਨਿਟ ਸਕੱਤਰ ਰਾਜੀਵ ਗਾਬਾ ਝਾਰਖੰਡ ਕੇਡਰ ਦੇ 1982 ਬੈਚ ਦੇ ਆਈਏਐਸ ਅਧਿਕਾਰੀ ਹਨ। ਸਰਕਾਰ ਨੇ ਹਾਲ ਹੀ ਵਿੱਚ ਉਨ੍ਹਾਂ ਨੂੰ 30 ਅਗਸਤ, 2023 ਤੋਂ ਬਾਅਦ ਇੱਕ ਸਾਲ ਦਾ ਐਕਸਟੈਂਸ਼ਨ ਦਿੱਤਾ ਹੈ। ਇਸ ਅਹੁਦੇ ’ਤੇ ਉਨ੍ਹਾਂ ਨੂੰ ਦਿੱਤਾ ਗਿਆ ਇਹ ਤੀਜਾ ਐਕਸਟੈਂਸ਼ਨ ਹੈ। ਗੌਬਾ ਨੂੰ ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ, 2019 ਦਾ ਪ੍ਰਮੁੱਖ ਆਰਕੀਟੈਕਟ ਮੰਨਿਆ ਜਾਂਦਾ ਹੈ। ਉਸਨੇ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਵਿੱਚ ਸਕੱਤਰ ਅਤੇ ਗ੍ਰਹਿ ਮੰਤਰਾਲੇ ਵਿੱਚ ਵਧੀਕ ਸਕੱਤਰ ਦੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਹੋਰ ਜ਼ਿੰਮੇਵਾਰੀਆਂ ਵੀ ਨਿਭਾਈਆਂ। ਪੰਜਾਬ ਵਿੱਚ ਜਨਮੇ, ਗਾਬਾ ਨੇ ਪਟਨਾ ਯੂਨੀਵਰਸਿਟੀ ਤੋਂ ਭੌਤਿਕ ਵਿਗਿਆਨ ਵਿੱਚ ਆਪਣੀ ਬੈਚਲਰ ਡਿਗਰੀ ਹਾਸਲ ਕੀਤੀ। ਉਹ 2016 ਵਿੱਚ ਕੇਂਦਰ ਸਰਕਾਰ ਵਿੱਚ ਸੇਵਾ ਕਰਨ ਤੋਂ ਪਹਿਲਾਂ 15 ਮਹੀਨਿਆਂ ਲਈ ਝਾਰਖੰਡ ਵਿੱਚ ਮੁੱਖ ਸਕੱਤਰ ਸਨ। ਤੀਸਰਾ ਵਿਸਥਾਰ ਪੂਰਾ ਹੋਣ ਨਾਲ ਉਹ ਦੇਸ਼ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਕੈਬਨਿਟ ਸਕੱਤਰ ਬਣ ਜਾਣਗੇ। ਬੀ.ਡੀ. ਪਾਂਡੇ ਸਭ ਤੋਂ ਲੰਬੇ ਸਮੇਂ ਤੱਕ ਕੈਬਨਿਟ ਸਕੱਤਰ ਰਹੇ। ਉਨ੍ਹਾਂ ਦਾ ਕਾਰਜਕਾਲ 2 ਨਵੰਬਰ 1972 ਤੋਂ 31 ਮਾਰਚ 1977 ਤੱਕ ਰਿਹਾ।

ਅਜੈ ਭੱਲਾ: ਗ੍ਰਹਿ ਸਕੱਤਰ ਅਜੈ ਭੱਲਾ ਅਸਾਮ-ਮੇਘਾਲਿਆ ਕੇਡਰ ਦੇ 1984 ਬੈਚ ਦੇ ਆਈਏਐਸ ਅਧਿਕਾਰੀ ਹਨ। ਉਨ੍ਹਾਂ ਨੂੰ 2019 ਵਿੱਚ (**ਬਾਕੀ ਸਫ਼ਾ 30 ’ਤੇ**)

# ਮਹਿੰਗਾਈ ਨੇ ਵਿਗਾੜਿਆ ਲੋਕਾਂ ਦਾ ਘਰੇਲੂ ਬਜਟ

## ਮਹਿੰਗਾਈ ਦੇ ਫ਼ਾਇਦੇ ਦੱਸ ਰਿਹਾ ਹੈ ਸਰਕਾਰ ਪੱਖੀ ਮੀਡੀਆ



ਭਾਰਤ ਵਿੱਚ ਦਿਨੋਂ-ਦਿਨ ਵੱਧ ਰਹੀ ਮਹਿੰਗਾਈ ਆਮ ਆਦਮੀ ਦਾ ਲੱਕ ਤੋੜ ਰਹੀ ਹੈ। ਮਹਿੰਗਾਈ ਕਾਰਨ ਜਿੱਥੇ ਹੇਠਲੇ ਵਰਗ ਲਈ ਥਾਲੀ ਮਹਿੰਗੀ ਹੁੰਦੀ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਘਰੇਲੂ ਔਰਤਾਂ ਦਾ ਘਰੇਲੂ ਬਜਟ ਵੀ ਵਿਗੜ ਰਿਹਾ ਹੈ। ਮਹਿੰਗਾਈ ਦਾ ਹਾਲ ਇਹ ਹੋ ਗਿਆ ਹੈ ਕਿ ਸਵੇਰੇ ਖਰੀਦੀ ਗਈ ਚੀਜ਼ ਦੇ ਭਾਅ ਸ਼ਾਮ ਤੱਕ ਵੱਧ ਜਾਂਦੇ ਹਨ ਅਤੇ ਹਰ ਦਿਨ ਮਹਿੰਗਾਈ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸਦਾ ਸਾਰਾ ਭਾਰ ਆਮ ਆਦਮੀ ਦੀ ਜੇਬ ’ਤੇ ਪੈ ਰਿਹਾ ਹੈ। ਜੁਲਾਈ 2023 ਵਿੱਚ ਮਹਿੰਗਾਈ ਸਭ ਹੱਦਾਂ ਬੰਨੇ ਪਾਰ ਕਰ ਗਈ, ਜਿਸ ਕਰਕੇ ਵੱਡੀ ਗਿਣਤੀ ਭਾਰਤੀ ਲੋਕਾਂ ਦਾ ਘਰੇਲੂ ਬਜਟ ਗੜਬੜਾ ਗਿਆ। ਦੂਜੇ ਪਾਸੇ ਕੇਂਦਰ ਸਰਕਾਰ ਅਤੇ ਸਰਕਾਰ ਪੱਖੀ ਮੀਡੀਆ ਮਹਿੰਗਾਈ ’ਚ ਵਾਧਾ ਹੋਣ ਦੇ ਫਾਇਦੇ ਗਿਣਾ ਰਹੇ ਹਨ। ਇਹਨਾਂ ਦਾ ਕਹਿਣਾ ਹੈ ਕਿ ਮਹਿੰਗਾਈ ਵਿੱਚ ਵਾਧਾ ਹੋਣ ਕਰਕੇ ਭਾਰਤੀ ਬਾਜ਼ਾਰ ਵਿੱਚ ਚੀਜ਼ਾਂ ਦੀ ਮੰਗ ਵਧੇਗੀ ਅਤੇ ਸਮਾਨ ਦੀ ਮੰਗ ਵੱਧਣ ਨਾਲ ਉਤਪਾਦਨ ਵਿੱਚ ਵਾਧਾ ਹੋਵੇਗਾ। ਇਸ ਤਰਾਂ ਮਹਿੰਗਾਈ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਕੇਂਦਰ ਸਰਕਾਰ ਅਤੇ ਸਰਕਾਰ ਪੱਖੀ ਟੀ ਵੀ ਚੈਨਲਾਂ ਵੱਲੋਂ ਅੰਕੜਿਆਂ ਨ ਾਲ ਭਰਮਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਅਸਲੀਅਤ ਤਾਂ ਇਹ ਹੈ ਕਿ ਸਾਲ 2023 ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤਕ ਮਹਿੰਗਾਈ ਵਿੱਚ ਲਗਾਤਾਰ ਵਾਧਾ ਹੁੰਦਾ ਆਇਆ ਹੈ, ਜਿਸ ਕਾਰਨ ਆਮ ਲੋਕਾਂ ਲਈ ਦੋ ਵੇਲੇ ਦੀ ਰੋਟੀ ਦਾ ਜੁਗਾੜ ਕਰਨਾ ਮੁਸ਼ਕਿਲ ਹੋ ਗਿਆ ਹੈ।

ਮਹਿੰਗਾਈ ਕਾਰਨ ਆਮ ਆਦਮੀ ਦਾ ਜੋ ਬੋਝ ਵੱਧ ਰਿਹਾ ਹੈ, ਉਹ ਘਰੇਲੂ ਖਰਚੇ ਘਟਣ ਤੋਂ ਬਾਅਦ ਘੱਟ ਨਹੀਂ ਹੋ ਰਿਹਾ। ਆਮ ਲੋਕਾਂ ਨੂੰ ਸਮਝ ਨਹੀਂ ਆ ਰਹੀ ਕਿ ਕੀ ਖਾਣ ਤੇ ਕੀ ਬਚਾਉਣ।

ਭਾਰਤ ਵਿੱਚ ਸਕੂਲਾਂ ਦੀਆਂ ਫੀਸਾਂ ਤੋਂ ਲੈ ਕੇ ਖਾਣ-ਪੀਣ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਇਆ ਹੈ ਪਰ ਤਨਖਾਹ ਪਹਿਲਾਂ ਵਾਂਗ ਹੀ ਹੈ। ਹੁਣ ਆਮ ਆਦਮੀ ਬਹੁਤ ਮੁਸ਼ਕਲਾਂ ਵਿੱਚੋਂ ਗੁਜ਼ਰ ਰਹੇ ਹਨ। ਆਮ ਆਦਮੀ ਲਈ ਮਹਿੰਗਾਈ ਵਿੱਚ ਜਿਊਣਾ ਜੰਗ ਜਿੱਤਣ ਵਰਗਾ ਹੁੰਦਾ ਜਾ ਰਿਹਾ ਹੈ।

ਮੰਹਿਗਾਈ ਵਿੱਚ ਵਾਧੇ ਦੇ ਚਾਰ ਕਾਰਨ ਦਸੇ ਜਾ ਰਹੇ ਹਨ। ਸਾਲ 2018, 2019, 2020 ਅਤੇ 2021 ਵਿੱਚ ਆਰਥਿਕ ਮੰਦੀ ਕਾਰਨ ਚੀਜ਼ਾਂ ਮਹਿੰਗੀਆਂ ਹੋ ਗਈਆਂ। ਕੋਵਿਡ ਦੀ ਮਿਆਦ ਦੇ ਦੌਰਾਨ ਅਤੇ ਬਾਅਦ ਵਿੱਚ ਉਤਪਾਦਨ ਘਟਿਆ। ਰੂਸ-ਯੂਕਰੇਨ ਯੁੱਧ ਕਾਰਨ ਖਾਣ ਵਾਲੇ ਤੇਲ ਦੀਆਂ ਕੀਮਤਾਂ ਵਧੀਆਂ। ਅਸੰਗਠਿਤ ਸਪਲਾਈ ਚੇਨ ਕਾਰਨ ਚੀਜ਼ਾਂ ਵੀ ਮਹਿੰਗੀਆਂ ਹੋ ਗਈਆਂ।

ਮਹਿੰਗਾਈ ਕਾਰਨ ਸਭ ਤੋਂ ਵੱਧ ਅਸਰ ਗਰੀਬ ਜਾਂ ਘੱਟ ਆਮਦਨ ਵਰਗ ਦੇ ਲੋਕਾਂ ’ਤੇ ਪੈ ਰਿਹਾ ਹੈ ਕਿਉਂਕਿ ਮਹਿੰਗਾਈ ਕਾਰਨ ਉਹ ਆਪਣੀ ਜ਼ਰੂਰਤ ਦੀਆਂ ਚੀਜ਼ਾਂ ਨੂੰ ਬੜੀ ਮੁਸ਼ਕਿਲ ਨਾਲ ਖਰੀਦ ਸਕਦੇ ਹਨ। ਮਹਿੰਗਾਈ ਕਾਰਨ ਲੋਕ ਆਪਣੇ ਪੈਸੇ ਦੀ ਬੱਚਤ ਨਹੀਂ ਕਰ ਸਕਣਗੇ ਅਤੇ ਬੱਚਤ ਦੀ ਘਾਟ ਕਾਰਨ ਨਿਵੇਸ਼ ਨਹੀਂ ਹੋਵੇਗਾ, ਯਾਨੀ ਨਿਵੇਸ਼ ਲਈ ਪ੍ਰਤੀਕੂਲ ਹਾਲਾਤ ਪੈਦਾ ਹੋ ਜਾਣਗੇ। ਮਹਿੰਗਾਈ ਦੀ ਮਾਤਰਾ ਵਧਣ ਕਾਰਨ ਦੇਸ਼ ਦੀਆਂ ਸਰਕਾਰਾਂ ਪ੍ਰਤੀ ਆਮ ਨਾਗਰਿਕਾਂ ਦਾ ਗੁੱਸਾ ਵੀ (**ਬਾਕੀ ਸਫ਼ਾ 30 ’ਤੇ**)

## ਦਰਪਣ ਝੂਠ ਨਹੀਂ ਬੋਲਦਾ

# ਸਿੱਖ ਪੰਥ ਤੇ ਜਾਟਾਂ ਕਾਰਨ ਨੂਹ (ਮੇਵਾਤ) ਨੂੰ ਮਨੀਪੁਰ-ਗੁਜਰਾਤ ਬਣਾਉਣ ਦੀ ਭਗਵੀਂ ਸਾਜ਼ਿਸ਼ ਠੁਸ

## ਚੋਣਾਂ ਜਿੱਤਣ ਲਈ ਹਾਕਮ ਕੁਝ ਵੀ ਕਰਾ ਸਕਦੇ ਨੇ: ਮਲਿਕ

## ਸਿੱਖਾਂ ਨੇ ਬਚਾਈ 12 ਮਾਸੂਮ ਬੱਚਿਆਂ ਤੇ ਕਈ ਔਰਤਾਂ ਦੀ ਜਾਨ

## ਹਿਸਾਰ ਵਿੱਚ ਹਿੰਦੂਤਵੀ ਜਥੇਬੰਦੀਆਂ ਦੀ ਰੈਲੀ ਵਿੱਚ ਮੁਸਲਮਾਨਾਂ ਖ਼ਿਲਾਫ਼ ਹਿੰਸਾ ਦਾ ਸੱਦਾ

ਹਰਿਆਣਾ ਪੁਲਿਸ ਨੇ ਨੂਹ ਤੇ ਦਿੱਲੀ ਕੌਮੀ ਰਾਜਧਾਨੀ ਖੇਤਰ ਨਾਲ ਲੱਗਦੇ ਹੋਰਨਾਂ ਜ਼ਿਲ੍ਹਿਆਂ ਵਿੱਚ ਹਿੰਸਾ ਤੇ ਅੱਗਜ਼ਨੀ ਦੀਆਂ ਘਟਨਾਵਾਂ ਨੂੰ ਲੈ ਕੇ ਹੁਣ ਤਕ 35 ਹੋਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁਕਾ ਹੈ। ਇਸ ਭਗਵੀਂ ਹਿੰਸਾ ਨੇ 6 ਲੋਕਾਂ ਦੀ ਜਾਨ ਲੈ ਲਈ। ਇਸ ਵਿੱਚ ਮੁਸਲਮਾਨ, ਹਿੰਦੂ ਅਤੇ ਪੁਲਿਸ ਵਾਲੇ ਵੀ ਸ਼ਾਮਲ ਸਨ। ਸੈਂਕੜੇ ਦੁਕਾਨਾਂ ਅਤੇ ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ। ਇਸ ਨਾਲ ਹਿੰਸਕ ਝੜਪਾਂ ਦੇ ਮਾਮਲੇ ਵਿੱਚ ਹੁਣ ਤੱਕ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਗਿਣਤੀ 188 ਹੋ ਗਈ ਹੈ ਜਦੋਂਕਿ 88 ਵਿਅਕਤੀਆਂ ਨੂੰ ਇਹਤਿਆਤ ਵਜੋਂ ਹਿਰਾਸਤ ਵਿੱਚ ਲਿਆ ਗਿਆ ਹੈ। ਹਰਿਆਣਾ ਦੇ ਨੂਹ ਜ਼ਿਲ੍ਹੇ ਵਿੱਚ ਫਿਰਕੂ ਝੜਪਾਂ ਤੋਂ ਬਾਅਦ ਸੂਬੇ ਦੇ ਇੱਕ ਹੋਰ ਜ਼ਿਲ੍ਹੇ ਹਾਂਸੀ ਵਿੱਚ ਤਣਾਅ ਫੈਲ ਗਿਆ ਹੈ। ਇਹ ਸਥਿਤੀ 2 ਅਗਸਤ ਨੂੰ ਸਵੇਰੇ ਹਿੰਦੂਤਵੀ ਸੰਗਠਨਾਂ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇੱਕ ਹਥਿਆਰਬੰਦ ਮਾਰਚ ਤੋਂ ਬਾਅਦ ਪੈਦਾ ਕੀਤੀ ਹੈ, ਜਿਸਨੇ ਮੁਸਲਮਾਨਾਂ ਵਿਰੁੱਧ ਹਿੰਸਾ ਅਤੇ ਭਾਈਚਾਰੇ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ। ਘਟਨਾ ਦੀ ਇੱਕ 30 ਸਕਿੰਟ ਦੀ ਵਾਇਰਲ ਵੀਡੀਓ ਵਿੱਚ ਇੱਕ ਨੇਤਾ ਨੂੰ ਸਥਾਨਕ ਮੁਸਲਿਮ ਦੁਕਾਨਦਾਰਾਂ ਦਾ ਬਾਈਕਾਟ ਕਰਨ ਅਤੇ ਮੁਸਲਮਾਨ ਭਾਈਚਾਰੇ ਨੂੰ ਦੋ ਦਿਨਾਂ ਦੇ ਅੰਦਰ ਸ਼ਹਿਰ ਛੱਡਣ ਲਈ ਕਿਹਾ ਗਿਆ ਸੀ। ਉਨ੍ਹਾਂ ਕਿਹਾ ਸੀ ਕਿ ਸ਼ਹਿਰ ਵਿੱਚ ਸਿਰਫ਼ ਹਿੰਦੂ ਦੁਕਾਨਦਾਰ ਹੀ ਰਹਿਣਗੇ। ਜੇਕਰ ਮੁਸਲਿਮ ਦੁਕਾਨਦਾਰਾਂ ਨੇ ਇਹ ਨਗਰ ਨਾ ਛਡਿਆ ਤਾਂ ਉਹ ਆਪਣੇ ਭਵਿੱਖ ਲਈ ਖੁਦ ਜ਼ਿੰਮੇਵਾਰ ਹੋਣਗੇ।



ਹਿੰਦੂਤਵੀ ਲੀਡਰਾਂ ਦੇ ਜ਼ਹਿਰੀਲੇ ਭਾਸ਼ਣ ਤੋਂ ਹਿੰਦੂਤਵੀਆਂ ਨੇ ਹਥਿਆਰ ਲਹਿਰਾਕੇ ਮੁਸਲਮਾਨਾਂ ਖਿਲਾਫ ਨਫ਼ਰਤ ਦੇ ਨਾਅਰੇ ਲਗਾਏ, ਦੇਸ਼ ਕੇ ਗੱਦਾਰੋਂ ਕੋ ਗੋਲੀ ਮਾਰੋ ਸਾਲੋਂ ਕੋ। ਵੀਡੀਓ ਵਿੱਚ ਮੁਸਲਮਾਨਾਂ ਦੇ ਕਤਲੇਆਮ ਦੇ ਨਾਅਰੇ ਵੀ ਸੁਣੇ ਜਾ ਸਕਦੇ ਹਨ। ਹਾਂਸੀ ਕਸਬੇ ਦੇ ਐਸਐਚਓ ਉਦੈ ਭਾਨ ਗੋਦਾਰਾ ਅਨੁਸਾਰ ਚਾਰ ਹਿੰਦੂ ਰਾਸ਼ਟਰਵਾਦੀਆਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਹੈ, ਜਦੋਂ ਕਿ 12-15 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਮਾਮਲਾ ਸੰਵੇਦਨਸ਼ੀਲ ਹੋਣ ਕਾਰਨ ਹਰਿਆਣਾ ਪੁਲਿਸ ਦੀ ਵੈੱਬਸਾਈਟ ’ਤੇ ਐਫਆਈਆਰ ਅਪਲੋਡ ਨਹੀਂ ਕੀਤੀ ਗਈ ਹੈ। ਨਾ ਹੀ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ। ਹਰਿਆਣੇ ਵਿੱਚ ਹਿੰਦੂ ਰਾਸ਼ਟਰਵਾਦੀ ਖੁਲੇਆਮ ਹਥਿਆਰ ਲੈਕੇ ਘੁੰਮ ਰਹੇ ਹਨ ਤੇ ਮੁਸਲਮਾਨਾਂ ਨੂੰ ਡਰਾ ਰਹੇ ਹਨ ਪਰ ਪੁਲਿਸ ਕੋਈ ਕਾਰਵਾਈ ਨਹੀਂ ਕਰ ਰਹੀ। ਇਸੇ ਦੌਰਾਨ ਹਰਿਆਣਾ ਦੇ ਹੋਰ ਹਿੱਸਿਆਂ ਵਿੱਚ ਵੀ ਅਜਿਹੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ।

ਮਹਿੰਦਰਗੜ੍ਹ ਅਤੇ ਰੇਵਾੜੀ ਦੇ ਕਈ ਪਿੰਡਾਂ ਨੇ ਫ਼ੁਰਮਾਨ ਜਾਰੀ ਕੀਤੇ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਉਹ ਮੁਸਲਿਮ ਭਾਈਚਾਰੇ ਦੇ ਵਿਕਰੇਤਾਵਾਂ ਨੂੰ ਆਪਣੇ ਪਿੰਡਾਂ ਵਿੱਚ ਦਾਖਲ ਨਹੀਂ ਹੋਣ ਦੇਣਗੇ। ਮੁਸਲਮਾਨਾਂ ਦਾ ਆਰਥਿਕ ਬਾਈਕਾਟ ਕਰਨਗੇ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਵਿੱਚ ਮਹਿੰਦਰਗੜ੍ਹ ਦੇ ਪਿੰਡ ਸਲਾਰਪੁਰ ਦੇ ਸਰਪੰਚ ਰਤਨ ਸਿੰਘ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਇਹ ਫੈਸਲਾ ਪੂਰੇ ਪਿੰਡ ਵੱਲੋਂ ਲਿਆ ਗਿਆ ਹੈ। ਰੇਵਾੜੀ ਦੇ ਪਿੰਡ ਚਿਮਨਵਾਸ ਦੇ ਸਰਪੰਚ ਨੇ ਵੀ ਕੁਝ ਅਜਿਹਾ ਹੀ ਕਿਹਾ ਹੈ। ਉਸ ਨੇ ਕਿਹਾ ਕਿ ਮੁਸਲਮਾਨ ਭਾਈਚਾਰੇ ਦੇ ਲੋਕ ਦਿਨ ਵੇਲੇ ਸਾਡੇ ਪਿੰਡ ਵਿੱਚ ਘੁੰਮਦੇ ਹਨ ਅਤੇ (ਬਾਕੀ ਸਫ਼ਾ 29 ’ਤੇ)

## ਹਿੰਦੂ ਰਾਸ਼ਟਰਵਾਦੀਆਂ ਦੇ ਨਿਸ਼ਾਨੇ ਉੱਪਰ ਗਿਆਨ ਵਿਆਪੀ ਮਸਜਿਦ

ਇਲਾਹਾਬਾਦ ਹਾਈ ਕੋਰਟ ਨੇ ਭਾਰਤੀ ਪੁਰਾਤੱਤਵ ਸਰਵੇਖਣ (ਏਐਸਆਈ) ਨੂੰ ਗਿਆਨਵਾਪੀ ਮਸਜਿਦ ਦਾ ਸਰਵੇਖਣ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਭਾਰਤ ਦੀ ਸੁਪਰੀਮ ਕੋਰਟ ਨੇ ਉਸ ਇਜਾਜ਼ਤ ’ਤੇ ਆਪਣੀ ਮੋਹਰ ਲਗਾ ਦਿੱਤੀ ਹੈ। ਸਿੱਧੇ ਸ਼ਬਦਾਂ ਵਿੱ ਗਿਆਨਵਾਪੀ ਦਾ ਸਰਵੇਖਣ ਇਲਾਹਾਬਾਦ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੀ ਇਜਾਜ਼ਤ ਨਾਲ ਹੀ ਕੀਤਾ ਜਾ ਰਿਹਾ ਹੈ। ਇਹ ਤੈਅ ਹੈ ਕਿ ਇਸ ਦਾ ਮਕਸਦ ਮਸਜਿਦ ਦੀ ਦਿੱਖ ਬਦਲਣ ਦੀ ਯੋਜਨਾ ਨੂੰ ਮਨਜ਼ੂਰੀ ਦੇਣਾ ਹੈ। ਇਸ ਤੋਂ ਪਹਿਲਾਂ ਬਾਬਰੀ ਮਸਜਿਦ ਨੂੰ ਰਾਮ ਮੰਦਰ ਦੀ ਉਸਾਰੀ ਲਈ ਜਿਸ ਤਰ੍ਹਾਂ ਦਾ ਰਸਤਾ ਸਾਫ਼ ਕੀਤਾ ਗਿਆ ਸੀ, ਉਹ ਜਨਤਾ ਦੇ ਸਾਹਮਣੇ ਹੈ। ਇਹ ਰਾਮ ਮੰਦਰ ਅੰਦੋਲਨ ਸੀ, ਜਿਸ ਨੇ ਭਾਜਪਾ ਲਈ ਸੱਤਾ ਦੇ ਸਿਖਰ ਤੱਕ ਪਹੁੰਚਣ ਦਾ ਰਾਹ ਪੱਧਰਾ ਕੀਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਲਹਿਰ ਦੇ ਮਹਾਂਰਥੀ ਹਨ ਅਤੇ ਉਨ੍ਹਾਂ ਦੇ ਗੁਰੂ ਅਡਵਾਨੀ ਇਸ ਮੁਹਿੰਮ ਦੇ ਮੋਢੀ ਸਨ। ਹਿੰਦੂਤਵੀਆਂ ਦੀ ਵਿਸ਼ਾਲ ਹਿੰਸਕ ਭੀੜ ਨੇ 6 ਦਸੰਬਰ 1992 ਨੂੰ ਬਾਬਰੀ ਮਸਜਿਦ ’ਤੇ ਹਮਲਾ ਕਰਕੇ ਤਬਾਹ ਕਰ ਦਿੱਤਾ ਸੀ। ਪਰ ਇਸ ਤੋਂ ਪਹਿਲਾਂ, ਭਾਰਤੀ ਸੰਸਦ ਨੇ ਬਾਬਰੀ ਮਸਜਿਦ-ਰਾਮ ਮੰਦਰ ਵਰਗੇ ਟਕਰਾਅ ਦਾ ਰਾਹ ਰੋਕਣ ਲਈ 1991 ਵਿੱਚ ਪੂਜਾ ਐਕਟ ਪਾਸ ਕਰ ਦਿਤਾ ਸੀ। ਇਸ ਐਕਟ ਨੇ 15 ਅਗਸਤ, 1947 ਤੱਕ ਜੋ ਪੂਜਾ ਸਥਾਨ ਜਿਸ ਰੂਪ ਵਿਚ ਸੀ,ਉਸੇ ਰੂਪ ਵਿਚ ਕਾਇਮ ਰੱਖਣ ਲਈ ਕਾਨੂੰਨ ਬਣਾ ਦਿੱਤਾ ਸੀ। ਇਸ ਵਿੱਚ ਸਿਰਫ਼ ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ ਨੂੰ ਹੀ ਵਿਵਾਦ ਦੀ ਸ਼੍ਰੇਣੀ ਵਿੱਚ ਰੱਖ ਦਿਤਾ।



ਗਿਆਨਵਾਪੀ ਮਸਜਿਦ ਵਿਵਾਦ ਵਿੱਚ ਹਿੰਦੂ ਪੱਖ ਦੇ ਮੁਕੱਦਮੇ ਨੂੰ ਅਦਾਲਤ ਨੇ ਇਹ ਕਹਿ ਕੇ ਸਵੀਕਾਰ ਕਰ ਲਿਆ ਸੀ ਕਿ ਇਹ ਮੁਕੱਦਮਾ ਪੂਜਾ ਕਰਨ ਦੇ ਅਧਿਕਾਰ ਲਈ ਸੀ, ਨਾ ਕਿ ਇਹ ਐਲਾਨ ਕਰਨ ਲਈ ਕਿ ਇਮਾਰਤ ਇੱਕ ਮੰਦਰ ਹੈ। ਇਸ ਤਰ੍ਹਾਂ ਅਦਾਲਤ ਨੇ ਕਿਸੇ ਵੀ ਹੋਰ ਭਾਈਚਾਰੇ ਲਈ ਧਾਰਮਿਕ ਸਥਾਨਾਂ ’ਤੇ ਪੂਜਾ ਕਰਨ ਦੇ ਅਧਿਕਾਰ ਦਾ ਦਾਅਵਾ ਕਰਨ ਦਾ ਰਾਹ ਖੋਲ੍ਹ ਦਿੱਤਾ। ਮਤਲਬ ਇਹ ਬਹੁਗਿਣਤੀ ਭਾਈਚਾਰੇ ਹਿੰਦੂਆਂ ਨੂੰ ਇਹ ਅਧਿਕਾਰ ਦੇ ਦਿੱਤਾ ਗਿਆ ਕਿ ਉਹੀ ਅਜਿਹੇ ਦਾਅਵੇ ਪੇਸ਼ ਕਰਨਗੇ।

ਯਾਦ ਰਹੇ ਕਿ ਪਹਿਲਾਂ ਇਹ ਕਾਨੂੰਨ ਸੀ ਕਿ ਦੇਸ਼ ਦੀ ਆਜ਼ਾਦੀ ਦੇ ਸਮੇਂ (15 ਅਗਸਤ 1947) ਜੋ ਧਾਰਮਿਕ ਸਥਾਨ ਜਿਸ ਰੂਪ ਵਿੱਚ ਸੀ ,ਉਹ ਪਹਿਲਾਂ ਵਾਂਗ ਹੀ ਰਹੇਗਾ। ਇਸ ਤੋਂ ਬਾਅਦ ਕੋਈ ਵੀ ਕਿਸੇ ਦੂਸਰੇ ਪੂਜਾ ਸਥਾਨ ਉਪਰ ਦਾਅਵਾ ਨਾ ਕਰੇ।

ਹੁਣ ਬਾਬਰੀ ਮਸਜਿਦ ਵਾਲਾ ਫਾਰਮੂਲਾ ਅਪਨਾਉਂਦਿਆਂ ਫਿਰਕੂ ਰਸਤਾ ਅਪਨਾਉਂਦੇ ਹੋਏ, ਅਖੌਤੀ ਹਿੰਦੂ ਉਪਾਸ਼ਕਾਂ ਨੇ ਗਿਆਨਵਾਪੀ ਮਸਜਿਦ ਨੂੰ ਪੁਰਾਤੱਤਵ ਵਿਗਿਆਨੀਆਂ ਦੁਆਰਾ ਸਰਵੇਖਣ ਕਰਵਾਉਣ ਲਈ ਅਦਾਲਤ ਵਿੱਚ ਕੇਸ ਦਾਇਰ ਕੀਤਾ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਗਿਆਨਵਾਪੀ ਮਸਜਿਦ ਕਿਸੇ ਹਿੰਦੂ ਮੰਦਿਰ ਦੇ ਢਹਿ ਢੇਰੀ ਹੋ ਕੇ ਬਣਾਈ ਗਈ ਸੀ ਜਾਂ ਨਹੀਂ। ਅਦਾਲਤਾਂ ਨੇ ਇਸ ਨੂੰ ਇਹ ਕਹਿ ਕੇ ਸਵੀਕਾਰ ਕਰ ਲਿਆ ਕਿ ਹਿੰਦੂ ਪੱਖ ਇਸ ਜਗ੍ਹਾ ਨੂੰ ਦੁਬਾਰਾ ਮੰਦਰ ਵਿੱਚ ਤਬਦੀਲ ਕਰਨ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹੈ, ਪਰ ਸਿਰਫ਼ ਪੂਜਾ ਕਰਨ ਦਾ ਅਧਿਕਾਰ ਮੰਗ ਰਿਹਾ ਹੈ।

## ਭਾਰਤ ਸਰਕਾਰ ਵੱਲੋਂ ਸਿੱਖਾਂ ਨੂੰ ਦਬਾਉਣ ਦੀ ਕੋਸ਼ਿਸ਼

### ਖ਼ਾਲਸਾ ਏਡ ’ਤੇ ਐਨ.ਆਈ.ਏ. ਛਾਪੇ ਅਤੇ ਯੂਕੇ. ਦੇ ਸਾਂਸਦ ਢੇਸੀ ਨੂੰ ਏਅਰਪੋਰਟ ਤੇ ਜ਼ਲੀਲ ਕਰਨ ਦੀ ਕਾਰਵਾਈ ਜਮਹੂਰੀਅਤ ’ਤੇ ਧੱਬਾ

ਭਾਰਤ ਦੀ ਰਾਜਨੀਤੀ ਬਹੁਵਾਦ ਦੇ ਧਰੁਵੀਕਰਨ ਵੱਲ ਵਧਦੀ ਜਾ ਰਹੀ ਹੈ। ਸਿੱਖ, ਇਸਾਈ ਤੇ ਮੁਸਲਮਾਨਾਂ ਉਪਰ ਹਮਲੇ ਜਾਰੀ ਹਨ। ਖਾਸ ਕਰਕੇ ਸਿੱਖਾਂ ਨੂੰ ਅੱਤਵਾਦੀ ਕਹਿਕੇ ਬਦਨਾਮ ਕਰਨ ਦੀ ਕੋਸ਼ਿਸ਼ ਜਾਰੀ ਹੈ। ਇੱਕ ਪਾਸੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖਾਂ ਨੂੰ ਇਹ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ ਕਿ ਉਨ੍ਹਾਂ ਲਈ ਉਨ੍ਹਾਂ ਦੇ ਦਿਲ ਵਿੱਚ ਖ਼ਾਸ ਸਥਾਨ ਹੈ ਪਰ ਦੂਜੇ ਪਾਸੇ ਦੁਨੀਆ ਭਰ ਵਿੱਚ ਲੋਕ ਭਲਾਈ ਦੇ ਕੰਮਾਂ ਵਿੱਚ ਨਾਮ ਕਮਾ ਰਹੀ ਸਿੱਖ ਸੰਸਥਾ ‘ਖ਼ਾਲਸਾ ਏਡ’ ਦੇ ਦਫ਼ਤਰਾਂ ’ਤੇ ਆਈ.ਐਨ.ਏ. ਦੇ ਛਾਪੇ ਸਿੱਖ ਮਨਾਂ ਨੂੰ ਕੋਈ ਚੰਗਾ ਸੰਦੇਸ਼ ਨਹੀਂ ਦੇ ਰਹੇ, ਕਿਉਂਕਿ ਛਾਪੇ ਮਾਰਨ ਦਾ ਕੋਈ ਸਪੱਸ਼ਟ ਕਾਰਨ ਨਹੀਂ ਦੱਸਿਆ ਗਿਆ। ਇਹ ਚੰਗਾ ਫੈਸਲਾ ਹੈ ਕਿ ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਹੁਕਮਰਾਨ ਪਾਰਟੀ ਭਾਜਪਾ ਵਿੱਚ ਹੁੰਦਿਆਂ ਹੋਇਆਂ ਵੀ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣ ਦੀ ਜੁਰਅਤ ਕੀਤੀ ਹੈ। ਇਸ ਦਰਮਿਆਨ ਯੂ.ਕੇ. ਦੇ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੂੰ ਬਿਨਾਂ ਕੋਈ ਦੋਸ਼ ਲਾਏ ਹਵਾਈ ਅੱਡੇ ’ਤੇ ਰੋਕੀ ਰੱਖਣਾ ਵੀ ਸਿੱਖ ਮਨਾਂ ਵਿੱਚ ਮੋਦੀ ਸਰਕਾਰ ਲਈ ਚੰਗਾ ਸੰਦੇਸ਼ ਨਹੀਂ ਦਿੰਦਾ।ਦੱਸ ਦੇਈਏ ਕਿ ਲੰਘੇ ਕੱਲ੍ਹ ਅੰਮ੍ਰਿਤਸਰ ਇੰਟਰਨੈਸ਼ਨਲ ਏਅਰਪੋਰਟ ’ਤੇ ਯੂ.ਕੇ ਤੋਂ ਆਏ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਇਮੀਗ੍ਰੇਸ਼ਨ ਵਿਭਾਗ ਨੇ ਰੋਕ ਲਿਆ ਸੀ। ਉਹ ਬਰਮਿੰਘਮ ਤੋਂ ਏਅਰ ਇੰਡੀਆ ਦੀ ਫਲਾਈਟ ਨੰਬਰ ਏ ਐਲ9-118 ਰਾਹੀਂ ਅੰਮ੍ਰਿਤਸਰ ਪੁੱਜੇ ਸਨ। ਜਦੋਂ ਉਨ੍ਹਾਂ ਨੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਚੈੱਕ-ਆਊਟ ਕੀਤਾ ਤਾਂ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਰੋਕ ਲਿਆ। ਇਸ ਤੋਂ ਬਾਅਦ ਵਿੱਚ ਦਸਤਾਵੇਜ਼ ਮੰਗਵਾਏ ਜਾਣ ’ਤੇ ਉਨ੍ਹਾਂ ਨੂੰ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ। ਯੂਕੇ ਦੇ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਦਾ ਕਹਿਣਾ ਹੈ ਕਿ ਮੈਨੂੰ ਅੰਮ੍ਰਿਤਸਰ ਏਅਰਪੋਰਟ ’ਤੇ 2 ਘੰਟੇ ਤੋਂ ਵੱਧ ਸਮੇਂ ਓਸੀਆਈ ਵੀਜ਼ਾ ਸਸਪੈਂਡ ਦੇ ਬਹਾਨੇ ਰੋਕਿਆ ਗਿਆ। ਇਨ੍ਹਾਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਉਨ੍ਹਾਂ ਨਾਲ ਇਹ ਵਿਵਹਾਰ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੇ ਹੱਕ ਵਿੱਚ ਬੋਲਣ ਕਾਰਨ ਕੀਤਾ ਗਿਆ ਹੈ।ਆਪਣੇ ਟਵੀਟਰ ਪੇਜ ’ਤੇ ਇੱਕ ਪੋਸਟ ਸਾਂਝੀ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ ਭਾਰਤ ਆਉਣ ’ਤੇ ਮੈਨੂੰ ਕਿਸਾਨ ਅੰਦੋਲਨ ਦੌਰਾਨ ਮਨੁੱਖੀ ਅਧਿਕਾਰਾਂ ਲਈ ਜ਼ੋਰਦਾਰ ਢੰਗ ਨਾਲ ਬੋਲਣ ਦੀ ਮਾਨਤਾ ਵਜੋਂ ਬਹੁਤ ਸਾਰੀਆਂ ਭਾਰਤੀ ਕਿਸਾਨ ਯੂਨੀਅਨਾਂ ਅਤੇ ਸਿਵਲ ਸੁਸਾਇਟੀਆਂ ਤੋਂ ਬਹੁਤ ਪਿਆਰ ਅਤੇ ਸਤਿਕਾਰ ਮਿਲਿਆ ਸੀ। ਪਰ ਹੁਣ ਅੰਮ੍ਰਿਤਸਰ ਹਵਾਈ ਅੱਡੇ ’ਤੇ 2 ਘੰਟਿਆਂ ਤੋਂ ਵੱਧ ਸਮੇਂ ਲਈ ਰੋਕ ਕੇ ਬੇਇੱਜ਼ਤ ਕੀਤਾ ਗਿਆ, ਕਿਉਂਕਿ ਕੁਝ ਨਫ਼ਰਤ ਕਰਨ ਵਾਲਿਆਂ ਨੇ ਮੇਰਾ ਵੈਧ ਓਸੀਆਈ ਵੀਜ਼ਾ ਮੁਅੱਤਲ ਕਰਨ ਦੀ ਸ਼ਿਕਾਇਤ ਕੀਤੀ ਸੀ।



ਤਨਮਨਜੀਤ ਸਿੰਘ ਢੇਸੀ ਬ੍ਰਿਟਿਸ਼ ਲੇਬਰ ਪਾਰਟੀ ਨਾਲ ਸਬੰਧਤ ਹਨ। ਸਲੋਗ ਹਲਕੇ ਨੂੰ 8 ਜੂਨ 2017 ਤੋਂ ਯੂਕੇ ਵਿੱਚ ਸੰਸਦ ਮੈਂਬਰ ਵਜੋਂ ਚੁਣਿਆ ਜਾ ਰਿਹਾ ਹੈ। ਢੇਸੀ ਯੂਕੇ ਦੇ ਸੰਸਦ ਮੈਂਬਰ ਵਜੋਂ ਪਹਿਲੇ ਦਸਤਾਰਧਾਰੀ ਸਿੱਖ ਸਨ। ਉਦੋਂ ਤੋਂ ਲੈ ਕੇ ਹੁਣ ਤੱਕ ਉਹ ਯੂ.ਕੇ. ਵਿੱਚ ਸਿੱਖਾਂ ਦੇ ਮੁੱਦੇ ਉਠਾਉਂਦਿਆ ਰਹੇ ਹਨ।

ਇਕ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖਾਂ ਪ੍ਰਤੀ ਅਪਣਾਪਨ ਦਿਖਾਉਣ ਦਾ ਦਾਅਵਾ ਕਰਦੇ ਹਨ,ਦੂਜੇ ਪਾਸੇ ਭਾਰਤ ਦੀਆਂ ਏਜੰਸੀਆਂ ਤੇ ਹੇਠਲੇ ਪ੍ਰਸ਼ਾਸਨ ਸਿਖ ਲੀਡਰਸ਼ਿਪ ਨੂੰ ਜਾਂਚ ਦੇ ਨਾਮ ਜ਼ਲੀਲ ਕਰਦੇ ਹਨ। (ਬਾਕੀ ਸਫ਼ਾ 29 ’ਤੇ)

## ਭਾਰਤ ’ਚ ਚੋਣਾਂ ਬਣੀਆਂ ਹੁਣ ਕਰੋੜਪਤੀਆਂ ਦੀ ਖੇਡ

### ਏ.ਡੀ. ਆਰ. ਅਤੇ ਐਨ. ਈ. ਡਬਲਿਊ. ਨੇ ਕੀਤਾ ਖ਼ੁਲਾਸਾ




ਚੋਣਾਂ ’ਤੇ ਨਜ਼ਰ ਰੱਖਣ ਵਾਲੀਆਂ ਜਥੇਬੰਦੀਆਂ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਅਤੇ ਨੈਸ਼ਨਲ ਇਲੈਕਸ਼ਨ ਵਾਚ (ਐਨ. ਈ. ਡਬਲਿਊ.) ਨੇ ਵਿਧਾਇਕਾਂ ਵੱਲੋਂ ਜਮ੍ਹਾਂ ਕਰਾਏ ਹਲਫਨਾਮਿਆਂ ਦਾ ਅਧਿਐਨ ਕਰਕੇ ਹੈਰਾਨ ਕਰ ਦੇਣ ਵਾਲਾ ਖੁਲਾਸਾ ਕੀਤਾ ਹੈ। ਇਸ ਮੁਤਾਬਕ ਦੇਸ਼ ਦੇ ਕੁੱਲ 4033 ਵਿਧਾਇਕਾਂ ਵਿੱਚੋਂ 4001 ਵਿਧਾਇਕਾਂ ਦੀ ਸੰਪਤੀ 54545 ਕਰੋੜ ਬਣਦੀ ਹੈ। ਇਹ ਨਾਗਾਲੈਂਡ, ਮਿਜ਼ੋਰਮ ਤੇ ਸਿੱਕਮ ਦੇ ਕੁੱਲ ਸਾਲਾਨਾ ਬਜਟ 48806 ਕਰੋੜ ਨਾਲੋਂ ਵੀ ਵੱਧ ਹੈ। 2023-24 ਲਈ ਨਾਗਾਲੈਂਡ ਦਾ ਬਜਟ 23086 ਕਰੋੜ, ਮਿਜ਼ੋਰਮ ਦਾ 14210 ਕਰੋੜ ਤੇ ਸਿੱਕਮ ਦਾ 11510 ਕਰੋੜ ਦਾ ਹੈ। ਅਧਿਐਨ ਵਿਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਦੇਸ਼ ਦੇ ਹਰ ਵਿਧਾਇਕ ਕੋਲ ਔਸਤਨ ਸੰਪਤੀ 13 ਕਰੋੜ 63 ਲੱਖ ਰੁਪਏ ਹੈ। ਭਾਜਪਾ ਦੇ 1356 ਵਿਧਾਇਕਾਂ ਕੋਲ ਔਸਤਨ 11 ਕਰੋੜ 97 ਲੱਖ, ਕਾਂਗਰਸ ਦੇ 719 ਵਿਧਾਇਕਾਂ ਕੋਲ 21 ਕਰੋੜ 97 ਲੱਖ, ਤ੍ਰਿਣਮੂਲ ਕਾਂਗਰਸ ਦੇ 227 ਵਿਧਾਇਕ ਕੋਲ 3 ਕਰੋੜ 51 ਲੱਖ, ਆਮ ਆਦਮੀ ਪਾਰਟੀ ਦੇ 161 ਵਿਧਾਇਕ ਕੋਲ 10 ਕਰੋੜ 20 ਲੱਖ, ਆਂਧਰਾ ਪ੍ਰਦੇਸ਼ ਦੀ ਪਾਰਟੀ ਵਾਈ ਐੱਸ ਆਰ ਸੀ ਪੀ ਦੇ 146 ਵਿਧਾਇਕਾਂ ਕੋਲ 23 ਕਰੋੜ 14 ਲੱਖ ਦੀ ਸੰਪਤੀ ਹੈ। ਵਾਈ ਐੱਸ ਆਰ ਸੀ ਪੀ ਦੇ ਵਿਧਾਇਕਾਂ ਸਭ ਤੋਂ ਵੱਧ ਮਾਲਾਮਾਲ ਹਨ। ਪਾਰਟੀ ਦੇ (ਬਾਕੀ ਸਫ਼ਾ 29 ’ਤੇ)

# ਅੱਤਵਾਦੀਆਂ ਦੀਆਂ ਕਾਰਵਾਈਆਂ ਦਾ ਢੰਗ ਤਰੀਕਾ

## ਏ.ਆਈ.ਐਸ.ਐਸ.ਐਫ. ਦੇ ਕਾਰਕੁਨ ਵਿਰਸਾ ਸਿੰਘ ਵਲਟੋਹਾ ਵੱਲੋਂ ਦਿਲਚਸਪ ਵੇਰਵੇ

ਧੰਨਵਾਦ ਸਹਿਤ
ਇੰਡੀਆ ਟੂਡੇ
(ਛਪਿਆ 15 ਜੂਨ 1985)

**ਕਿਸ਼ਤ ਚੌਥੀ**

### ਵਿਰਸਾ ਸਿੰਘ ਵਲਟੋਹਾ ਦਾ ਇਕਬਾਲੀਆ ਬਿਆਨ





ਦਿੱਲੀ ਵਿੱਚ ਦਰਬਾਰਾ ਸਿੰਘ ਨੂੰ ਮਾਰਨ ਦੀਆਂ ਯੋਜਨਾਵਾਂ ਬਾਰੇ: ਭਿੰਡਰਾਂਵਾਲਾ ਲੰਬੇ ਸਮੇਂ ਤੋਂ ਦਰਬਾਰਾ ਸਿੰਘ ਨੂੰ ਮਾਰਨ ਦੀ ਇੱਛਾ ਰੱਖਦਾ ਸੀ। ਮਈ 1984 ਦੌਰਾਨ ਉਸ ਨੇ ਦਲਬੀਰ ਸਿੰਘ ਉਰਫ਼ ਫ਼ੌਜੀ ਅਤੇ ਅਮਰਜੀਤ ਸਿੰਘ ਚਾਵਲਾ ਨੂੰ ਦਿੱਲੀ ਜਾ ਕੇ ਦਰਬਾਰਾ ਸਿੰਘ ਦੀ ਰਿਹਾਇਸ਼ ਅਤੇ ਹਰਕਤਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਕਿਹਾ। ਚਾਵਲਾ ਨੇ ਮੇਰੇ ਨਾਲ ਗੱਲ ਕੀਤੀ ਅਤੇ ਮੇਰੇ ਨਾਲ ਦਿੱਲੀ ਜਾਣ ਲਈ ਸਹਿਮਤੀ ਮੰਗੀ ਪਰ ਕੁਝ ਦਿਨਾਂ ਬਾਅਦ ਉਸ ਨੇ ਮੈਨੂੰ ਦੱਸਿਆ ਕਿ ਹੁਣ ਅਸੀਂ ਸਿਰਫ਼ ਜਾਣਕਾਰੀ ਇਕੱਠੀ ਕਰਨ ਦੀ ਬਜਾਏ ਦਰਬਾਰਾ ਸਿੰਘ ਨੂੰ ਮਾਰਨ ਜਾ ਰਹੇ ਹਾਂ। ਉਸ ਨੇ ਮੈਨੂੰ ੱਸਿਆ ਕਿ ਇਸ ਕੰਮ ਲਈ ਹੋਰ ਬੰਦਿਆਂ ਵਿੱਚ ਭੋਲਾ, ਬਖਸ਼ੀਸ਼ ਸਿੰਘ (ਕਲੀਨ ਸ਼ੇਵਨ) ਅਤੇ ਸੁਖਦੇਵ ਸਿੰਘ ਉਰਫ਼ ਲਾਭ ਸਿੰਘ ਸ਼ਾਮਲ ਸਨ...ਉਸਨੇ ਮੈਨੂੰ ਪੁੱਛਿਆ ਕਿ ਕੀ ਅਸੀਂ ਇਸ ਕੰਮ ਵਿੱਚ ਹਰਮਿੰਦਰ ਸਿੰਘ ਗਿੱਲ ਨੂੰ ਜੋੜ ਸਕਦੇ ਹਾਂ। ਇਸ ਅਨੁਸਾਰ, ਸੰਭਾਵਿਤ ਤੌਰ 'ਤੇ 7.5.84 ਨੂੰ ਚਾਵਲਾ, ਫੌਜੀ, ਗਿੱਲ ਅਤੇ ਮੈਂ ਭਿੰਡਰਾਂਵਾਲੇ ਨੂੰ ਮਿਲੇ, ਜਿਨ੍ਹਾਂ ਨੇ ਇਸ ਕੰਮ ਲਈ ਸਾਡੀਆਂ ਮੰਗਾਂ ਅਨੁਸਾਰ ਸਾਨੂੰ ਹਥਿਆਰ ਅਤੇ ਪੈਸੇ ਦੇਣ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਕਿਹਾ ਕਿ ਚਾਵਲਾ ਸਮੂਹ ਦਾ ਆਗੂ ਸੀ ਅਤੇ ਜੋ ਵੀ ਉਸ ਦੀ ਉਲੰਘਣਾ ਕਰੇਗਾ, ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

9.5.84 ਦੀ ਸਵੇਰ ਨੂੰ ਉਹ (ਚਾਵਲਾ ਅਤੇ ਫੌਜੀ) ਭਿੰਡਰਾਂਵਾਲੇ ਤੋਂ ਪੈਸੇ ਅਤੇ ਹਥਿਆਰ ਇਕੱਠੇ ਕਰਕੇ ਗੁਰੂ ਰਾਮਦਾਸ ਸਰਾਏ ਦੇ ਕਮਰੇ ਨੰਬਰ 22 ਵਿੱਚ ਆਏ...ਉਹ ਇੱਕ ਸਟੇਨ ਗੰਨ ਅਤੇ ਸ਼ਾਇਦ ਇਸ ਦੇ ਅਸਲੇ ਦੇ ਤਿੰਨ ਮੈਗਜ਼ੀਨ ਲੈ ਕੇ ਆਏ, ਦੋ ਪਿਸਤੌਲ, ਇੱਕ .38 ਰਿਵਾਲਵਰ ਅਤੇ ਚੰਗੀ ਗਿਣਤੀ ਵਿੱਚ ਗੋਲੀਆਂ।

ਅਸੀਂ ਪੂਰਵ ਨਿਰਧਾਰਤ ਸਮੇਂ ਅਤੇ ਸਥਾਨ 'ਤੇ ਮਿਲੇ ਸੀ।...ਇੱਕ ਦਿਨ ਭੋਲਾ, ਚਾਵਲਾ, ਬਖਸ਼ੀਸ਼ ਸਿੰਘ ਅਤੇ ਮੈਂ ਆਨੰਦ ਨਿਕੇਤਨ ਗਏ ਪਰ ਦਰਬਾਰਾ ਸਿੰਘ ਦੀ ਰਿਹਾਇਸ਼ ਦਾ ਪਤਾ ਨਾ ਲਗਾ ਸਕੇ। ਪਰ ਚਾਵਲਾ ਨੇ ਜ਼ੋਰ ਦੇ ਕੇ ਕਿਹਾ ਕਿ ਦਰਬਾਰਾ ਸਿੰਘ ਆਨੰਦ ਨਿਕੇਤਨ ਵਿੱਚ ਹੀ ਹੈ। ਅਸੀਂ ਵੀਨਸ ਹੋਟਲ ਵਾਪਸ ਆ ਗਏ ਜਿੱਥੇ ਅਸੀਂ ਠਹਿਰੇ ਹੋਏ ਸੀ....ਪਰ ਬਾਅਦ ਵਿੱਚ ਸਾਨੂੰ ਦੱਸਿਆ ਗਿਆ ਕਿ ਭੋਲਾ ਅਤੇ ਬੁੱਧ ਸਿੰਘ (ਜੋ ਪੰਜਾਬ ਵਾਪਸ ਆ ਗਏ ਸਨ) ਨੂੰ ਉਥੋਂ ਦੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਇਸ ਤਰ੍ਹਾਂ ਸੰਧੂ ਅਤੇ ਮਹਿਤਾ ਸਾਨੂੰ ਅੰਮ੍ਰਿਤਸਰ ਵਾਪਸ ਬੁਲਾਉਣਾ ਚਾਹੁੰਦੇ ਸਨ। ਅਗਲੀ ਸਵੇਰ ਅਸੀਂ ਵੱਖਰੇ ਤੌਰ 'ਤੇ ਦਿੱਲੀ ਤੋਂ ਰਵਾਨਾ ਹੋਏ।

ਏਸ਼ੀਆਡ ਦੌਰਾਨ ਗੜਬੜੀਆਂ ਬਾਰੇ: ਹੁਣ ਮੈਨੂੰ ਯਾਦ ਹੈ ਕਿ ਏਸ਼ੀਆਡ 1982 ਦੇ ਦਿਨਾਂ ਵਿੱਚ, ਇੱਕ ਦਿਨ ਮੈਂ ਹਰਿਮੰਦਰ ਸਾਹਿਬ ਗਿਆ ਸੀ ਜਿੱਥੇ ਹਰਮਿੰਦਰ ਸਿੰਘ ਸੰਧੂ ਅਤੇ ਰਾਜਿੰਦਰ ਸਿੰਘ ਮਹਿਤਾ ਨੇ ਮੈਨੂੰ ਦੱਸਿਆ ਕਿ ਸਟੇਡੀਅਮ, ਦਿੱਲੀ, ਏਸ਼ੀਆਡ ਦੇ ਉਦਘਾਟਨੀ ਸਮਾਰੋਹ ਦੌਰਾਨ ਪਰਚੇ ਸੁੱਟਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।

ਸੰਧੂ ਨੇ ਮੈਨੂੰ ਪਰਚੇ ਦਾ ਖਰੜਾ ਦਿੱਤਾ ਅਤੇ ਮੈਨੂੰ ਆਪਣੇ ਹੱਥ ਵਿੱਚ ਇਨ੍ਹਾਂ ਵਿੱਚੋਂ ਇੱਕ ਚੰਗੀ ਗਿਣਤੀ ਤਿਆਰ ਕਰਨ ਲਈ ਕਿਹਾ ਜੋ ਮੈਂ ਦਿੱਲੀ ਲੈ ਕੇ ਜਾਵਾਂ ਅਤੇ ਕਮਲਇੰਦਰ ਸਿੰਘ ਪੱਪੂ, ਸਤਬੀਰ ਸਿੰਘ ਅਤੇ ਗੁਰਮੇਜ ਸਿੰਘ (ਸਾਰੇ ਹੁਣ ਅੰਮ੍ਰਿਤਸਰ ਜੇਲ੍ਹ ਵਿੱਚ), ਨਿਰਮਲ ਸਿੰਘ ਅਤੇ ਹਰਨਾਮ ਨਾਲ ਮਿਲਾਂ।

ਉਸਨੇ ਮੈਨੂੰ ਰਸਤੇ ਦੇ ਖਰਚੇ ਲਈ ਪੈਸੇ ਵੀ ਦਿੱਤੇ। ਅਨੋਖ ਸਿੰਘ ਮੇਰੇ ਨਾਲ ਸੀ। ਉਸ ਦਾ ਕੰਮ ਮੇਰੇ ਨਾਲੋਂ ਵੱਖਰਾ ਸੀ। ਮੈਨੂੰ ਭਾਰਤੀ ਅਤੇ ਪਾਕਿਸਤਾਨੀ ਟੀਮਾਂ ਵਿਚਕਾਰ ਹੋਣ ਵਾਲੇ ਫਾਈਨਲ ਹਾਕੀ ਮੈਚ ਦੀਆਂ 10 ਟਿਕਟਾਂ ਵੀ ਦਿੱਤੀਆਂ ਗਈਆਂ ਸਨ। ਇਸ ਅਨੁਸਾਰ ਮੈਂ ਅਤੇ ਅਨੋਖ ਸਿੰਘ 29.11.82 ਨੂੰ ਦਿੱਲੀ ਪਹੁੰਚੇ ਅਤੇ ਉੱਥੇ ਹੀ ਰਹੇ। ਗੁਰਦੁਆਰਾ ਬੰਗਲਾ ਸਾਹਿਬ ਜਿੱਥੇ ਉਪਰੋਕਤ ਵਰਕਰ ਸਾਨੂੰ 30.11.82 ਨੂੰ ਮਿਲੇਸਨ।

ਅਗਲੇ ਦਿਨ ਮੈਂ ਬੇਚੈਨ ਮਹਿਸੂਸ ਕਰ ਰਿਹਾ ਸੀ ਅਤੇ ਇਸ ਲਈ ਗ੍ਰਿਫ਼ਤਾਰ ਦਾ ਵਿਚਾਰ ਛੱਡ ਦਿੱਤਾ। ਮੈਂ ਅਨੋਖ ਸਿੰਘ ਨਾਲ ਸਟੇਡੀਅਮ ਤੋਂ ਵਾਪਸ ਪਰਤਿਆ ਜਦੋਂ ਕਿ ਏ.ਆਈ.ਐਸ.ਐਸ.ਐਫ ਦੇ ਬਾਕੀ ਪੰਜ ਵਰਕਰਾਂ ਨੇ ਪਰਚੇ ਸੁੱਟ ਕੇ ਅਤੇ ਨਾਅਰੇਬਾਜ਼ੀ ਕਰਨ ਤੋਂ ਬਾਅਦ ਗ੍ਰਿਫ਼ਤਾਰ ਦਿੱਤੀ।

ਪ੍ਰਕਾਸ਼ ਸਿੰਘ ਬਾਦਲ ਦੇ ਜਥੇ ਵਿੱਚ ਬੰਗਲਾ ਸਾਹਿਬ ਗੁਰਦੁਆਰੇ ਤੋਂ 4.12.82 ਨੂੰ ਅਨੋਖ ਸਿੰਘ, ਜੋ ਏਸ਼ਿਆਡ ਦੇ ਸਮੇਂ ਮੇਰੇ ਨਾਲ ਦਿੱਲੀ ਗਿਆ ਸੀ, ਨੂੰ ਬੰਬ ਵਿਸਫੋਟ ਕਰਨ ਦਾ ਕੰਮ ਸੌਂਪਿਆ ਗਿਆ ਸੀ। ਪਰ ਏ.ਆਈ.ਐੱਸ.ਐੱਸ.ਐੱਫ. ਦੇ ਵਰਕਰ

ਜਿਨ੍ਹਾਂ ਤੋਂ ਉਸ ਨੇ ਇਹ ਬੰਬ ਲੈਣੇ ਸਨ, ਪਹਿਲਾਂ ਹੀ ਉਸੇ ਜਥੇ ਨਾਲ ਗ੍ਰਿਫ਼ਤਾਰ ਕਰ ਲਈ ਸੀ। 1984 ਦੇ ਗਣਤੰਤਰ ਦਿਵਸ 'ਤੇ ਗੜਬੜੀਆਂ ਬਾਰੇ: ਜਨਵਰੀ 1984 ਦੌਰਾਨ, ਹਰਮਿੰਦਰ ਸਿੰਘ ਸੰਧੂ ਅਤੇ ਬਲਬੀਰ ਸਿੰਘ ਸੰਧੂ, ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ ਦੇ ਸਕੱਤਰ-ਜਨਰਲ ਨੇ ਫੈਸਲਾ ਕੀਤਾ ਕਿ ਏ.ਆਈ.ਐਸ.ਐਸ.ਐਫ. ਦੇ ਕੁਝ ਵਰਕਰਾਂ ਨੂੰ ਬੱਸਾਂ ਰਾਹੀਂ ਭਾਰਤੀ ਸੰਵਿਧਾਨ ਅਤੇ ਵੱਖ-ਵੱਖ ਥਾਂਵਾਂ 'ਤੇ ਝੰਡੇ ਸਾੜਨ ਲਈ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ। 26.1.84 ਨੂੰ ਗਣਤੰਤਰ ਦਿਵਸ ਦੇ ਮੌਕੇ 'ਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਸਥਾਨਾਂ 'ਤੇ ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਦੀ ਜ਼ਿੰਮੇਵਾਰੀ ਖਾਲਿਸਤਾਨ ਦੀ ਕੌਮੀ ਕੌਂਸਲ ਦੀ ਹੋਵੇਗੀ। ਇਸ ਅਨੁਸਾਰ ਹਰਮਿੰਦਰ ਸਿੰਘ ਸੰਧੂ ਨੇ ਏ.ਆਈ.ਐੱਸ.ਐੱਸ.ਐੱਫ. ਦੇ ਵਰਕਰਾਂ ਦੇ ਦੋ ਗਰੁੱਪਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਸੀ, ਪਹਿਲੇ ਵਿੱਚ ਗੁਰਲਾਲ ਸਿੰਘ, ਗੁਰਨਾਮ ਸਿੰਘ ਅਤੇ ਬਲਵਿੰਦਰ ਸਿੰਘ ਅਤੇ ਦੂਜੇ ਵਿੱਚ ਰਛਪਾਲ ਸਿੰਘ ਭੋਲਾ, ਗੁਰਸੇਵਕ ਸਿੰਘ, ਤੇਜਿੰਦਰ ਸਿੰਘ ਅਤੇ ਬਲਰਾਜ ਸਿੰਘ, ਜੋ ਸਾਰੇ ਬੀੜ ਸਾਹਿਬ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਸਨ।

ਇਹ ਲੜਕੇ 25.1.84 ਨੂੰ ਹਰਿਮੰਦਰ ਸਾਹਿਬ ਵਿਖੇ ਆਏ ਅਤੇ ਰਜਿੰਦਰ ਸਿੰਘ ਮਹਿਤਾ ਪਾਸੋਂ ਇੱਕ .303 ਦੇਸੀ ਪਿਸਤੌਲ, ਇੱਕ .32 ਬੋਰ ਦੇਸੀ ਰਿਵਾਲਵਰ ਅਤੇ ਇੱਕ ਹੈਂਡ-ਗ੍ਰਨੇਡ ਸਮੇਤ ਭਾਰਤ ਦੇ ਸੰਵਿਧਾਨ ਅਤੇ ਰਾਸ਼ਟਰੀ ਝੰਡੇ ਨੂੰ ਸਾੜਨ ਲਈ ਇਕੱਠਾ ਕੀਤਾ। ਉਨ੍ਹਾਂ ਨੂੰ ਬਲਬੀਰ ਸਿੰਘ ਸੰਧੂ ਵੱਲੋਂ ਜਾਰੀ ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ ਦੇ ਨਾਂ 'ਤੇ ਕੁਝ ਪਰਚੇ ਵੀ ਦਿੱਤੇ ਗਏ। ਇਨ੍ਹਾਂ ਮੈਂਬਰਾਂ ਨੇ 26.1.84 ਨੂੰ ਝਬਾਲ ਵਿਖੇ ਰੋਡਵੇਜ਼ ਦੀ ਬੱਸ, ਸੰਵਿਧਾਨ ਅਤੇ ਰਾਸ਼ਟਰੀ ਝੰਡਾ ਸਾੜਿਆ ਸੀ। ਪੱਟੀ ਵਿਖੇ ਅਜਿਹਾ ਕਰਦੇ ਹੋਏ ਪਹਿਲੇ ਗਰੁੱਪ ਦੇ ਤਿੰਨ ਲੜਕਿਆਂ ਨੂੰ ਕਾਬੂ ਕੀਤਾ ਗਿਆ।

(ਚਲਦਾ)


# DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205




## ਭਾਰਤ 'ਚ ਅਗਲੀਆਂ ਲੋਕ ਸਭਾ ਚੋਣਾਂ ਸਬੰਧੀ ਚੋਣ ਸਰਵੇਖਣ ਸ਼ੁਰੂ

ਭਾਰਤ ਵਿੱਚ ਲੋਕ ਸਭਾ ਚੋਣਾਂ ਅਗਲੇ ਸਾਲ 2024 ਦੇ ਸ਼ੁਰੂ ਵਿੱਚ ਹੋਣ ਦੀਆਂ ਸੰਭਾਵਨਾਵਾਂ ਹਨ, ਜਿਸ ਸਬੰਧੀ ਹੁਣੇ ਤੋਂ ਸਿਆਸੀ ਪਾਰਟੀਆਂ ਵੱਲੋਂ ਆਪਣੀਆਂ ਸਿਆਸੀ ਸਰਗਰਮੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਅਗਲੀਆਂ ਲੋਕ ਸਭਾ ਚੋਣਾਂ ਲਈ ਚੋਣ ਸਰਵੇਖਣ ਵੀ ਹੋਣੇ ਸ਼ੁਰੂ ਹੋ ਗਏ ਹਨ। ਅਗਲੀਆਂ ਲੋਕ ਸਭਾ ਚੋਣਾਂ ਲਈ ਚੋਣ ਸਰਵੇਖਣਾਂ ਦੀ ਸ਼ੁਰੂਆਤ 'ਇੰਡੀਆ ਟੀ.ਵੀ.-ਸੀ.ਐਨ.ਐਕਸ.' ਵੱਲੋਂ ਕਰ ਵੀ ਦਿੱਤੀ ਗਈ ਹੈ। 'ਇੰਡੀਆ ਟੀ.ਵੀ.-ਸੀ.ਐਨ.ਐਕਸ.' ਵੱਲੋਂ ਕੀਤੇ ਗਏ ਚੋਣ ਸਰਵੇਖਣ ਵਿੱਚ ਅਗਲੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਬਹੁਮਤ ਮਿਲਣ ਦੀ ਗਲ ਕਹੀ ਗਈ ਹੈ, ਦੂਜੇ ਪਾਸੇ ਵਿਰੋਧੀ ਸਿਆਸੀ ਪਾਰਟੀਆਂ ਇਸ ਸਰਵੇਖਣ ਨੂੰ ਭਾਜਪਾ ਦਾ ਖ਼ਿਆਲੀ ਪੁਲਾਓ ਅਤੇ ਮਨਘੜੰਤ ਕਹਿ ਰਹੀਆਂ ਹਨ। ਇਹ ਸਰਵੇਖਣ ਕਿੰਨਾ ਕੁ ਸਹੀ ਹੈ, ਇਸ ਦਾ ਪਤਾ ਤਾਂ ਲੋਕ ਸਭਾ ਚੋਣਾਂ ਹੋਣ ਤੋਂ ਬਾਅਦ ਲੱਗੇਗਾ, ਪਰ ਅਗਲੀਆਂ ਲੋਕ ਸਭਾ ਚੋਣਾਂ ਲਈ ਇਹਨਾਂ ਚੋਣ ਸਰਵੇਖਣਾਂ ਦੀ ਇੱਕ ਤਰਾਂ ਰਸਮੀ ਸ਼ੁਰੂਆਤ ਹੋ ਚੁੱਕੀ ਹੈ।



ਭਾਰਤ ਵਿੱਚ ਹਰ ਤਰਾਂ ਦੀਆਂ ਚੋਣਾਂ ਤੋਂ ਪਹਿਲਾਂ ਅਤੇ ਚੋਣਾਂ ਦੌਰਾਨ ਅਤੇ ਵੋਟਾਂ ਪੈਣ ਤੋਂ ਬਾਅਦ ਪਰ ਚੋਣ ਨਤੀਜੇ ਆਉਣ ਤੋਂ ਪਹਿਲਾਂ ਅਕਸਰ ਵੱਖ ਵੱਖ ਧਿਰਾਂ ਵੱਲੋਂ ਚੋਣ ਸਰਵੇਖਣ ਕੀਤੇ ਜਾਂ ਕਰਵਾਏ ਜਾਂਦੇ ਹਨ, ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਚੋਣ ਸਰਵੇਖਣ ਕਿੰਨਾ ਕੁ ਸੱਚ ਹੁੰਦੇ ਹਨ?

ਅਕਸਰ ਵੱਡੀ ਗਿਣਤੀ ਲੋਕ ਇਹ ਪੁੱਛਦੇ ਹਨ ਕਿ ਇਨ੍ਹਾਂ ਐਗਜ਼ਿਟ ਪੋਲ ਦੀਆਂ ਭਵਿੱਖ ਬਾਣੀਆਂ ਕਿੰਨੀਆਂ ਕੁ ਸਹੀ ਹੁੰਦੀਆਂ ਹਨ। ਲੋਕਾਂ ਦੀ ਇਸ ਉਤਸੁਕਤਾ ਨੂੰ ਦੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਐਗਜ਼ਿਟ ਪੋਲ ਕਰਵਾਉਣ ਵਾਲੀਆਂ ਸੰਸਥਾਵਾਂ ਹੁਣ ਤੱਕ ਲੋਕਾਂ ਦਾ ਭਰੋਸਾ ਜਿੱਤਣ ਵਿੱਚ ਨਾਕਾਮ ਰਹੀਆਂ ਹਨ। ਅਜਿਹਾ ਇਸ ਲਈ ਕਿਉਂਕਿ ਉਨ੍ਹਾਂ ਦੀਆਂ ਭਵਿੱਖ ਬਾਣੀਆਂ ਕਈ ਵਾਰ ਗਲਤ ਸਾਬਤ ਹੋਈਆਂ ਹਨ। ਅਜਿਹੇ 'ਚ ਇਹ ਜਾਣਨਾ ਜ਼ਰੂਰੀ ਹੈ ਕਿ ਇਹ ਏਜੰਸੀਆਂ ਆਖਰ ਚੋਣ ਸਰਵੇਖਣ ਕਿਵੇਂ ਕਰਦੀਆਂ ਹਨ ਅਤੇ ਕਿਸ ਪਾਰਟੀ ਨੂੰ ਕਿੰਨੀਆਂ ਸੀਟਾਂ ਮਿਲਣਗੀਆਂ। ਭਾਰਤ ਵਿੱਚ ਚੋਣ ਵਿਸ਼ਲੇਸ਼ਕ ਵੋਟਾਂ ਪੈਣ ਅਤੇ ਗਿਣਤੀ ਤੋਂ ਪਹਿਲਾਂ ਪਿਛਲੇ 30 ਸਾਲਾਂ ਤੋਂ ਭਵਿੱਖ ਬਾਣੀਆਂ ਕਰ ਰਹੇ ਹਨ। ਚੋਣ ਵਿਸ਼ਲੇਸ਼ਣ ਦਾ ਰਾਜਨੀਤਕ ਵਿਗਿਆਨ ਕਾਫ਼ੀ ਗੁੰਝਲਦਾਰ ਹੈ ਅਤੇ ਚੋਣ ਵਿਸ਼ਲੇਸ਼ਕ ਚੋਣਾਂ ਦੀ ਸਹੀ ਭਵਿੱਖਬਾਣੀ ਕਰਨ ਲਈ ਕਈ ਤਰ੍ਹਾਂ ਦੇ ਤਰੀਕਿਆਂ ਦੀ ਵਰਤੋਂ ਕਰਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਸਮੱਸਿਆ ਦੋ ਪੱਧਰਾਂ 'ਤੇ ਹੋ ਸਕਦੀ ਹੈ - ਇੱਕ, ਵੋਟ ਸ਼ੇਅਰ ਦੇ ਠੋਸ ਅੰਦਾਜ਼ੇ 'ਤੇ ਪਹੁੰਚਣਾ ਅਤੇ ਦੂਜਾ, ਵੋਟ ਸ਼ੇਅਰ ਨੂੰ ਸੀਟਾਂ ਵਿੱਚ ਬਦਲਣਾ। ਮੁੱਖ ਚੋਣ ਵਿਸ਼ਲੇਸ਼ਕ ਯੋਗੇਂਦਰ ਯਾਦਵ ਦਾ ਕਹਿਣਾ ਹੈ ਕਿ ਚੋਣ ਵਿਸ਼ਲੇਸ਼ਣ ਲਈ ਮਾੜੇ ਤਰੀਕੇ ਅਪਣਾਏ ਜਾ ਰਹੇ ਹਨ, ਜਿਸ ਕਾਰਨ ਵਿਸ਼ਲੇਸ਼ਣ ਪੂਰੀ ਤਰ੍ਹਾਂ ਫ਼ੇਲ੍ਹ ਹੋ ਰਹੇ ਹਨ।

(ਬਾਕੀ ਸਫ਼ਾ 30 'ਤੇ)







## ਐਗਜ਼ਿਟ ਪੋਲ ਅਤੇ ਓਪੀਨੀਅਨ ਪੋਲ 'ਚ ਅੰਤਰ

ਐਗਜ਼ਿਟ ਪੋਲ ਅਤੇ ਓਪੀਨੀਅਨ ਪੋਲ ਵਿੱਚ ਕੀ ਅੰਤਰ ਹੈ, ਇਸ ਬਾਰੇ ਵੀ ਜਾਣਕਾਰੀ ਹੋਣੀ ਜਰੂਰੀ ਹੈ। ਅਕਸਰ ਲੋਕ ਐਗਜ਼ਿਟ ਪੋਲ ਅਤੇ ਓਪੀਨੀਅਨ ਪੋਲ ਨੂੰ ਇੱਕ ਹੀ ਸਮਝਦੇ ਹਨ, ਜਦੋਂ ਕਿ ਦੋਵਾਂ ਵਿੱਚ ਕਾਫ਼ੀ ਅੰਤਰ ਹੁੰਦਾ ਹੈ। ਐਗਜ਼ਿਟ ਪੋਲ 'ਚ ਅਚਾਨਕ ਚੋਣਾਂ ਦੌਰਾਨ ਬੂਥ 'ਤੇ ਜਾ ਕੇ ਵੋਟਰਾਂ ਨਾਲ ਗੱਲਬਾਤ ਕੀਤੀ ਜਾਂਦੀ ਹੈ। ਚੋਣਾਂ ਤੋਂ ਪਹਿਲਾਂ ਓਪੀਨੀਅਨ ਪੋਲ ਕਰਵਾਏ ਜਾਂਦੇ ਹਨ, ਜਿਸ ਵਿੱਚ ਵੋਟਰਾਂ ਤੋਂ ਇਲਾਵਾ ਹੋਰ ਲੋਕ ਵੀ ਸ਼ਾਮਲ ਹੁੰਦੇ ਹਨ। ਭਾਰਤ ਵਿੱਚ ਪਹਿਲੀ ਵਾਰ 1998 ਵਿੱਚ ਐਗਜ਼ਿਟ ਪੋਲ ਟੀਵੀ 'ਤੇ ਪ੍ਰਸਾਰਿਤ ਕੀਤਾ ਗਿਆ ਸੀ।

**ਐਗਜ਼ਿਟ ਪੋਲ :** ਐਗਜ਼ਿਟ ਪੋਲ ਇੱਕ ਤਰ੍ਹਾਂ ਦਾ ਚੋਣ ਸਰਵੇਖਣ ਹੁੰਦਾ ਹੈ। ਵੋਟਿੰਗ ਵਾਲੇ ਦਿਨ ਜਦੋਂ ਵੋਟਰ ਆਪਣੀ ਵੋਟ ਪਾਉਣ ਤੋਂ ਬਾਅਦ ਪੋਲਿੰਗ ਬੂਥ ਤੋਂ ਬਾਹਰ ਆਉਂਦਾ ਹੈ ਤਾਂ ਉੱਥੇ ਵੱਖ-ਵੱਖ ਸਰਵੇਖਣ ਏਜੰਸੀਆਂ ਅਤੇ ਨਿਊਜ਼ ਚੈਨਲਾਂ ਦੇ ਲੋਕ ਮੌਜੂਦ ਹੁੰਦੇ ਹਨ। ਉਹ ਵੋਟਰ ਤੋਂ ਵੋਟਿੰਗ ਬਾਰੇ ਸਵਾਲ ਪੁੱਛਦੇ ਹਨ। ਇਸ ਵਿੱਚ ਉਨ੍ਹਾਂ ਤੋਂ ਪੁੱਛਿਆ ਜਾਂਦਾ ਹੈ ਕਿ ਉਨ੍ਹਾਂ ਨੇ ਕਿਸ ਨੂੰ ਵੋਟ ਪਾਈ ਹੈ? ਹਰੇਕ ਵਿਧਾਨ ਸਭਾ ਦੇ ਵੱਖ-ਵੱਖ ਪੋਲਿੰਗ ਬੂਥਾਂ ਤੋਂ ਵੋਟਰਾਂ ਨੂੰ ਸਵਾਲ ਪੁੱਛੇ ਜਾਂਦੇ ਹਨ, ਉਸ ਤੋਂ ਬਾਅਦ ਉਨ੍ਹਾਂ ਦੇ ਜਵਾਬਾਂ ਅਨੁਸਾਰ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਜਨਤਾ ਦਾ ਮੂਡ ਕਿਸ ਪਾਸੇ ਹੈ? ਕਿਹੜੀ ਪਾਰਟੀ ਨੂੰ ਕਿੰਨੀਆਂ ਸੀਟਾਂ ਮਿਲ ਸਕਦੀਆਂ ਹਨ? ਵੋਟਿੰਗ ਖਤਮ ਹੋਣ ਤੋਂ ਬਾਅਦ ਹੀ ਇਸ ਦਾ ਪ੍ਰਸਾਰਣ ਹੁੰਦਾ ਹੈ।

ਐਗਜ਼ਿਟ ਪੋਲ ਕਰਵਾਉਣ ਲਈ ਕਿਸੇ ਸਰਵੇਖਣ ਏਜੰਸੀ ਜਾਂ ਨਿਊਜ਼ ਚੈਨਲ ਦਾ ਰਿਪੋਰਟਰ ਅਚਾਨਕ ਕਿਸੇ ਬੂਥ 'ਤੇ ਜਾਂਦਾ ਹੈ ਅਤੇ ਉਥੇ ਲੋਕਾਂ ਨਾਲ ਗੱਲਬਾਤ ਕਰਦਾ ਹੈ, ਇਹ ਪਹਿਲਾਂ ਤੋਂ ਤੈਅ ਨਹੀਂ ਹੁੰਦਾ ਕਿ ਉਹ ਕਿਸ ਨੂੰ ਸਵਾਲ ਕਰੇਗਾ? ਆਮ ਤੌਰ 'ਤੇ ਮਜ਼ਬੂਤ ਐਗਜ਼ਿਟ ਪੋਲ ਲਈ 30-35 ਹਜ਼ਾਰ ਤੋਂ ਲੈ ਕੇ ਇੱਕ ਲੱਖ ਵੋਟਰਾਂ ਨਾਲ ਗੱਲਬਾਤ ਕੀਤੀ ਜਾਂਦੀ ਹੈ। ਇਸ ਵਿੱਚ ਹਰ ਵਰਗ ਦੇ ਖੇਤਰ ਦੇ ਲੋਕ ਸ਼ਾਮਲ ਹੁੰਦੇ ਹਨ।

ਐਗਜ਼ਿਟ ਪੋਲ ਪੋਲਿੰਗ ਤੋਂ ਤੁਰੰਤ ਬਾਅਦ ਕੀਤਾ ਜਾਂਦਾ ਹੈ। ਐਗਜ਼ਿਟ ਪੋਲ ਵਿੱਚ ਸਿਰਫ਼ ਵੋਟਰ ਨੂੰ ਹੀ ਸ਼ਾਮਲ ਕੀਤਾ ਜਾਂਦਾ ਹੈ। ਇਹ ਦਰਸਾਉਂਦਾ ਹੈ ਕਿ ਲੋਕਾਂ ਨੇ ਕਿਸ ਪਾਰਟੀ 'ਤੇ ਭਰੋਸਾ ਦਿਖਾਇਆ ਹੈ। ਪੋਲਿੰਗ ਪੂਰੀ ਤਰ੍ਹਾਂ ਖਤਮ ਹੋਣ ਤੋਂ ਬਾਅਦ ਹੀ ਐਗਜ਼ਿਟ ਪੋਲ ਟੈਲੀਕਾਸਟ ਕੀਤੇ ਜਾਂਦੇ ਹਨ। ਭਾਰਤ 'ਚ ਐਗਜ਼ਿਟ ਪੋਲ ਦੀ ਸ਼ੁਰੂਆਤ ਇੰਡੀਅਨ ਇੰਸਟੀਚਿਊਟ ਆਫ਼ ਪਬਲਿਕ ਓਪੀਨੀਅਨ (ਆਈਆਈਪੀਯੂ) ਦੇ ਮੁਖੀ ਐਰਿਕ ਡੀ. ਕੋਸਟਾ ਨੇ ਕੀਤੀ ਸੀ। 1998 ਵਿੱਚ ਪਹਿਲੀ ਵਾਰ ਭਾਰਤ ਵਿੱਚ ਟੀਵੀ ਉੱਤੇ ਐਗਜ਼ਿਟ ਪੋਲ ਪ੍ਰਸਾਰਿਤ ਕੀਤੇ ਗਏ ਸਨ।

ਓਪੀਨੀਅਨ ਪੋਲ: ਚੋਣਾਂ ਤੋਂ ਪਹਿਲਾਂ ਓਪੀਨੀਅਨ ਪੋਲ ਕਰਵਾਏ ਜਾਂਦੇ ਹਨ। ਸਾਰੇ ਲੋਕਾਂ ਨੂੰ ਓਪੀਨੀਅਨ ਪੋਲ ਵਿੱਚ ਸ਼ਾਮਲ ਕੀਤਾ

(ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

9 ਅਗਸਤ ਤੋਂ 15 ਅਗਸਤ, 2023

## ਸਿੱਖ ਸੰਸਥਾਵਾਂ 'ਤੇ ਬਿਪਰ ਦਾ ਵੱਧਦਾ ਦਖ਼ਲ - ਸਾਡੀ ਪਹੁੰਚ ਕੀ ਹੋਵੇ ?

ਬੀਤੇ ਦਿਨੀਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੇ ਪ੍ਰਧਾਨ ਦੀ ਨਿਯੁਕਤੀ ਹੋਈ ਹੈ। ਜਿਸ ਵਿੱਚ ਇੱਕ ਗੈਰ ਸਿੱਖ ਨੂੰ ਸ੍ਰੀ ਹਜ਼ੂਰ ਸਾਹਿਬ ਬੋਰਡ ਦਾ ਪ੍ਰਧਾਨ ਲਗਾਇਆ ਗਿਆ ਹੈ। ਜਿਸ ਬਾਰੇ ਸਰਗਰਮ ਸਿੱਖਾਂ ਅਤੇ ਸਿੱਖਾਂ ਦੇ ਵੱਖ-ਵੱਖ ਹਿੱਸਿਆਂ ਨੇ ਤਿੱਖਾ ਵਿਰੋਧ ਦਰਜ ਕਰਵਾਉਂਦਿਆਂ ਅਜਿਹੀ ਨਿਯੁਕਤੀ ਨੂੰ ਸਿੱਖ ਵਿਰੋਧੀ ਅਤੇ ਭਾਜਪਾ ਸਰਕਾਰ ਦੁਆਰਾ ਸਿੱਖ ਸੰਸਥਾਵਾਂ ਉਪਰ ਕਾਬਜ਼ ਹੋਣ ਦੇ ਇੱਕ ਪੜਾਅ ਵਜੋਂ ਦੇਖਦਿਆਂ ਇਸਦੀ ਨਿੰਦਾ ਕੀਤੀ ਹੈ। ਸਿੱਖਾਂ ਦੇ ਅਜਿਹੇ ਹਿੱਸੇ ਜਿਹੜੇ ਖੁਦ ਕਦੇ ਨਾ ਕਦੇ ਭਾਜਪਾ ਅਤੇ ਹੋਰ ਪੰਥ ਵਿਰੋਧੀ ਧਿਰਾਂ ਵਿੱਚ ਸ਼ਾਮਲ ਰਹੇ ਹਨ ਜਾਂ ਸ਼ਾਮਲ ਹੋਣ ਲਈ ਕਾਹਲੇ ਹਨ, ਸਮੇਤ ਸ਼੍ਰੋਮਣੀ ਅਕਾਲੀ ਦਲ ਦੇ, ਨੇ ਵੀ ਇਸ ਨਿਯੁਕਤੀ ਨੂੰ ਗਲਤ ਦੱਸਿਆ ਹੈ। ਬੇਸ਼ਕ ਉਹਨਾਂ ਦੁਆਰਾ ਅਜਿਹਾ ਬਿਆਨ ਦੇਣਾ ਸਿਰੇ ਦਾ ਪਖੰਡ ਹੈ ਪਰ ਧਰਮ, ਪੰਥ ਦੀਆਂ ਪ੍ਰੰਪਰਾਵਾਂ ਅਤੇ ਸਿੱਖਾਂ ਦੀ ਸ਼ਾਖ ਲਈ ਅਜਿਹੀ ਨਿਯੁਕਤੀ ਨੁਕਸਾਨਦੇਹ ਹੈ। ਗੁਰੂ ਖਾਲਸਾ ਪੰਥ ਦੇ ਨਜ਼ਰੀਏ ਤੋਂ ਅਜਿਹੀ ਨਿਯੁਕਤੀ ਗ਼ਲਤ ਹੈ ਜਾਂ ਇਹ ਨਿਯੁਕਤੀ ਦਾ ਪੂਰਾ ਪ੍ਰਬੰਧ ਹੀ ਗਲਤ ਹੈ, ਇਸ ਬਾਰੇ ਬਹੁਤ ਥੋੜੀ ਗੱਲ ਹੋ ਰਹੀ ਹੈ।

ਇਸ ਨਿਯੁਕਤੀ ਦੇ ਵਿਰੁੱਧ ਵੱਖ-ਵੱਖ ਰਾਜਨੀਤਕਾਂ ਵੱਲੋਂ ਆਏ ਨਵੇਂ ਬਿਆਨ ਵੀ ਪੁਰਾਣੇ ਬਿਆਨਾਂ ਦਾ ਹੀ ਦੁਹਰਾਓ ਹਨ, ਜੋ ਵੱਖ-ਵੱਖ ਸਮਿਆਂ ਉਪਰ ਰਾਜਨੀਤਕਾਂ ਵੱਲੋਂ ਬੋਲੇ ਜਾਂਦੇ ਹਨ। ਮਸਲੇ ਦੀ ਜੜ੍ਹ ਤੱਕ ਪਹੁੰਚਣ ਨਾਲ ਹੀ ਬਿਮਾਰੀ ਦਾ ਸਹੀ ਹੱਲ ਲੱਭਿਆ ਜਾ ਸਕਦਾ ਹੈ ਅਤੇ ਵਿਗੜੇ ਹੋਏ ਪ੍ਰਬੰਧ ਨੂੰ ਸਹੀ ਕੀਤਾ ਜਾ ਸਕਦਾ ਹੈ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੋਂ ਪਹਿਲਾਂ ਤੱਕ ਹੋਰਨਾਂ ਧਾਰਮਿਕ ਅਸਥਾਨਾਂ ਵਾਂਗ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਬੰਧ ਵੀ ਮਹੰਤਾਂ ਦੀ ਨਿਗਰਾਨੀ ਵਿੱਚ ਸੀ। ਸਮੇਂ ਦੇ ਨਾਲ ਉਹਨਾਂ ਵਿੱਚ ਗਿਰਾਵਟ ਆਈ। ਨਵੇਂ ਪ੍ਰਬੰਧਾਂ ਵਿੱਚ ਜਿਸ ਤਰ੍ਹਾਂ ਪੰਜਾਬ ਦੇ ਗੁਰਧਾਮਾਂ ਦਾ ਪ੍ਰਬੰਧ ਬਣਾਇਆ ਗਿਆ, ਉਸੇ ਦੀ ਤਰਜ਼ 'ਤੇ ਤਖ਼ਤ ਹਜ਼ੂਰ ਸਾਹਿਬ ਦੀ ਸੇਵਾ ਸੰਭਾਲ ਦੇ ਲਈ ਇੱਕ ਬੋਰਡ ਦਾ ਗਠਨ ਕੀਤਾ ਗਿਆ ਸੀ। ਪੰਜਾਬ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਗੁਰਦੁਆਰਾ ਸੇਵਾ ਸੰਭਾਲ ਦੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਬਣਾਈ ਗਈ ਸੀ। ਅੰਗਰੇਜ਼ੀ ਸਰਕਾਰ ਦੁਆਰਾ ਬਣਾਏ ਕਨੂੰਨ ਤਹਿਤ ਸ਼੍ਰੋਮਣੀ ਕਮੇਟੀ ਵੀ ਸਰਕਾਰ ਦੁਆਰਾ ਅਸਿੱਧੇ ਰੂਪ ਵਿੱਚ ਕਾਬੂ ਵਿੱਚ ਹੈ ਭਾਵੇਂ ਦੇਖਣ ਨੂੰ ਇਹ ਅਜ਼ਾਦ ਸਿੱਖਾਂ ਦੀ ਸੰਸਥਾ ਹੀ ਜਾਪਦੀ ਹੈ। ਜਦੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਸੰਭਾਲ ਦਾ ਪ੍ਰਬੰਧ ਵੀ ਸਿੱਖਾਂ ਨੇ ਸਿੱਧਾ ਮਹੰਤਾਂ ਪਾਸੋਂ ਖੋਹ ਕੇ ਆਪਣੇ ਹੱਥ ਲੈ ਲਿਆ ਤਾਂ ਅੰਗਰੇਜ਼ਾਂ ਦੀ ਵਿਰਾਸਤ ਸਾਂਭੀ ਬੈਠੀ ਨਵੀਂ ਇੰਡੀਅਨ ਸਰਕਾਰ ਦੀ ਹੈਦਰਾਬਾਦ ਵਿਧਾਨ ਸਭਾ ਨੇ 1956 ਵਿੱਚ ਇੱਕ ਕਨੂੰਨ ਬਣਾ ਕੇ ਤਖ਼ਤ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਦੇ ਲਈ 17 ਜਣਿਆਂ ਦੇ ਗੁਰਦੁਆਰਾ ਬੋਰਡ ਅਤੇ ਪੰਜ ਜਣਿਆਂ ਦੀ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਤੌਰ 'ਤੇ ਮਾਨਤਾ ਦਿੱਤੀ। ਸ਼੍ਰੋਮਣੀ ਕਮੇਟੀ ਵਾਂਗ ਬੋਰਡ ਦੇ ਇਸ ਪ੍ਰਬੰਧ ਨੂੰ ਵੀ ਸਿੱਖਾਂ ਦੁਆਰਾ ਮਾਨਤਾ ਮਿਲ ਚੁੱਕੀ ਸੀ।

ਪਿਛਲੇ ਸਮਿਆਂ ਦੌਰਾਨ ਸਰਕਾਰ ਦੁਆਰਾ ਕੀਤੀਆਂ ਵਧੀਕੀਆਂ ਕਰਕੇ ਹੁਣ ਸਿੱਖਾਂ ਦੇ ਬਹੁਤਾਤ ਹਿੱਸੇ ਨੂੰ ਸਪਸ਼ਟ ਹੋ ਗਿਆ ਹੈ ਕਿ ਗੁਰਦੁਆਰਾ ਸਾਹਿਬਾਨ ਅਤੇ ਤਖ਼ਤ ਸਾਹਿਬਾਨ ਦਾ ਪ੍ਰਬੰਧ ਅਸਿੱਧੇ ਰੂਪ ਵਿੱਚ ਸਰਕਾਰ ਦੇ ਕਬਜ਼ੇ ਹੇਠ ਹੀ ਹੈ। ਸਰਸਰੀ ਨਜ਼ਰ ਮਾਰਿਆਂ ਭਾਵੇਂ ਬੋਰਡ ਦੀ ਪ੍ਰਧਾਨਗੀ ਸਿੱਖ ਹੀ ਕਰ ਰਹੇ ਹੋਣ, ਪਰ ਅੰਦਰ ਤੋਂ ਉਹ ਗੁਰੂ ਦੇ ਭੈਅ ਹੇਠ ਨਹੀਂ ਬਲਕਿ ਕਨੂੰਨ ਵਿੱਚ ਬੱਧੇ ਹੋਏ ਹੁੰਦੇ ਹਨ, ਜਿਹਨਾਂ ਨੇ ਆਖਰ ਸਰਕਾਰ ਦੀਆਂ ਨੀਤੀਆਂ ਮੁਤਾਬਿਕ ਹੀ ਚੱਲਣਾ ਹੁੰਦਾ ਹੈ। ਪਿਛਲੇ ਸਮਿਆਂ ਵਿੱਚ ਅਜਿਹੀਆਂ ਉਦਾਹਰਨਾਂ ਨਜ਼ਰੀਂ ਪੈਂਦੀਆਂ ਹਨ ਕਿ ਸਰਕਾਰ ਵੱਲੋਂ ਆਪਣੇ ਹੀ ਮੰਝੇ ਹੋਏ ਅਫਸਰਾਂ ਨੂੰ ਤਖ਼ਤ ਸਾਹਿਬ ਬੋਰਡ ਦਾ ਪ੍ਰਧਾਨ ਲਗਾਇਆ ਗਿਆ। ਹੁਣ ਵੀ ਆਈ.ਏ.ਐਸ ਅਧਿਕਾਰੀ ਰਜਿੰਦਰ ਰਾਉਤ ਤੋਂ ਪਹਿਲਾਂ ਮਹਾਰਾਸ਼ਟਰ ਪੁਲੀਸ ਦੇ ਡਾਇਰੈਕਟਰ ਜਨਰਲ ਡਾ. ਪੀ.ਐਸ.ਪਸਰੀਚਾ ਬੋਰਡ ਦੀ ਪ੍ਰਧਾਨਗੀ ਕਰਦੇ ਰਹੇ।

ਬਹੁਤੇ ਸਿੱਖ ਹਲਕੇ ਜੇਕਰ ਇਸ ਪ੍ਰਬੰਧਕੀ ਖਰਾਬੀ ਦੀ ਗੱਲ ਕਰਦੇ ਹਨ ਤਾਂ ਇਹੋ ਹੀ ਕਹਿੰਦੇ ਹਨ ਕਿ ਕੋਈ ਗੈਰ ਸਿੱਖ ਪ੍ਰਧਾਨ ਨਹੀਂ ਹੋਣਾ ਚਾਹੀਦਾ ਪਰ ਲੰਬੇ ਸਮੇਂ ਦੇ ਤਜ਼ਰਬਿਆਂ ਵਿੱਚ ਸਿੱਖਾਂ ਨੇ ਇਹ ਵੇਖ ਲਿਆ ਹੈ ਕਿ ਭਾਵੇਂ ਕੋਈ ਸਿੱਖ ਹੀ ਹੋਵੇ, ਜੇਕਰ ਉਹ ਕਿਸੇ ਹੋਰ ਦੁਨਿਆਵੀ ਤਾਕਤ ਦੇ ਅਨੁਸਾਰੀ ਹੈ ਤਾਂ ਉਸ ਅੰਦਰ ਸਿੱਖੀ ਦੀ ਪਿਉਂਦ ਨਹੀਂ ਫੁੱਟ ਸਕਦੀ। ਨਾ ਹੀ ਉਹ ਸਿੱਖ ਹਿਤਾਂ ਲਈ ਅਜ਼ਾਦ ਫੈਸਲੇ ਲੈ ਸਕਦਾ ਹੈ। ਹੁਣ ਦੇ ਨਵੇਂ ਹਲਾਤਾਂ ਵਿੱਚ ਸਰਕਾਰ ਦੀ ਸਹਿਣਸ਼ੀਲਤਾ ਵੀ ਏਨੀ ਘੱਟ ਗਈ ਹੈ ਕਿ ਭਾਵੇਂ ਕੋਈ ਬਾਹਰੋਂ ਦੇਖਣ ਨੂੰ ਹੀ ਸਿੱਖ ਲੱਗਦਾ ਹੋਵੇ ਅਤੇ ਦਿੱਲੀ ਦਰਬਾਰ ਦੀ ਤਾਬਿਆ ਰਹਿਣ ਵਾਲਾ ਵੀ ਹੋਵੇ ਤਾਂ ਵੀ ਸਰਕਾਰ ਨੂੰ ਇਹ ਪ੍ਰਵਾਨ ਨਹੀਂ। ਹੁਣ ਦੇ ਹਲਾਤਾਂ ਵਿੱਚ ਸਰਕਾਰ ਸਿੱਖਾਂ ਦੇ ਅਸਥਾਨਾਂ ਉਪਰ ਸਿੱਧਾ ਆਪਣਾ ਕਬਜ਼ਾ ਚਾਹੁੰਦੀ ਹੈ ਭਾਵੇਂ ਇਸ ਦੇ ਲਈ ਸਿੱਖ ਕਿੰਨਾ ਵੀ ਵਿਰੋਧ ਕਿਉਂ ਨਾ ਕਰਦੇ ਹੋਣ ਅਤੇ ਸਰਕਾਰ ਦੀ ਕਿੰਨੀ ਵੀ ਬਦਨਾਮੀ ਕਿਉਂ ਨਾ ਹੁੰਦੀ ਹੋਵੇ।

ਹੁਣ ਸਵਾਲ ਇਹ ਹੈ ਕਿ ਅਜਿਹੀਆਂ ਹਾਲਤਾਂ ਵਿੱਚ ਸਿੱਖਾਂ ਨੂੰ ਕੀ ਕਰਨਾ ਚਾਹੀਦਾ ਹੈ ? ਇਸ ਬਿਮਾਰੀ ਦਾ ਹੱਲ ਪੰਥ ਵਿਰੋਧੀ ਧਿਰਾਂ ਨੂੰ ਨਿੰਦ ਕੇ ਅਤੇ ਸਰਕਾਰ ਨੂੰ ਸਿੱਖਾਂ ਦੀਆਂ ਕੁਰਬਾਨੀਆਂ ਦਾ ਵਾਸਤਾ ਪਾ ਕੇ ਕੁਝ ਕੁ ਗਿਣਤੀ ਦੀਆਂ ਰਿਆਇਤਾਂ ਲੈਣ ਨਾਲ ਹੱਲ ਨਹੀਂ ਹੋਣ ਵਾਲਾ। ਸਿੱਖ ਸੰਸਥਾਵਾਂ ਵਿੱਚ ਸਰਕਾਰ ਨੇ ਕਾਨੂੰਨ ਰਾਹੀਂ ਆਪਣੀਆਂ ਜੜ੍ਹਾਂ ਫੈਲਾਈਆਂ ਹਨ। ਸਾਰੇ ਮਸਲੇ ਦੀ ਜੜ ਨੂੰ ਇਸ ਗੁਰਦੁਆਰਾ ਕਨੂੰਨ ਵਿਚੋਂ ਹੀ ਦੇਖਣਾ ਚਾਹੀਦਾ ਹੈ। ਦੂਸਰਾ ਸਾਨੂੰ ਸਿੱਖਾਂ ਦੇ ਤੌਰ 'ਤੇ ਗੁਰਦੁਆਰੇ ਦੀ ਸੇਵਾ ਸੰਭਾਲ ਦੇ ਲਈ ਪ੍ਰਬੰਧ ਵਰਗੇ ਗੈਰ ਪੰਥਕ ਸ਼ਬਦਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਗੁਰਦੁਆਰੇ ਦੀ ਸੇਵਾ ਸੰਭਾਲ ਹੁੰਦੀ ਹੈ, ਨਾ ਕਿ ਪ੍ਰਬੰਧ। ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਤਰੀਕਾ ਸਿੱਖਾਂ ਦਾ ਆਪਣਾ ਨਿਆਰਾ ਤਰੀਕਾ ਹੋਣਾ ਚਾਹੀਦਾ ਹੈ, ਨਾ ਕਿ ਹੋਰ ਦੁਨੀਆਵੀ ਤੌਰ ਤਰੀਕਿਆਂ ਨੂੰ ਗੁਰਦੁਆਰਿਆਂ ਵਿੱਚ ਲੈ ਕੇ ਆਉਣਾ ਚਾਹੀਦਾ ਹੈ। ਤਖ਼ਤ ਅਤੇ ਗੁਰਦੁਆਰੇ ਦੇ ਫਰਕ ਨੂੰ ਵੀ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਇਸ ਅਨੁਸਾਰ ਆਪਣੇ ਅਮਲ ਅਤੇ ਪਹੁੰਚ ਵਿੱਚ ਲੋੜੀਂਦੀ ਤਬਦੀਲੀ ਕਰਨੀ ਚਾਹੀਦੀ ਹੈ। ਸਾਨੂੰ ਸਿੱਖ ਰਵਾਇਤਾਂ ਵਿਚੋਂ ਹੀ ਹਰ ਸਮੱਸਿਆ ਦਾ ਹੱਲ ਤਲਾਸ਼ਣਾ ਚਾਹੀਦਾ ਹੈ, ਇਥੋਂ ਹੀ ਹੱਲ ਨਿਕਲਣਾ ਵੀ ਹੈ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਰਾਜਨੀਤੀ 'ਚ ਤਾਕਤਵਰ ਨੇਤਾਵਾਂ ਦਾ ਉਭਾਰ, ਦਮਨ ਦੀ ਰਾਜਨੀਤੀ ਤੇ ਜਮਹੂਰੀਅਤ ਦਾ ਘਾਣ



ਰਣਜੀਤ ਸਿੰਘ ਕੁੱਕੀ ਗਿੱਲ



ਸਮਕਾਲੀ ਰਾਜਨੀਤੀ ਵਿੱਚ ਤਾਕਤਵਰ ਨੇਤਾਵਾਂ ਦਾ ਉਭਾਰ ਇੱਕ ਪਰਿਭਾਸ਼ਿਤ ਰੁਝਾਨ ਬਣ ਗਿਆ ਹੈ। ਲੰਬੇ ਸਮੇਂ ਤੋਂ ਤਾਨਾਸ਼ਾਹੀ ਦੇ ਖੇਤਰ ਤੱਕ ਸੀਮਤ, ਤਾਕਤਵਰ ਲੋਕ ਹੁਣ ਲੋਕਤੰਤਰਾਂ 'ਤੇ ਵੀ ਹਾਵੀ ਹੋ ਗਏ ਹਨ। ਵੱਖ-ਵੱਖ ਖੇਤਰਾਂ ਵਿੱਚ - ਮੀਡੀਆ ਰਿਪੋਰਟਿੰਗ ਤੋਂ ਲੈ ਕੇ ਰਾਜਨੀਤਿਕ ਮੁਹਿੰਮਾਂ ਤੱਕ - ਰਾਜਨੀਤੀ ਵਧੇਰੇ ਨਿੱਜੀ ਬਣ ਗਈ ਹੈ, ਚੁਣੇ ਹੋਏ ਨੇਤਾਵਾਂ ਨੇ ਉਹਨਾਂ ਦੀਆਂ ਰਾਜਨੀਤਿਕ ਪਾਰਟੀਆਂ ਜਾਂ ਉਹਨਾਂ ਦੇ ਆਲੇ ਦੁਆਲੇ ਦੀਆਂ ਸੰਸਥਾਵਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਪ੍ਰਭਾਵ ਗ੍ਰਹਿਣ ਕਰ ਲਿਆ ਹੈ। ਇਸ ਵਾਧੇ ਦੇ ਬਾਵਜੂਦ, ਨਵੇਂ ਵਿਅਕਤੀਵਾਦੀ ਯੁੱਗ ਦੇ ਰਾਜਨੀਤਿਕ ਨਤੀਜਿਆਂ ਨੂੰ ਘੱਟ ਸਮਝਿਆ ਜਾਂਦਾ ਹੈ, ਖਾਸ ਤੌਰ 'ਤੇ ਇਸ ਸੰਦਰਭ ਵਿੱਚ ਕਿ ਲੋਕਤੰਤਰ ਲਈ ਇਸ ਦੇ ਕੀ ਮਾਇਨੇ ਹਨ ? ਤਾਨਾਸ਼ਾਹੀ ਸ਼ਾਸਨ ਵਧੇਰੇ ਦਮਨਕਾਰੀ ਬਣ ਰਹੇ ਹਨ, ਅਤੇ ਸੰਸਾਰ ਉਹਨਾਂ ਦੇਸ਼ਾਂ ਵਿੱਚ ਤਾਕਤਵਰ ਨੇਤਾਵਾਂ ਦਾ ਵਾਧਾ ਦੇਖ ਰਿਹਾ ਹੈ ਜਿੱਥੇ ਇਹ ਸੋਚਿਆ ਜਾਂਦਾ ਸੀ ਕਿ ਇੱਥੇ ਲੋਕਤੰਤਰ ਪ੍ਰਭਾਵੀ ਰਿਹਾ ਹੈ। 2011 ਦੀ ਬਸੰਤ ਦੇ ਦੌਰਾਨ, ਅਰਬ ਸੰਸਾਰ ਦੇ ਨਾਗਰਿਕਾਂ ਦੇ ਦਮਨਕਾਰੀ ਸ਼ਾਸਨਾਂ ਦੇ ਵਿਰੁੱਧ ਉੱਠਣ ਕਾਰਨ ਲੋਕਤੰਤਰੀ ਖੁਸ਼ ਹੋਏ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਮਈ 2011 ਵਿੱਚ ਟਿਊਨੀਸ਼ੀਆ, ਮਿਸਰ, ਲੀਬੀਆ, ਸੀਰੀਆ ਅਤੇ ਯਮਨ ਦੀਆਂ ਗਲੀਆਂ ਵਿੱਚ ਮਨੁੱਖੀ ਸਨਮਾਨ ਦੇ ਨਾਹਰੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਗਿਆ ਕਿ ਦਮਨ ਅਤੇ ਦਬਾਉਣ ਦੀਆਂ ਰਣਨੀਤੀਆਂ ਹੁਣ ਕੰਮ ਨਹੀਂ ਕਰਨਗੀਆਂ। ਜੇਕਰ ਲੋਕਤੰਤਰ ਇੱਕ ਅਜਿਹੇ ਖੇਤਰ ਵਿੱਚ ਪੈਰ ਜਮਾ ਸਕਦਾ ਹੈ ਜਿਸ ਨੇ ਲੰਬੇ ਸਮੇਂ ਤੋਂ ਇਸ ਦਾ ਵਿਰੋਧ ਕੀਤਾ ਸੀ, ਤਾਂ ਸੰਭਾਵਨਾਵਾਂ ਬੇਅੰਤ ਦਿਖਾਈ ਦਿੰਦੀਆਂ ਹਨ। 2011 ਦਾ ਸਾਲ ਖਤਮ ਹੋਣ ਤੋਂ ਪਹਿਲਾਂ ਹੀ, ਸੰਕੇਤਕ ਸਰਦੀਆਂ ਵੱਲ ਵਾਪਸ ਆਉਣ ਮੁੜਨ ਦੇ ਸੰਕੇਤ ਪਹਿਲਾਂ ਹੀ ਦਿਸਣ ਲੱਗ ਗਏ ਸਨ। ਅੱਜ, ਟਿਊਨੀਸ਼ੀਆ ਦੇ ਅਪਵਾਦ ਦੇ ਨਾਲ, ਜਿਨ੍ਹਾਂ ਰਾਸ਼ਟਰਾਂ ਨੂੰ ਆਸ਼ਾ ਦੀ ਨਿਗ੍ਹਾ ਨਾਲ ਦੇਖਿਆ ਗਿਆ ਸੀ, ਉਹ ਆਪਣੇ ਤਾਨਾਸ਼ਾਹੀ ਤਰੀਕਿਆਂ ਵੱਲ ਪਰਤੇ ਹਨ। ਲੋਕਤੰਤਰੀ ਲਹਿਰ ਦੀ ਉਮੀਦ ਤੋਂ ਬਹੁਤ ਦੂਰ, ਤਾਨਾਸ਼ਾਹੀ ਸ਼ਾਸਨ ਵਧੇਰੇ ਦਮਨਕਾਰੀ ਬਣ ਰਹੇ ਹਨ ਅਤੇ ਸੰਸਾਰ ਤੁਰਕੀ, ਫਿਲੀਪੀਨਜ਼, ਵੈਨੇਜ਼ੁਏਲਾ ਅਤੇ ਹੰਗਰੀ ਵਰਗੇ ਦੇਸ਼ਾਂ ਵਿੱਚ ਤਾਕਤਵਰ ਨੇਤਾਵਾਂ ਦਾ ਉਭਾਰ ਦੇਖ ਰਿਹਾ ਹੈ, ਜਿੱਥੇ ਇਹ ਸੋਚਿਆ ਜਾਂਦਾ ਸੀ ਕਿ ਲੋਕਤੰਤਰ ਜੋਰ ਫੜ੍ਹ ਰਿਹਾ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਇਹ ਰੁਝਾਨ ਹੋਰ ਵਿਗੜਨ ਦੇ ਡਰ ਹਨ ਜਿਨ੍ਹਾਂ ਦੀ ਸ਼ੁਰੂਆਤ 2011 ਦੀ ਬਸੰਤ ਤੋਂ ਬਾਅਦ ਹੋਈ ਸੀ।

ਫਰੀਡਮ ਹਾਊਸ, ਇੱਕ ਅਮਰੀਕਾ-ਅਧਾਰਤ ਗੈਰ-ਸਰਕਾਰੀ ਸੰਸਥਾ ਜੋ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਬਾਰੇ ਖੋਜ ਕਰਦੀ ਹੈ, ਨੇ ਰਿਪੋਰਟ ਦਿੱਤੀ ਕਿ 2016 ਵਿੱਚ, ਲਗਾਤਾਰ 11ਵੇਂ ਸਾਲ, ਹੋਰ ਜਿਆਦਾ ਦੇਸ਼ਾਂ ਨੂੰ ਤਜਰਬੇਕਾਰ ਲਾਭਾਂ ਨਾਲੋਂ ਰਾਜਨੀਤਿਕ ਅਧਿਕਾਰਾਂ ਅਤੇ ਨਾਗਰਿਕ ਸੁਤੰਤਰਤਾਵਾਂ ਵਿੱਚ ਗਿਰਾਵਟ ਦਾ ਸਾਹਮਣਾ ਕਰਨਾ ਪਿਆ। ਸੰਗਠਨ ਦੀ ਸਲਾਨਾ ਫ੍ਰੀਡਮ ਇਨ ਦਿ ਵਰਲਡ ਰਿਪੋਰਟ ਵਿੱਚ ਲੋਕਤੰਤਰੀ ਰਾਜਾਂ ਵਿੱਚ ਲੋਕਵਾਦੀ ਅਤੇ ਰਾਸ਼ਟਰਵਾਦੀ ਤਾਕਤਾਂ ਦੁਆਰਾ ਪ੍ਰਾਪਤ ਕੀਤੇ ਗਏ ਲਾਭਾਂ ਅਤੇ ਅਗਲੇ ਸਾਲਾਂ ਵਿੱਚ ਤਾਨਾਸ਼ਾਹੀ ਸ਼ਕਤੀਆਂ ਦੁਆਰਾ ਬੇਰਹਿਮੀ ਨਾਲ ਹਮਲਿਆ ਦਾ ਜ਼ਿਕਰ ਕੀਤਾ ਗਿਆ ਹੈ। ਇਹ ਸਾਰੇ ਪੜ੍ਹਾਅ ਇੱਕ ਵਧ ਰਹੇ ਖ਼ਤਰੇ ਵੱਲ ਇਸ਼ਾਰਾ ਕਰਦੇ ਹਨ ਕਿ ਪਿਛਲੀ ਤਿਮਾਹੀ-ਸਦੀ ਦੀ ਅੰਤਰਰਾਸ਼ਟਰੀ ਵਿਵਸਥਾ - ਜਮਹੂਰੀਅਤ, ਮਨੁੱਖੀ ਅਧਿਕਾਰਾਂ ਅਤੇ ਕਾਨੂੰਨ ਦੇ ਸ਼ਾਸਨ ਦੇ ਸਿਧਾਂਤਾਂ ਵਿੱਚ ਜੜ੍ਹੀਂ ਹੋਈ - ਇੱਕ ਅਜਿਹੀ ਦੁਨੀਆਂ ਨੂੰ ਰਾਹ ਦੇਵੇਗੀ ਜਿਸ ਵਿੱਚ ਵਿਅਕਤੀਵਾਦੀ ਆਗੂ ਅਤੇ ਰਾਸ਼ਟਰ ਵਿਸ਼ਵ ਸ਼ਾਂਤੀ, ਆਜ਼ਾਦੀ ਅਤੇ ਖੁਸ਼ਹਾਲੀ ਦੇ ਸਾਂਝੇ ਲਾਭਾਂ ਦੀ ਪਰਵਾਹ ਕੀਤੇ ਬਿਨਾਂ ਆਪਣੇ ਸੌੜੇ ਹਿੱਤਾਂ ਨੂੰ ਅੱਗੇ ਵਧਾਉਣਗੇ।

ਤੁਰਕੀ, ਵੈਨੇਜ਼ੁਏਲਾ ਅਤੇ ਹੰਗਰੀ, ਭਾਰਤ, ਪੋਲੈਂਡ ਦਾ ਨਾਮ ਫ੍ਰੀਡਮ ਹਾਊਸ ਰੈਂਕਿੰਗ ਵਿੱਚ ਸਭ ਤੋਂ ਤਿੱਖੀ ਗਿਰਾਵਟ ਦਾ ਸਾਹਮਣਾ ਕਰ ਰਹੇ ਦੇਸ਼ਾਂ ਵਿੱਚੋਂ ਕੁਝ ਹਨ ਅਤੇ ਹਾਲੀਆ ਘਟਨਾਵਾਂ ਤੋਂ ਪਤਾ ਚੱਲਦਾ ਹੈ ਕਿ ਉਹਨਾਂ ਵਿਚ ਗਿਰਾਵਟ ਜਾਰੀ ਹੈ। ਦੁਨੀਆ ਕਦੇ ਵੀ ਤਾਕਤਵਰਾਂ ਤੋਂ ਮੁਕਤ ਨਹੀਂ ਰਹੀ ਹੈ, ਪਰ ਅਜਿਹੇ ਸੰਕੇਤ ਹਨ ਕਿ ਰੱਖਿਆ ਪ੍ਰਣਾਲੀਆਂ ਖਤਮ ਹੋ ਰਹੀਆਂ ਹਨ। ਯਸਕਾ ਮੌਨਕ, ਹਾਰਵਰਡ ਯੂਨੀਵਰਸਿਟੀ ਵਿੱਚ ਰਾਜਨੀਤਕ ਸਿਧਾਂਤ ਦੇ ਲੈਕਚਰਾਰ, ਨੇ ਵਿਸ਼ਵ ਮੁੱਲ ਸਰਵੇਖਣਾਂ ਦੇ ਦਹਾਕਿਆਂ ਦੇ ਅੰਕੜਿਆਂ ਦਾ ਅਧਿਐਨ ਕੀਤਾ ਹੈ, ਜੋ ਵਿਸ਼ਵਾਸਾਂ ਅਤੇ ਕਦਰਾਂ ਕੀਮਤਾਂ ਨੂੰ ਮਾਪਣ ਲਈ 1981 ਵਿੱਚ ਸ਼ੁਰੂ ਹੋਈ ਇੱਕ ਪਹਿਲਕਦਮੀ ਸੀ। ਜਰਨਲ ਆਫ਼ ਡੈਮੋਕਰੇਸੀ ਵਿੱਚ 2015 ਵਿੱਚ ਪ੍ਰਕਾਸ਼ਿਤ ਇੱਕ ਪੇਪਰ ਵਿੱਚ, ਉਸਨੇ ਅਤੇ ਰੌਬਰਟੋ ਸਟੀਫਨ ਫੋਆ ਨੇ ਲਿਖਿਆ ਕਿ ਉੱਤਰੀ ਅਮਰੀਕਾ ਅਤੇ ਯੂਰਪ ਵਿੱਚ ਲੋਕ ਰਾਜਨੀਤਿਕ ਪ੍ਰਣਾਲੀ ਦੇ ਰੂਪ ਵਿੱਚ ਲੋਕਤੰਤਰ ਦੇ ਮੁੱਲ ਬਾਰੇ ਵਧੇਰੇ ਸਨਕੀ ਹੋ ਗਏ ਹਨ, ਘੱਟ ਉਮੀਦ ਕਰਦੇ ਹਨ ਕਿ ਉਹ ਜੋ ਵੀ ਕਰਦੇ ਹਨ ਉਹ ਜਨਤਕ ਨੀਤੀ ਨੂੰ ਪ੍ਰਭਾਵਤ ਕਰ ਸਕਦਾ ਹੈ, ਅਤੇ ਤਾਨਾਸ਼ਾਹੀ ਬਦਲਾਂ ਲਈ ਸਮਰਥਨ ਪ੍ਰਗਟ ਕਰਨ ਲਈ ਵਧੇਰੇ ਤਿਆਰ ਹਨ।

ਉਦਾਹਰਨ ਲਈ, ਅਮਰੀਕੀਆਂ ਦਾ ਅਨੁਪਾਤ ਜੋ ਸੋਚਦੇ ਹਨ ਕਿ ਰਾਜ ਕਰਨ ਲਈ ਫੌਜ ਇੱਕ ਚੰਗੀ ਚੀਜ਼ ਜਾਂ ਬਹੁਤ ਚੰਗੀ ਗੱਲ ਹੋਵੇਗੀ, 1995 ਵਿੱਚ 16 ਵਿੱਚੋਂ ਇੱਕ ਤੋਂ ਵੱਧ ਕੇ ਅੱਜ ਛੇ ਵਿੱਚੋਂ ਇੱਕ ਹੋ ਗਿਆ ਹੈ। ਇਸੇ ਤਰ੍ਹਾਂ ਦਾ ਵਾਧਾ ਉਨ੍ਹਾਂ ਲੋਕਾਂ ਵਿੱਚ ਦੇਖਿਆ ਗਿਆ ਹੈ ਜੋ ਇੱਕ ਮਜ਼ਬੂਤ ਨੇਤਾ ਜਿਸ ਨੂੰ ਸੰਸਦ ਅਤੇ ਚੋਣਾਂ ਨਾਲ ਪਰੇਸ਼ਾਨ ਨਹੀਂ ਹੋਣਾ ਪੈਂਦਾ ਦਾ ਪੱਖ ਪੂਰਦੇ ਹਨ। ਇਹ ਰੁਝਾਨ 1980 ਤੋਂ ਬਾਅਦ ਪੈਦਾ ਹੋਏ ਲੋਕਾਂ ਵਿੱਚ ਸਭ ਤੋਂ ਵੱਧ ਉਚਾਰਿਆ ਗਿਆ ਹੈ। ਇਹ ਰੁਝਾਨ ਦੇਸ਼ ਦੇ ਘੱਟ ਪੜ੍ਹੇ-ਲਿਖੇ ਵਰਗਾਂ ਵਿੱਚ ਪੜ੍ਹੇ-ਲਿਖੇ ਵਰਗ ਦੇ ਮੁਕਾਬਲੇ ਜ਼ਿਆਦਾ ਹੈ। ਪਹਿਲੀਆਂ ਪੀੜ੍ਹੀਆਂ ਨੂੰ ਇਸ ਗੱਲ ਦੀ ਅਸਲ ਸਮਝ ਹੈ ਕਿ ਲੋਕਤੰਤਰ ਵਿੱਚ ਨਾ ਰਹਿਣ ਦਾ ਕੀ ਅਰਥ ਹੈ, ਮੌਨਕ ਨੇ ਇੱਕ ਇੰਟਰਵਿਊ ਵਿੱਚ ਕਿਹਾ। ਉਨ੍ਹਾਂ ਨੇ ਫਾਸੀਵਾਦ ਵਿਰੁੱਧ ਲੜਾਈ ਲੜੀ ਹੈ ਜਾਂ ਫਾਸੀਵਾਦ ਦਾ ਅਨੁਭਵ ਕੀਤਾ ਹੈ ਜਾਂ ਉਹ ਉਸ ਸਮੇਂ ਜ਼ਿੰਦਾ ਰਹੇ ਹਨ ਜਦੋਂ ਸੰਸਾਰ ਵਿੱਚ ਕਮਿਊਨਿਜ਼ਮ ਇੱਕ ਅਸਲੀ ਤਾਕਤ ਸੀ। ਜਦੋਂ ਉਹ ਉਦਾਰਵਾਦੀ ਲੋਕਤੰਤਰ ਦਾ ਮੁਲਾਂਕਣ ਕਰਦੇ ਹਨ, ਤਾਂ ਉਹ ਇਹਨਾਂ ਹੋਰ ਪ੍ਰਣਾਲੀਆਂ ਦੇ ਸਬੰਧ ਵਿੱਚ ਇਸ ਦਾ ਮੁਲਾਂਕਣ ਕਰਦੇ ਹਨ, ਅਤੇ ਉਹ ਮੰਨਦੇ ਹਨ ਕਿ ਇਹ ਹੋਰ ਪ੍ਰਣਾਲੀਆਂ ਮਾੜੀਆਂ ਹਨ। ਨੌਜਵਾਨਾਂ ਕੋਲ ਜਮਹੂਰੀਅਤ ਦੇ ਬਦਲਾਂ ਦਾ ਉਹੀ ਨਕਾਰਾਤਮਕ ਅਨੁਭਵ ਨਹੀਂ ਹੈ। ਉਹ ਮੌਜੂਦਾ ਹਕੀਕਤ ਨੂੰ ਦੇਖਦੇ ਹਨ ਅਤੇ ਉਹਨਾਂ ਨੂੰ ਇਸ ਵਿੱਚ ਉਹ ਚੀਜ਼ਾਂ ਮਿਲਦੀਆਂ ਹਨ ਜਿੰਨਾਂ ਬਾਰੇ ਉਹਨਾਂ ਵਿੱਚ ਨਾਰਾਜ਼ ਹੋਣ ਦਾ ਕਾਰਨ ਹੁੰਦਾ ਹੈ, ਜਿਵੇਂ ਕਿ ਜੀਵਨ ਪੱਧਰ ਦੀ ਖੜੋਤ ਅਤੇ ਹੋਰ ਚੀਜ਼ਾਂ ਅਤੇ ਇਸ ਲਈ ਉਹ ਕਹਿੰਦੇ ਹਨ, 'ਕਿਉਂ ਨਾ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰੋ ? ਚੀਜ਼ਾਂ ਕਿੰਨੀਆਂ ਮਾੜੀਆਂ ਹੋ ਸਕਦੀਆਂ ਹਨ ?'

ਯਸਕਾ ਦੁਆਰਾ ਲਿਖੀ ਗਈ ਇੱਕ ਕਿਤਾਬ ਦਿ ਪੀਪਲਜ਼ ਵਰਸਸ ਡੈਮੋਕਰੇਸੀ ਵਿੱਚ ਉਹ ਤਿੰਨ ਕਾਰਕਾਂ ਦੀ ਪਛਾਣ ਕਰਦਾ ਹੈ ਜੋ ਲੋਕਤੰਤਰ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰ ਰਹੇ ਹਨ। ਪੱਛਮ ਵਿੱਚ ਆਮ ਨਾਗਰਿਕਾਂ ਲਈ ਜੀਵਨ ਪੱਧਰ 1995 ਤੋਂ ਸਥਿਰ ਹਨ। ਉਸੇ ਸਮੇਂ, ਯੂਰਪ, ਅਤੇ ਇੱਕ ਘੱਟ ਹੱਦ ਤੱਕ ਉੱਤਰੀ ਅਮਰੀਕਾ, ਇੱਕ-ਜਾਤੀ ਅਤੇ ਇੱਕ-ਸੱਭਿਆਚਾਰਕ ਦੇਸ਼ਾਂ ਤੋਂ ਬਹੁ-ਨਸਲੀ ਦੇਸ਼ਾਂ ਵੱਲ ਇੱਕ ਹੌਲੀ-ਹੌਲੀ ਤਬਦੀਲੀ ਵਿੱਚੋਂ ਲੰਘ ਰਿਹਾ ਹੈ, ਜਿਸ ਨੂੰ ਆਬਾਦੀ ਦਾ ਇਕ ਹਿੱਸਾ ਸਵੀਕਾਰ ਕਰ ਰਿਹਾ ਹੈ, ਪਰ ਇੱਕ ਹੋਰ ਹਿੱਸਾ ਇਸ ਦਾ ਵਿਰੋਧ ਕਰ ਰਿਹਾ ਹੈ। ਅੰਤ ਵਿੱਚ, ਸੋਸ਼ਲ ਮੀਡੀਆ ਦੇ ਉਭਾਰ ਨੇ ਉਸ ਤਕਨੀਕੀ ਲਾਭ ਨੂੰ ਘਟਾ ਦਿੱਤਾ ਹੈ ਜੋ ਰਾਜਨੀਤਿਕ, ਵਿੱਤੀ ਅਤੇ ਅਕਾਦਮਿਕ ਕੁਲੀਨ ਵਰਗਾਂ ਨੂੰ ਬਾਕੀ ਆਬਾਦੀ ਨਾਲੋਂ ਹੈ। ਬ੍ਰਾਇਨ ਕਲਾਸ ਲੰਡਨ ਸਕੂਲ ਆਫ਼ ਇਕਨਾਮਿਕਸ ਵਿੱਚ ਰਾਜਨੀਤੀ ਪੜ੍ਹਾਉਂਦਾ ਹੈ ਅਤੇ ਦ ਡੈਸਪੋਟਜ਼ ਐਕਮਪਲਿਸ: ਹਾਉ ਦ ਵੈਸਟ ਇਜ਼ ਏਡਿੰਗ ਐਂਡ ਅਬੇਟਿੰਗ ਦ ਡਿਕਲਾਈਨ ਆਫ਼ ਡੈਮੋਕਰੇਸੀ ਦਾ ਲੇਖਕ ਹੈ। ਉਸਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਪੱਛਮੀ ਉਦਾਰਵਾਦੀ ਜਮਹੂਰੀਅਤ ਦੁਆਰਾ ਦੂਰ ਸਥਿਤ ਅਬਾਦੀ ਨੂੰ ਆਰਥਿਕ ਨਤੀਜੇ ਪ੍ਰਦਾਨ ਕਰਨ ਵਿੱਚ ਅਸਫਲ ਰਹਿਣ ਕਰਕੇ ਉਸ ਦੀ ਚਮਕ ਉਤਰ ਗਈ ਹੈ। ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਧੀਨ, ਉਸਨੇ ਕਿਹਾ, ਸੰਯੁਕਤ ਰਾਜ ਨੇ ਮਨੁੱਖੀ ਅਧਿਕਾਰਾਂ, ਪ੍ਰੈਸ ਦੀ ਆਜ਼ਾਦੀ ਅਤੇ ਨਿਰਪੱਖ ਚੋਣਾਂ 'ਤੇ ਦੂਜੇ ਦੇਸ਼ਾਂ 'ਤੇ ਦਬਾਅ ਪਾਉਣ ਦੀ ਆਪਣੀ ਰਵਾਇਤੀ ਭੂਮਿਕਾ ਨੂੰ ਤਿਆਗ ਦਿੱਤਾ ਹੈ। ਤਾਕਤਵਰ ਦੇ ਉਭਾਰ ਦਾ ਸਭ ਤੋਂ ਚਿੰਤਾਜਨਕ ਤੱਤ ਉਹ ਸੰਦੇਸ਼ ਹੈ ਜੋ ਉਹ ਭੇਜਦਾ ਹੈ। ਸ਼ੀਤ ਯੁੱਧ ਦੇ ਜੇਤੂਆਂ ਨੂੰ ਸ਼ਕਤੀ ਦੇਣ ਵਾਲੀਆਂ ਪ੍ਰਣਾਲੀਆਂ ਹੁਣ ਇੱਕ ਪੀੜ੍ਹੀ ਪਹਿਲਾਂ ਨਾਲੋਂ ਬਹੁਤ ਘੱਟ ਆਕਰਸ਼ਕ ਦਿਖਾਈ ਦਿੰਦੀਆਂ ਹਨ। ਯੂਐਸ ਜਾਂ ਯੂਰਪੀਅਨ ਰਾਜਨੀਤਿਕ ਪ੍ਰਣਾਲੀਆਂ ਦੀ ਨਕਲ ਕਿਉਂ ਕਰੀਏ, ਸਾਰੀਆਂ ਜਾਂਚਾਂ ਅਤੇ ਸੰਤੁਲਨਾਂ ਦੇ ਨਾਲ, ਜੋ ਕਿ ਸਭ ਤੋਂ ਵੱਧ ਦ੍ਰਿੜ ਨੇਤਾਵਾਂ ਨੂੰ ਵੀ ਪੁਰਾਣੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਤੋਂ ਰੋਕਦੀਆਂ ਹਨ, ਜਦੋਂ ਇੱਕ ਦ੍ਰਿੜ ਨੇਤਾ ਵਧੇਰੇ ਸੁਰੱਖਿਆ ਅਤੇ

(ਬਾਕੀ ਸਫ਼ਾ 30 'ਤੇ)

# ਨਸ਼ਿਆਂ ਦਾ ਲੈਂਡਿੰਗ, ਪ੍ਰੋਸੈਸਿੰਗ ਅਤੇ ਐਕਸਪੋਰਟ ਹੱਬ ਬਣਿਆ ਗੁਜਰਾਤ

## ਅਮਿਤ ਸ਼ਾਹ ਦੇ ਲੋਕ ਸਭਾ ਹਲਕੇ ਸਾਨੰਦ 'ਚ ਸਥਿਤ ਇੱਕ ਫਾਰਮਾਸਿਊਟੀਕਲ ਕੰਪਨੀ ਤੋਂ 500 ਕਿਲੋ ਨਸ਼ੀਲੇ ਪਦਾਰਥ ਕੀਤ ਬਰਾਮਦੇ

## ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੀ ਆੜ ਵਿੱਚ ਚਲ ਰਿਹਾ ਹੈ ਨਸ਼ਿਆਂ ਦਾ ਵਿਸ਼ਾਲ ਨੈੱਟਵਰਕ



ਕਾਂਗਰਸੀ ਨੇਤਾ ਅਮਿਤ ਚਾਵੜਾ

ਕੁਝ ਸਮਾਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਲੋਕ ਸਭਾ ਹਲਕੇ ਸਾਨੰਦ ਦੇ ਕੇਰਲਾ ਜੀਆਈਡੀਸੀ ਵਿੱਚ ਸਥਿਤ ਇੱਕ ਫਾਰਮਾਸਿਊਟੀਕਲ ਕੰਪਨੀ ਤੋਂ ਐਨਸੀਬੀ ਨੇ ਛਾਪਾ ਮਾਰ ਕੇ 500 ਕਿਲੋ ਨਸ਼ੀਲੇ ਪਦਾਰਥ ਜ਼ਬਤ ਕੀਤੇ ਸਨ।ਅੰਤਰਰਾਸ਼ਟਰੀ ਬਾਜ਼ਾਰ ਵਿੱਚ ਇਨ੍ਹਾਂ ਦਵਾਈਆਂ ਦੀ ਕੀਮਤ 10,000 ਕਰੋੜ ਰੁਪਏ ਦੱਸੀ ਜਾਂਦੀ ਹੈ।ਮੰਨਿਆ ਜਾਂਦਾ ਹੈ ਕਿ ਪਾਬੰਦੀਸ਼ੁਦਾ ਦਵਾਈ ਦੀ ਕੀਮਤ ਭਾਰਤ ਵਿੱਚ ਲਗਭਗ 1 ਕਰੋੜ ਰੁਪਏ ਪ੍ਰਤੀ ਕਿਲੋਗ੍ਰਾਮ ਹੈ ਅਤੇ ਵਿਦੇਸ਼ਾਂ ਵਿੱਚ ਇਸਦੀ ਕੀਮਤ 20 ਗੁਣਾ ਤੋਂ ਵੱਧ ਹੈ।

ਹੁਣੇ ਜਿਹੇ ਗੁਜਰਾਤ ਵਿਧਾਨ ਸਭਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਾਂਗਰਸ ਨੇਤਾ ਅਮਿਤ ਚਾਵੜਾ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਦੇ ਲੋਕ ਸਭਾ ਹਲਕੇ ਤੋਂ ਨਸ਼ਿਆਂ ਦੀ ਇੰਨੀ ਵੱਡੀ ਖੇਪ ਬਰਾਮਦ ਹੋਣ ਤੋਂ ਬਾਅਦ, ਕਾਰਵਾਈ ਵਿੱਚ ਸ਼ਾਮਲ ਅਧਿਕਾਰੀਆਂ ਦਾ ਤੁਰੰਤ ਤਬਾਦਲਾ ਕਰ ਦਿੱਤਾ ਗਿਆ ਸੀ।ਇਸ ਤਬਾਦਲੇ ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਨਸ਼ਿਆਂ ਦੇ ਇਸ ਵੱਡੇ ਕਾਰੋਬਾਰ ਪਿਛੇ ਕਿਸੇ ਪ੍ਰਭਾਵਸ਼ਾਲੀ ਸਖਸ਼ੀਅਤ ਦਾ ਹੱਥ ਹੈ, ਜਿਸ ਨੂੰ ਸਰਕਾਰ ਬਚਾਉਣਾ ਚਾਹੁੰਦੀ ਹੈ।

ਚਾਵੜਾ ਨੇ ਕਿਹਾ ਕਿ ਸਾਨੰਦ ਦੇ ਕੇਰਲਾ ਜੀਆਈਡੀਸੀ ਤੋਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਬਾਵਜੂਦ ਸਰਕਾਰ, ਪੁਲਿਸ ਅਤੇ ਪ੍ਰਸ਼ਾਸਨ ਚੁੱਪ ਹੈ।ਸੀਐਲਪੀ ਅਮਿਤ ਚਾਵੜਾ ਨੇ ਕੇਰਲਾ ਜੀਆਈਡੀਵੀ ਵਿੱਚ 10,000 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਮੁੱਦੇ 'ਤੇ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਦੀ ਚੁੱਪ 'ਤੇ ਸਵਾਲ ਉਠਾਉਂਦੇ ਹੋਏ ਮੰਗ ਕੀਤੀ ਕਿ ਹਾਈਕੋਰਟ ਦੀ ਅਗਵਾਈ ਵਿੱਚ ਇਸ ਸਾਰੇ ਮਾਮਲੇ ਦੀ ਹਾਈ ਪਾਵਰ ਕਮੇਟੀ ਬਣਾ ਕੇ ਜਾਂਚ ਕੀਤੀ ਜਾਵੇ।

ਇਥੇ ਜ਼ਿਕਰਯੋਗ ਹੈ ਕਿ ਦੇਸ਼ ਭਰ ਵਿੱਚ ਅਤੇ ਖਾਸ ਕਰਕੇ ਗੁਜਰਾਤ ਵਿੱਚ ਨਸ਼ਿਆਂ ਦੇ ਵੱਡੇ ਵੱਡੇ ਸਪਲਾਈ ਕੇਂਦਰ ਚੱਲ ਰਹੇ ਹਨ। ਗੁਜਰਾਤ ਨਸ਼ਿਆਂ ਦਾ ਲੈਂਡਿੰਗ ਹੱਬ ਹੋਣ ਦੇ ਨਾਲ-ਨਾਲ ਪ੍ਰੋਸੈਸਿੰਗ ਹੱਬ ਵੀ ਬਣ ਚੁਕਾ ਹੈ। ਇਸ ਤੋਂ ਸਾਫ਼ ਹੈ ਕਿ ਦਵਾਈਆਂ ਬਣਾਉਣ



ਵਾਲੀਆਂ ਕੰਪਨੀਆਂ ਦੀ ਆੜ ਵਿੱਚ ਨਸ਼ਿਆਂ ਦਾ ਇੱਕ ਪੂਰਾ ਨੈੱਟਵਰਕ ਚੱਲ ਰਿਹਾ ਹੈ।ਹਾਲ ਹੀ ਵਿੱਚ ਸਾਵਲੀ ਵਿੱਚ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਜ਼ਬਤੀ ਅਤੇ ਇਸ ਤੋਂ ਪਹਿਲਾਂ ਵਾਪੀ ਵਿੱਚ ਵੀ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਗੁਜਰਾਤ ਹੁਣ ਡਰੱਗ ਲੈਂਡਿੰਗ, ਪ੍ਰੋਸੈਸਿੰਗ ਅਤੇ ਬਰਾਮਦ ਦਾ ਕੇਂਦਰ ਬਣ ਗਿਆ ਹੈ।ਇਥੋਂ ਤਕ ਗੁਜਰਾਤ ਤੋਂ ਪੰਜਾਬ ਵਿੱਚ ਨਸ਼ੇ ਸਪਲਾਈ ਹੋ ਰਹੇ ਹਨ।ਸੰਸਦ ਦੀ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਬਾਰੇ ਸਥਾਈ ਕਮੇਟੀ ਦੀ ਲੋਕ ਸਭਾ ਵਿੱਚ ਬੀਤੇ ਹਫਤੇ ਪੇਸ਼ ਕੀਤੀ ਰਿਪੋਰਟ ਵਿੱਚ ਪੰਜਾਬ ਬਾਰੇ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ, ਜਿੱਥੇ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚੋਂ ਚੰਡੀਗੜ੍ਹ ਤੀਸਰੇ ਨੰਬਰ 'ਤੇ ਹੈ।

ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ ਪੰਜਾਬ ਵਿੱਚ 66 ਲੱਖ ਤੋਂ ਜ਼ਿਆਦਾ ਲੋਕ ਨਸ਼ੇ ਦੇ ਆਦੀ ਹਨ ਜਿਨ੍ਹਾਂ ਵਿਚੋਂ 21.36 ਲੱਖ ਓਪੀਆਡ ਨਸ਼ਿਆਂ ਦਾ ਸੇਵਨ ਕਰਦੇ ਹਨ। ਓਪੀਆਡ ਨਸ਼ਿਆਂ ਵਿੱਚ ਅਫ਼ੀਮ, ਅਫ਼ੀਮ ਤੋਂ ਬਣਦੀ ਮਾਰਫੀਨ, ਹੈਰੋਇਨ ਅਤੇ ਕੁਝ ਹੋਰ ਨਸ਼ੇ ਸ਼ਾਮਲ ਹਨ ਜਿਨ੍ਹਾਂ ਦਾ ਅਸਰ ਮਾਰਫੀਨ ਜਿਹਾ ਹੁੰਦਾ ਹੈ।ਮਾਰਚ ਵਿੱਚ ਪੰਜਾਬ ਦੇ ਸਿਹਤ ਮੰਤਰੀ ਨੇ ਵਿਧਾਨ ਸਭਾ ਵਿਚ ਦੱਸਿਆ ਸੀ ਕਿ ਸੂਬੇ ਵਿੱਚ 2.62 ਲੱਖ ਨਸ਼ਿਆਂ ਦੇ ਆਦੀ ਸਰਕਾਰ ਦੇ ਨਸ਼ਾ-ਛੁਡਾਊ ਕੇਂਦਰਾਂ ਤੋਂ ਇਲਾਜ ਕਰਾ ਰਹੇ ਸਨ ਅਤੇ 6.12 ਲੱਖ ਨਸ਼ਾ ਕਰਨ ਵਾਲੇ ਨਿੱਜੀ ਖੇਤਰ ਦੇ ਨਸ਼ਾ-ਛੁਡਾਊ ਕੇਂਦਰਾਂ ਤੋਂ।ਸਿਹਤ ਮੰਤਰੀ ਨੇ ਇਹ ਜਾਣਕਾਰੀ ਵੀ ਦਿੱਤੀ ਸੀ ਕਿ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਕਾਫੀ ਵੱਧ ਹੈ ਕਿਉਂਕਿ ਬਹੁਤ ਸਾਰੇ ਨਸ਼ਈ ਜਿਨ੍ਹਾਂ ਵਿੱਚ ਰਗਾਂ ਵਿੱਚ ਸਿੱਧਾ ਟੀਕਾ ਲਾ ਕੇ ਨਸ਼ਾ ਕਰਨ ਵਾਲੇ ਸ਼ਾਮਲ ਹਨ, ਬਦਨਾਮੀ ਦੇ ਡਰ ਤੋਂ ਇਲਾਜ ਕਰਾਉਣ ਲਈ ਸਾਹਮਣੇ ਨਹੀਂ ਆਉਂਦੇ।ਵਿਧਾਨ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਵਿੱਚ 528 ਇਲਾਜ ਕੇਂਦਰ ਹਨ ਜਿਨ੍ਹਾਂ ਵਿੱਚ ਹੈਰੋਇਨ, ਸਮੈਕ ਆਦਿ ਨਸ਼ਾ ਕਰਨ ਵਾਲਿਆਂ ਨੂੰ ਨਸ਼ਾ ਛੁਡਾਉਣ ਲਈ ਦਵਾਈ ਦਿੱਤੀ ਜਾਂਦੀ ਹੈ। ਸਰਕਾਰੀ ਖੇਤਰ ਦੇ 36 ਨਸ਼ਾ ਛੁਡਾਊ ਕੇਂਦਰ ਹਨ ਅਤੇ ਨਿੱਜੀ ਖੇਤਰ ਦੇ 185 ਕੇਂਦਰ; ਨਸ਼ਾ ਕਰਨ ਵਾਲਿਆਂ ਦਾ ਮੁੜ ਵਸੇਬਾ ਕਰਨ ਲਈ 19 ਸਰਕਾਰੀ ਕੇਂਦਰ ਹਨ, 74 ਪ੍ਰਾਈਵੇਟ ਕੇਂਦਰ ਹਨ। ਪਿਛਲੇ ਮਹੀਨੇ ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ ਪੁਲਿਸ ਨੇ ਇਕ ਸਾਲ ਵਿੱਚ ਐੱਨਡੀਪੀਐੱਸ ਐਕਟ ਤਹਿਤ 12,218 ਕੇਸ ਦਰਜ ਕੀਤੇ ਸਨ।ਲੋਕ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਵਿੱਚ 10 ਤੋਂ 17 ਉਮਰ ਸਾਲ ਦੇ 6.97 ਲੱਖ ਬੱਚੇ ਨਸ਼ਿਆਂ ਦੇ ਆਦੀ ਹਨ। ਕਈ ਵਰ੍ਹਿਆਂ ਤੋਂ ਸਰਕਾਰਾਂ ਤਰ੍ਹਾਂ ਤਰ੍ਹਾਂ ਦੇ ਦਾਅਵੇ ਕਰ ਰਹੀਆਂ ਹਨ ਪਰ ਅਮਲੀ ਰੂਪ ਵਿੱਚ ਇਹ ਸਮੱਸਿਆ ਘਟਣ ਦੇ ਕੋਈ ਸੰਕੇਤ ਦਿਖਾਈ ਨਹੀਂ ਦੇ ਰਹੇ। ਨੌਜਵਾਨ ਜ਼ਿਆਦਾ ਨਸ਼ਾ ਲੈਣ ਕਾਰਨ ਮਰ ਰਹੇ ਹਨ। ਪੁਲਿਸ ਦੀਆਂ ਕਾਰਵਾਈਆਂ ਹੇਠਲੇ ਪੱਧਰ 'ਤੇ ਨਸ਼ੇ ਵੇਚਣ ਤੇ ਉਨ੍ਹਾਂ ਦਾ ਸੇਵਨ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਤਕ ਸੀਮਤ ਹਨ। ਅਜੇ ਤਕ ਉਸਨੇ ਵੱਡੀ ਤਾਕਤ ਨੂੰ ਹੱਥ ਨਹੀਂ ਪਾਇਆ ਜੋ ਡਰਗ ਦੀ ਜਨਮਦਾਤਾ ਹੈ।

### ਮੋਦੀ ਰਾਜ ਵਿੱਚ ਨਸ਼ੇ ਵਧੇ

ਨਸ਼ਿਆਂ ਦੇ ਮੁੱਦੇ 'ਤੇ ਸੰਸਦ ਵਿੱਚ ਪੁੱਛੇ ਗਏ ਸਵਾਲ ਅਤੇ ਸਰਕਾਰ ਦੇ ਜਵਾਬ ਮੁਤਾਬਕ 2006 ਤੋਂ 2013 ਤੱਕ 22 ਲੱਖ 45 ਹਜ਼ਾਰ ਰੁਪਏ ਦੇ ਨਸ਼ੇ ਜ਼ਬਤ ਕੀਤੇ ਗਏ। ਜਦੋਂ ਕਿ ਨਰਿੰਦਰ ਮੋਦੀ ਦਾ 2014 ਤੋਂ 2022 ਤੱਕ ਦਾ ਕਾਰਜਕਾਲ 62 ਲੱਖ 60,000 ਰੁਪਏ ਤੱਕ ਪਹੁੰਚ ਗਿਆ, ਜੋ 180% ਤੋਂ ਵੱਧ ਦਾ ਵਾਧਾ ਦਰਸਾਉਂਦਾ ਹੈ।

ਇਸ ਤੋਂ ਪਹਿਲਾਂ ਬਜਟ ਸੈਸ਼ਨ ਦੌਰਾਨ ਪੋਬੰਦਰ ਦੇ ਵਿਧਾਇਕ ਅਰਜੁਨ ਮੋਧਵਾਡੀਆ ਨੇ ਵਿਧਾਨ ਸਭਾ ਵਿੱਚ ਗੁਜਰਾਤ ਸਰਕਾਰ 'ਤੇ ਦੋਸ਼ ਲਗਾਇਆ ਸੀ ਕਿ ਸੂਬੇ ਦੀ ਪੁਲਿਸ ਅਤੇ ਹੋਰ ਏਜੰਸੀਆਂ ਨਸ਼ਿਆਂ ਨੂੰ ਰੋਕਣ ਲਈ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀਆਂ ਹਨ।ਜੋ ਵੀ ਨਸ਼ਿਆਂ ਦੀ ਬਰਾਮਦਗੀ ਹੋਈ ਹੈ, ਉਹ ਕੇਂਦਰੀ ਏਜੰਸੀਆਂ ਵੱਲੋਂ ਕੀਤੀ ਗਈ ਹੈ।ਇਸ ਦੇ ਜਵਾਬ ਵਿੱਚ ਗ੍ਰਹਿ ਰਾਜ ਮੰਤਰੀ ਹਰਸ਼ ਸੰਘਵੀ ਨੇ ਕਿਹਾ ਸੀ ਕਿ ਸੂਬੇ ਦੀ ਪੁਲਿਸ ਨੇ ਕੇਂਦਰੀ ਏਜੰਸੀਆਂ ਨੂੰ ਟਿਪਸ ਦਿੱਤੇ ਸਨ, ਜਿਸ ਤੋਂ ਬਾਅਦ ਹੀ ਸਫਲਤਾ ਮਿਲੀ ਹੈ।

13 ਮਾਰਚ 2023 ਨੂੰ ਗੁਜਰਾਤ ਹਾਈ ਕੋਰਟ ਦੇ ਜਸਟਿਸ ਨਿਖਿਲ ਕਰਿਆਲ ਦੀ ਬੈਂਚ ਨੇ ਇੱਕ ਅੰਗਰੇਜ਼ੀ ਅਖ਼ਬਾਰ ਦੀ ਖ਼ਬਰ ਦਾ ਨੋਟਿਸ ਲੈਂਦਿਆਂ ਰਾਜ ਸਰਕਾਰ ਅਤੇ ਡੀਜੀਪੀ ਨੂੰ ਨੋਟਿਸ ਜਾਰੀ ਕਰਕੇ ਪੁੱਛਿਆ ਸੀ ਕਿ ਨਸ਼ੇ ਦੀ ਤਸਕਰੀ ਵਿੱਚ ਬੱਚਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ।ਕੀ ਇਹ ਖਬਰ ਸਹੀ ਹੈ ? ਜੇਕਰ ਸੱਚ ਹੈ ਤਾਂ ਕਿੰਨਾ ਕੁ ਸੱਚ ? ਸਰਕਾਰ ਇਸ ਮਾਮਲੇ ਵਿੱਚ ਕੀ ਕਰ ਰਹੀ ਹੈ ? ਹਲਫੀਆ ਬਿਆਨ ਦੇ ਕੇ ਜਵਾਬ ਦਿਓ।

ਇਸ ਸੂਓ ਮੋਟੋ ਜਨਹਿਤ ਪਟੀਸ਼ਨ ਨੂੰ ਅਗਲੇ ਹੀ ਦਿਨ ਜਸਟਿਸ ਕਰੀਲ ਦੀ ਬੈਂਚ ਤੋਂ ਕਾਰਜਕਾਰੀ ਚੀਫ਼ ਜਸਟਿਸ ਏਜੇ ਦੇਸਾਈ ਨੂੰ ਤਬਦੀਲ ਕਰ ਦਿੱਤਾ ਗਿਆ ਸੀ।ਸਰਕਾਰ ਵੱਲੋਂ ਹਲਫੀਆ ਬਿਆਨ ਦੇਣ ਤੋਂ ਬਾਅਦ ਅਦਾਲਤ ਵੱਲੋਂ ਇਹ ਮਾਮਲਾ ਖਾਰਜ ਕਰ ਦਿਤਾ ਗਿਆ।

ਗੁਜਰਾਤ ਵਿੱਚ 2016 ਤੋਂ 2023 ਤੱਕ ਫੜੇ ਗਏ ਨਸ਼ਿਆਂ ਅਤੇ ਹੈਰੋਇਨ ਦੇ ਅੰਕੜੇ ਬੇਹੱਦ ਹੈਰਾਨ ਕਰਨ ਵਾਲੇ ਅਤੇ ਚਿੰਤਾਜਨਕ ਹਨ।

ਕਿਉਂਕਿ ਗੁਜਰਾਤ ਵਿੱਚੋਂ 7 ਸਾਲਾਂ ਵਿੱਚ ਫੜੇ ਗਏ ਨਸ਼ਿਆਂ ਦੀ ਕੀਮਤ 40,000 ਕਰੋੜ ਤੋਂ ਵੱਧ ਸੀ।ਸਾਵਲੀ ਦੇ ਪਿੰਡ ਮੋਕਸ਼ੀ ਤੋਂ 1000 ਕਰੋੜ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ। 14 ਮਈ, 2023 ਨੂੰ, ਜਾਮਨਗਰ ਨੇਵੀ ਇੰਟੈਲੀਜੈਂਸ ਅਤੇ ਐਨਸੀ ਬੀ ਨੇ 135 ਪੈਕੇਟਾਂ ਦੇ ਨਾਲ 12,000 ਕਰੋੜ ਰੁਪਏ ਦੀ ਅੰਤਰਰਾਸ਼ਟਰੀ ਕੀਮਤ ਵਾਲੀ 2,500 ਕਿਲੋਗ੍ਰਾਮ ਨਸ਼ੀਲੇ ਪਦਾਰਥ ਜ਼ਬਤ ਕੀਤੇ।13 ਮਈ, 2023 ਨੂੰ ਰਾਜਕੋਟ ਦੇ ਖੰਡੇਰੀ ਸਟੇਡੀਅਮ ਤੋਂ 214 ਕਰੋੜ ਰੁਪਏ ਦੀਆਂ 30 ਕਿਲੋ ਡਰੱਗਜ਼ ਜ਼ਬਤ ਕੀਤੀਆਂ ਗਈਆਂ। 4 ਮਈ, 2023 ਨੂੰ,

(ਬਾਕੀ ਸਫ਼ਾ 31 'ਤੇ)

# ਉੱਤਰ-ਪੂਰਬ 'ਚ ਭਾਜਪਾ ਨੂੰ ਆਪਣੇ ਦੱਸੇ ਗਏ ਰਸਤੇ 'ਤੇ ਚਲਾਉਣ ਵਿੱਚ ਸੰਘ ਹੋਇਆ ਨਾਕਾਮ

ਪ੍ਰੋਫੈਸਰ ਅਭੈ ਕੁਮਾਰ

ਰਾਸ਼ਟਰੀ ਸੋਇਮ ਸੇਵਕ ਸੰਘ ਦੇ ਇੱਕ ਵੱਡੇ ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਇਕ ਕੌਮੀ ਅਖ਼ਬਾਰ ਨੂੰ ਕਿਹਾ ਹੈ ਕਿ ਮਨੀਪੁਰ 'ਚ ਮੈਤੇਈਆਂ ਅਤੇ ਕੂਕੀਆਂ ਵਿੱਚ ਹੋਣ ਵਾਲੇ ਸੰਘਰਸ਼ ਨੂੰ ਹਿੰਦੂ ਬਨਾਮ ਇਸਾਈ ਦੀ ਲੜਾਈ ਦੇ ਰੂਪ ਵਿੱਚ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਮੈਤੇਈਆਂ ਅਤੇ ਕੂਕੀਆਂ ਵਿਚਾਲੇ ਟਕਰਾਅ ਦਾ ਇਤਿਹਾਸ ਇਸ ਘਟਨਾ ਤੋਂ ਪਹਿਲਾਂ ਦਾ ਨਹੀਂ ਰਿਹਾ, ਮੋਟੇ ਤੌਰ 'ਤੇ ਸੰਘ ਦੇ ਇਸ ਅਧਿਕਾਰੀ ਦੀ ਗੱਲ ਸਹੀ ਹੈ। ਪਰ ਨਾ ਤਾਂ ਉਨ੍ਹਾਂ ਖ਼ੁਦ ਦੱਸਿਆ ਅਤੇ ਨਾ ਹੀ ਉਸ ਅਖ਼ਬਾਰ ਦੇ ਪ੍ਰਤੀਨਿਧੀ ਨੇ ਉਨ੍ਹਾਂ ਕੋਲੋਂ ਪੁੱਛਿਆ ਕਿ ਮਨੀਪੁਰ ਦੀ ਭਾਜਪਾ ਸਰਕਾਰ ਨੇ ਅਜਿਹਾ ਕੀ ਕੀਤਾ ਹੈ, ਜਿਸ ਕਾਰਨ ਮੈਤੇਈਆਂ ਦੀ ਹਿੰਦੂ ਪਛਾਣ ਹਿੰਸਕ ਹੋ ਕੇ ਕੂਕੀਆਂ ਦੀ ਇਸਾਈ ਪਛਾਣ ਦੇ ਖ਼ਿਲਾਫ਼ ਖੜ੍ਹੀ ਹੋ ਗਈ ਹੈ ? ਜਿਸ ਹਿੰਸਾ ਦਾ ਕੋਈ ਇਤਿਹਾਸ ਨਹੀਂ ਮਿਲਦਾ, ਉਹ ਕਿੱਥੋਂ ਅਤੇ ਕਿਵੇਂ ਪ੍ਰਗਟ ਹੋ ਗਈ ? ਉਨ੍ਹਾਂ ਨੇ ਇਹ ਵੀ ਨਹੀਂ ਦੱਸਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਇਸ ਘਟਨਾਕ੍ਰਮ ਦੇ ਹਿੰਸਕ ਸਿੱਟਿਆਂ ਦਾ ਸਮਾਂ ਰਹਿੰਦਿਆਂ ਪਹਿਲਾਂ ਅਨੁਮਾਨ ਕਿਉਂ ਨਹੀਂ ਲਗਾ ਸਕੀ ? ਜੇਕਰ ਉਹ ਪਹਿਲਾਂ ਅੰਦਾਜ਼ਾ ਨਹੀਂ ਵੀ ਲਗਾ ਸਕੀ ਸੀ ਤਾਂ ਜਦੋਂ ਹਿੰਸਾ ਸ਼ੁਰੂ ਹੋਈ ਤਾਂ ਫਿਰ ਮਨੀਪੁਰ ਦੇ ਮੁੱਖ ਮੰਤਰੀ ਨੂੰ ਸ਼ਾਂਤੀ ਬਹਾਲ ਕਰਨ ਲਈ ਮਜਬੂਰ ਕਿਉਂ ਨਹੀਂ ਕਰ ਸਕੀ ? ਦਰਅਸਲ ਮਨੀਪੁਰ ਦੀ ਜਾਤੀ ਹਿੰਸਾ ਭਾਜਪਾ ਦੀ ਹੀ ਅਸਫਲਤਾ ਨਹੀਂ ਹੈ, ਸਗੋਂ ਇਹ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਵੀ ਅਸਫਲਤਾ ਹੈ ਅਤੇ ਇਕ ਖ਼ਾਸ ਸੰਦਰਭ ਵਿੱਚ ਦੇਖੀਏ ਤਾਂ ਇਹ ਅਸਫਲਤਾ ਸੰਘ ਦੀ ਜ਼ਿਆਦਾ ਵੱਡੀ ਹੈ। ਕਾਰਨ ਇਹ ਹੈ ਕਿ ਸੰਘ ਉੱਤਰ-ਪੂਰਬ 'ਚ ਭਾਜਪਾ ਨੂੰ ਆਪਣੇ ਦੱਸੇ ਗਏ ਰਸਤੇ 'ਤੇ ਚਲਾਉਣ 'ਚ ਨਾਕਾਮ ਹੋ ਚੁੱਕਾ ਹੈ। ਇਸੇ ਸ਼ਰਮ ਤੇ ਸੰਕੋਚ ਦਾ ਨਤੀਜਾ ਹੈ ਕਿ ਉਸ ਦੇ ਨੇਤਾ ਆਪਣੀ ਗੱਲ ਤਾਂ ਕਹਿ ਰਹੇ ਹਨ ਪਰ ਨਾਂਅ ਦੱਸਣ ਲਈ ਤਿਆਰ ਨਹੀਂ ਹਨ।

ਉੱਤਰ-ਪੂਰਬ 'ਤੇ ਨਜ਼ਰ ਰੱਖਣ ਵਾਲੇ ਮਾਹਿਰ ਜਾਣਦੇ ਹਨ ਕਿ ਜੇਕਰ ਸੰਘ ਦੀ ਚੱਲਦੀ ਤਾਂ ਮਨੀਪੁਰ ਦੇ ਮੁੱਖ ਮੰਤਰੀ ਐਨ. ਬਿਰੇਨ ਸਿੰਘ ਨੂੰ ਹਿੰਸਕ ਹਿੰਦੂ ਰਾਸ਼ਟਰਵਾਦ ਦੀ ਰਾਹ 'ਤੇ ਚੱਲਣ ਤੋਂ ਰੋਕ ਦਿੱਤਾ ਜਾਂਦਾ। ਸੰਘ ਉੱਤਰ-ਪੂਰਬ ਦੇ ਮਾਮਲੇ 'ਚ ਬਹੁਤ ਫੂਕ-ਫਾਕ ਕੇ ਕਦਮ ਰੱਖਣ ਦਾ ਹਾਮੀ ਸੀ। ਗਊ ਮਾਸ ਖਾਣ ਦੇ ਸਵਾਲ 'ਤੇ ਉਸ ਨੇ ਉੱਥੋਂ ਕਦਮ ਪਿੱਛੇ ਖਿੱਚ ਲਏ ਸਨ। ਇਸੇ ਤਰ੍ਹਾਂ ਅੰਗਰੇਜ਼ੀ ਅਤੇ ਇਸਾਈਅਤ ਦੇ ਸਵਾਲ 'ਤੇ ਵੀ ਉਹ ਉੱਤਰ-ਪੂਰਬ 'ਚ ਮੈਦਾਨੀ ਇਲਾਕਿਆਂ ਵਰਗੀ ਰਾਜਨੀਤੀ ਕਰਨ ਦੇ ਪੱਖ 'ਚ ਨਹੀਂ ਸਨ। ਸੰਘ ਨੂੰ ਇਹ ਵੀ ਪਤਾ ਸੀ ਕਿ ਉੱਤਰ-ਪੂਰਬ ਨੂੰ ਉਸ ਦੇ ਕੋਲ ਆਪਣੀ ਵਿਚਾਰਧਾਰਾ 'ਚ ਪ੍ਰਨਾਏ ਨੇਤਾਵਾਂ ਦੀ ਬਹੁਤ ਘਾਟ ਹੈ। ਅਸਾਮ ਦੇ ਮੁੱਖ ਮੰਤਰੀ ਸਾਰੀ ਜ਼ਿੰਦਗੀ ਕਾਂਗਰਸ 'ਚ ਰਹੇ ਹਨ। ਮਨੀਪੁਰ ਦੇ ਮੁੱਖ ਮੰਤਰੀ ਵੀ ਕਾਂਗਰਸ ਦੀਆਂ ਕਤਾਰਾਂ 'ਚੋਂ ਆਉਂਦੇ ਹਨ। ਤ੍ਰਿਪੁਰਾ ਦੀ ਭਾਜਪਾ ਦਾ ਇਕ ਬਹੁਤ ਵੱਡਾ ਹਿੱਸਾ ਕਾਂਗਰਸ 'ਚੋਂ ਦਲ ਬਦਲੀ ਕਰ ਕੇ ਆਇਆ ਹੈ। ਭਾਵ ਉੱਤਰ-ਪੂਰਬ ਦੇਸ਼ ਦੇ ਦੂਜੇ ਭਾਜਪਾ ਦੇ ਪ੍ਰਭਾਵ ਵਾਲੇ ਇਲਾਕਿਆਂ ਨਾਲੋਂ ਵੱਖਰੀ ਤਰ੍ਹਾਂ ਦਾ ਹੈ। ਇਸ ਤਰ੍ਹਾਂ ਪੂਰੀ ਸਮਝ ਅਤੇ ਸਾਵਧਾਨੀ ਨਾਲ ਚੱਲਣ ਦੇ ਬਾਵਜੂਦ ਅੱਜ ਹਾਲਾਤ ਇਹ ਹਨ ਕਿ ਮਨੀਪੁਰ ਸੜ ਰਿਹਾ ਹੈ ਅਤੇ ਉਸ ਦਾ ਪ੍ਰਭਾਵ ਪੂਰੇ ਉੱਤਰ-ਪੂਰਬ 'ਤੇ ਪੈਣ ਦੀ ਸੰਭਾਵਨਾ ਹੈ। ਸੰਘ ਨੂੰ ਮਜਬੂਰਨ ਮੂੰਹ ਛਿਪਾ ਕੇ ਬਿਆਨ ਦੇਣੇ ਪੈ ਰਹੇ ਹਨ।




ਕੀ ਇਹ ਇਕ ਹੋਰ ਇਸ ਤਰ੍ਹਾਂ ਦੀ ਉਦਾਹਰਨ ਨਹੀਂ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਭਾਜਪਾ ਸੰਘ ਦੇ ਹੱਥ 'ਚੋਂ ਨਿਕਲਦੀ ਜਾ ਰਹੀ ਹੈ। ਮੈਨੂੰ ਯਾਦ ਹੈ ਕਿ ਮੋਦੀ ਦੀ ਚੋਣ ਸਮੇਂ ਸੰਘ ਦੇ ਅੰਦਰ ਖ਼ੁਸ਼ੀ ਦੇ ਨਾਲ-ਨਾਲ ਸ਼ੰਕਾਵਾਂ ਦਾ ਅਹਿਸਾਸ ਵੀ ਸੀ। ਮੈਨੂੰ ਯਾਦ ਹੈ ਕਿ ਜਿਸ ਸਮੇਂ ਲੋਕ ਸਭਾ ਚੋਣਾਂ ਦੇ ਨਤੀਜੇ ਆ ਰਹੇ ਸਨ ਅਤੇ ਭਾਜਪਾ ਤੇਜ਼ੀ ਨਾਲ ਬਹੁਮਤ ਵੱਲ ਵਧ ਰਹੀ ਸੀ, ਉਸ ਸਮੇਂ ਏ.ਬੀ.ਪੀ. ਚੈਨਲ 'ਤੇ ਮੇਰੇ ਨਾਲ ਬੈਠੇ ਹੋਏ ਸੰਘ ਦੇ ਇਕ ਵਿਚਾਰਕ (ਟੀ.ਵੀ. 'ਤੇ ਆਉਣ ਵਾਲੇ ਸੰਘ ਦੇ ਸਾਰੇ ਸਮਰਥਕਾਂ ਦੀ ਜਾਣ-ਪਛਾਣ ਬੜੇ ਅਜੀਬ ਤਰ੍ਹਾਂ ਨਾਲ ਵਿਚਾਰਕ ਵਜੋਂ ਹੀ ਕਰਵਾਈ ਜਾਂਦੀ ਹੈ) ਨੇ ਝਿਜਕਦੇ ਹੋਏ ਇੱਕ ਨੁਕਰ ਵੱਲ ਇਸ਼ਾਰਾ ਕਰਦਿਆਂ ਕਿਹਾ ਸੀ ਕਿ ਇਹ ਆਦਮੀ ਸਾਨੂੰ ਉੱਥੇ ਖੜ੍ਹਾ ਕਰ ਦੇਵੇਗਾ। ਜ਼ਾਹਿਰ ਹੈ ਕਿ ਉਸ ਸਮੇਂ ਸੰਘ ਦੇ ਮਨ 'ਚ ਮੋਦੀ ਨੂੰ ਆਪਣੇ ਕਾਬੂ ਵਿੱਚ ਰੱਖ ਸਕਣ ਜਾਂ ਨਾ ਰੱਖ ਸਕਣ ਨਾਲ ਜੁੜੀਆਂ ਚਿੰਤਾਵਾਂ ਸਨ। ਸੰਘ ਇਹ ਨਹੀਂ ਭੁੱਲ ਸਕਦਾ ਸੀ ਕਿ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ 'ਚ ਮੋਦੀ ਨੇ ਉਸ ਦੇ ਨਿਰਦੇਸ਼ਾਂ ਨੂੰ ਸਪੱਸ਼ਟ ਤੌਰ @ਤੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਲਈ ਸੰਘ ਵਲੋਂ ਭਾਜਪਾ ਦੀ ਅੰਦਰੂਨੀ ਰਾਜਨੀਤੀ 'ਚ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਉਣ ਦਾ ਵਿਰੋਧ ਕੀਤਾ ਗਿਆ ਸੀ। ਬਾਅਦ ਵਿੱਚ ਵਰਕਰਾਂ ਵਿੱਚ ਮੋਦੀ ਪ੍ਰਤੀ ਬੇਮਿਸਾਲ ਉਤਸ਼ਾਹ ਦੇਖ ਕੇ ਸੰਘ ਨੇ ਉਨ੍ਹਾਂ ਨੂੰ ਮਜਬੂਰੀ 'ਚ ਹੀ ਸਵੀਕਾਰ ਕੀਤਾ ਸੀ। ਅਟਲ-ਅਡਵਾਨੀ ਦੇ ਜ਼ਮਾਨੇ ਵਿੱਚ ਅਜਿਹਾ ਨਹੀਂ ਸੀ। ਉਸ ਸਰਕਾਰ ਵਿੱਚ ਸੰਘ ਦੇ ਪਸੰਦੀਦਾ ਵਿਅਕਤੀ ਲਾਲ ਕ੍ਰਿਸ਼ਨ ਅਡਵਾਨੀ ਸੱਤਾ 'ਚ ਬਰਾਬਰ ਤੋਂ ਕੁਝ ਘੱਟ ਦੇ ਹੀ ਹਿੱਸੇਦਾਰ ਸਨ ਅਤੇ ਉਸ ਸਮੇਂ ਵੀ ਭਾਰਤੀ ਜਨਤਾ ਪਾਰਟੀ 'ਤੇ ਸੰਘ ਦੇ ਜੀਵਨਦਾਨੀ ਪ੍ਰਚਾਰਕਾਂ ਦੀ ਸੰਗਠਨ ਮੰਤਰੀਆਂ ਵਜੋਂ ਮਜ਼ਬੂਤ ਪਕੜ ਸੀ। ਅੱਜ ਇਹ ਦੇਖ ਕੇ ਥੋੜ੍ਹੀ ਹੈਰਾਨੀ ਹੁੰਦੀ ਹੈ ਕਿ ਉਸ ਸਮੇਂ ਵਾਜਪਾਈ ਅਤੇ ਅਡਵਾਨੀ ਦੀ ਭਾਸ਼ਾ ਅਤੇ ਕਾਰਜਸ਼ੈਲੀ ਖ਼ੁਦ ਪ੍ਰੇਰਿਤ ਸੰਜਮ ਦੇ ਬੰਧਨਾਂ 'ਚ ਬੱਝੀ ਰਹਿੰਦੀ ਸੀ। ਦੋ ਗੱਲਾਂ ਸਨ ਜੋ ਉਨ੍ਹਾਂ ਨੂੰ ਹੱਦਾਂ ਤੋੜਨ ਤੋਂ ਰੋਕਦੀਆਂ ਸਨ : ਪਹਿਲੀ, ਬਹੁਮਤ ਲਈ ਭਾਜਪਾ ਦੀ ਕੌਮੀ ਜਮਹੂਰੀ ਗੱਠਜੋੜ ਦੇ ਭਾਈਵਾਲ ਸੰਗਠਨਾਂ 'ਤੇ ਨਿਰਭਰਤਾ ਅਤੇ ਰਾਸ਼ਟਰਵਾਦ ਗਾਂਧੀ-ਨਹਿਰੂ ਵਿਰਾਸਤ ਦੇ ਦਬਦਬੇ ਦੇ ਜਾਰੀ ਰਹਿਣ ਕਾਰਨ ਸੰਕੋਚ। 2004 ਅਤੇ ਫਿਰ 2009 'ਚ ਚੋਣਾਂ ਹਾਰਨ ਨਾਲ ਭਾਜਪਾ ਨੂੰ ਦੁੱਖ ਤਾਂ ਬਹੁਤ ਹੋਇਆ ਹੋਵੇਗਾ, ਪਰ ਉਸ ਨੂੰ ਕੀ ਪਤਾ ਸੀ ਕਿ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੇ ਦਸ ਸਾਲ ਦੇ ਕੁਸ਼ਾਸਨ ਕਾਲ 'ਚ ਕਾਂਗਰਸ ਨਾ ਸਿਰਫ਼ ਉਸ ਦੀ ਵਾਪਸੀ ਲਈ ਰਾਹ ਸਾਫ਼ ਕਰੇਗੀ, ਸਗੋਂ ਉਹ ਧਰਮਨਿਰਪੱਖਤਾ ਦੀ ਉੱਤਰ-ਪੂਰਬ 'ਚ






# ਆਪਣਾ ਪੰਜਾਬ ਹੋਵੇ! ਤੀਆਂ ਦਾ ਮੇਲਾ ਲੱਗਿਆ ਹੋਵੇ

## ਸੱਤ ਸਮੁੰਦਰ ਪਾਰ ਬੈਠੇ ਪੰਜਾਬੀ ਹਰ ਵੇਲੇ ਮੰਗਦੇ ਨੇ ਪੰਜਾਬ ਲਈ ਦੁਆਵਾਂ

-ਪੰਜਾਬੀ ਖਾਸ ਕਰਕੇ ਸਿੱਖ ਦੁਨੀਆਂ ਦੇ ਕਿਸੇ ਵੀ ਇਲਾਕੇ ਵਿੱਚ ਰਹਿੰਦੇ ਹੋਣ, ਉਹਨਾਂ ਦੇ ਪੇਕੇ ਜਾਂ ਜੱਦੀ ਘਰ ਪੰਜਾਬ ਵਿੱਚ ਹੀ ਹੁੰਦੇ ਹਨ। ਦੇਸ਼ਾਂ ਪਰਦੇਸਾਂ ਵਿੱਚ ਰਹਿੰਦਿਆਂ ਵੀ ਪੰਜਾਬੀ ਕਿਸੇ ਨਾ ਕਿਸੇ ਤਰਾਂ ਪੰਜਾਬ ਨਾਲ ਜੁੜੇ ਰਹਿਣ ਦਾ ਯਤਨ ਕਰਦੇ ਹਨ ਅਤੇ ਉਹਨਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੀਆਂ ਜੜਾਂ ਪੰਜਾਬ ਵਿੱਚ ਹੀ ਹਨ। ਇਸੇ ਕਾਰਨ ਕਈ ਵਾਰ ਸੱਤ ਸਮੁੰਦਰ ਪਾਰ ਬੈਠੇ ਪੰਜਾਬੀ ਆਪਣੇ ਪੰਜਾਬ ਲਈ ਦੁਆਵਾਂ ਮੰਗਦੇ ਰਹਿੰਦੇ ਹਨ ਅਤੇ ਪੰਜਾਬ ਜਰੂਰ ਆਉਣਾ ਚਾਹੁੰਦੇ ਹਨ। ਵੱਖ- ਵੱਖ ਮੁਲਕਾਂ ਵਿੱਚ ਕਈ ਦਹਾਕਿਆਂ ਤੋਂ ਰਹਿ ਰਹੇ ਪੰਜਾਬੀਆਂ ਨੂੰ ਪੰਜਾਬ ਬਹੁਤ ਯਾਦ ਆਉਂਦਾ ਹੈ ਅਤੇ ਇਹ ਪੰਜਾਬ ਕਿਸੇ ਨਾ ਕਿਸੇ ਤਰੀਕੇ ਪੰਜਾਬ ਜਰੂਰ ਆਉਣਾ ਚਾਹੁੰਦੇ ਹਨ।

ਦੂਰ ਦੂਰ ਦੇ ਮੁਲਕਾਂ ਵਿੱਚ ਬੈਠੇ ਪੰਜਾਬੀ ਅਕਸਰ ਇਹ ਕਹਿੰਦੇ ਹਨ ਕਿ ਦੁਨੀਆਂ 'ਚ ਸਿਰਫ਼ ਪੰਜਾਬ ਹੀ ਅਜਿਹਾ ਇਲਾਕਾ ਹੈ, ਜਿਥੇ ਕਿ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ, ਜਿਸ ਕਰਕੇ ਪੰਜਾਬ ਦਾ ਪੌਣ ਪਾਣੀ ਵੱਖਰਾ ਹੀ ਹੈ। ਪੰਜਾਬ 'ਚ ਵਾਪਰਦੀ ਹਰ ਘਟਨਾ ਦਾ ਪਰਦੇਸਾਂ 'ਚ ਬੈਠੇ ਪੰਜਾਬੀਆਂ 'ਤੇ ਡੂੰਘਾ ਅਸਰ ਹੁੰਦਾ ਹੈ ਅਤੇ ਉਹ ਅਕਸਰ ਪੰਜਾਬ ਦੇ ਮੌਜੂਦਾ ਹਾਲਾਤ ਵੇਖ ਕੇ ਪੰਜਾਬ ਲਈ ਦੁਆਵਾਂ ਮੰਗਦੇ ਹਨ। ਇਸ ਸਮੇਂ ਪੰਜਾਬ ਦੇ ਵਸਨੀਕ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰ ਰਹੇ ਹਨ। ਹੜਾਂ ਦੀ ਤਬਾਹੀ ਦੌਰਾਨ ਪੰਜਾਬੀ ਹੀ ਦੂਸਰੇ ਪੰਜਾਬੀਆਂ ਦੇ ਸਹਾਰੇ ਬਣੇ ਅਤੇ ਪੰਜਾਬੀਆਂ ਵੱਲੋਂ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪੀੜ੍ਹਤ ਲੋਕਾਂ ਲਈ ਲੰਗਰ ਲਗਾਏ ਗਏ। ਇਹ ਵੱਖਰੀ ਗਲ ਹੈ ਕਿ ਪੰਜਾਬੀਆਂ ਦੇ ਇਸ ਚੰਗੇ ਪੱਖ ਨੂੰ ਨੈਸ਼ਨਲ ਮੀਡੀਆ ਵੱਲੋਂ ਨਹੀਂ ਵਿਖਾਇਆ ਗਿਆ ਸਗੋਂ ਨੈਸ਼ਨਲ ਮੀਡੀਆ ਵਿੱਚ ਪੰਜਾਬੀ ਨੌਜਵਾਨਾਂ ਨੂੰ ਨਸ਼ੇੜੀ ਕਹਿ ਕੇ ਬਦਨਾਮ ਕਰਨ ਦਾ ਯਤਨ ਕੀਤਾ ਜਾਂਦਾ ਹੈ।ਅਜਿਹੇ ਮੀਡੀਆ ਅਦਾਰਿਆਂ ਦੇ ਕਰਤਿਆਂ ਧਰਤਿਆਂ ਨੂੰ ਇਸ ਗਲ ਦੀ ਸਮਝ ਨਹੀਂ ਅਜੇ ਲੱਗੀ ਕਿ ਜੇ ਪੰਜਾਬ ਦੇ ਜਿਆਦਾਤਰ ਨੌਜਵਾਨ ਨਸ਼ੇੜੀ ਹਨ ਤਾਂ ਫਿਰ ਹੜ੍ਹ ਪੀੜ੍ਹਤਾਂ ਦੀ ਮਦਦ ਕਰਨ ਲਈ ਕਿਹੜੇ ਪੰਜਾਬੀ ਨੌਜਵਾਨ ਅੱਗੇ ਆ ਗਏ? ਅਸਲੀਅਤ ਤਾਂ ਇਹ ਹੈ ਕਿ ਕੁਝ ਕੁਰਾਹੇ ਪਏ ਨੌਜਵਾਨਾਂ ਕਰਕੇ ਸਾਰੇ ਪੰਜਾਬੀ ਨੌਜਵਾਨਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਇਸਦੇ ਬਾਵਜੂਦ ਪੰਜਾਬ ਦੇ ਨੌਜਵਾਨ ਹੋਰਨਾਂ ਖੇਤਰਾਂ ਦੇ ਨਾਲ ਨਾਲ ਸਮਾਜ ਸੇਵਾ ਵਿੱਚ ਵੀ ਵੱਡਾ ਯੋਗਦਾਨ ਪਾ ਰਹੇ ਹਨ।

ਸੱਤ ਸਮੁੰਦਰ ਪਾਰ ਵੱਖ ਵੱਖ ਆਧੁਨਿਕ ਮੁਲਕਾਂ ਵਿੱਚ ਬੈਠੇ ਪੰਜਾਬੀਆਂ ਨਾਲ ਗਲਬਾਤ ਕਰਨ ਦੌਰਾਨ ਇਹ ਗਲ ਉਭਰ ਕੇ ਆਈ ਕਿ ਵਿਦੇਸ਼ਾਂ ਵਿੱਚ ਪੰਜਾਬੀਆਂ ਨੇ ਸਖ਼ਤ ਮਿਹਨਤ ਕਰਕੇ ਡਾਲਰ/ਪੌਂਡ ਤਾਂ ਕਮਾ ਲਏ ਪਰ ਆਪਣੇ ਪੰਜਾਬ ਨੂੰ ਛੱਡਣ ਦਾ ਦੁੱਖ ਉਹਨਾਂ ਨੂੰ ਅਜੇ ਵੀ ਹੈ। ਉਹਨਾਂ ਦਾ ਕਹਿਣਾ ਹੈ ਕਿ ਵਿਦੇਸ਼ਾਂ ਵਿੱਚ ਮਿਹਨਤਾਂ ਦਾ ਮੁੱਲ ਤਾਂ ਪੈ ਜਾਂਦਾ ਹੈ ਅਤੇ ਮਿਹਨਤ ਕਰਕੇ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਬਹੁਤ ਤਰੱਕੀ ਕੀਤੀ ਹੈ, ਪਰ ਉਹਨਾਂ ਦੇ ਮਨਾਂ ਅੰਦਰ ਪੰਜਾਬ ਪੂਰੀ ਤਰਾਂ ਵਸਿਆ ਹੋਇਆ ਹੈ। ਪੰਜਾਬ ਦੀ ਵਾਰ ਵਾਰ ਯਾਦ ਆਉਣ ਕਾਰਨ ਹੀ ਅਨੇਕਾਂ ਪੰਜਾਬੀਆਂ ਨੇ ਹਿੰਮਤ ਕਰਕੇ ਵੱਖ ਵੱਖ ਮੁਲਕਾਂ 'ਚ ਇਕ ਤਰਾਂ ਮਿੰਨੀ ਪੰਜਾਬ ਵਸਾਏ ਹੋਏ ਹਨ ਅਤੇ ਪੰਜਾਬ ਦੇ ਗੀਤ ਰਿਵਾਜ਼ ਉਥੇ ਪੰਜਾਬੀ ਤਰੀਕੇ ਨਾਲ ਹੀ ਮਨਾਏ ਜਾਂਦੇ ਹਨ।

ਇਹ ਸਤਰਾਂ ਲਿਖੇ ਜਾਣ ਵੇਲੇ ਪੰਜਾਬ ਵਿੱਚ ਸਾਵਣ ਮਹੀਨਾ ਚਲ ਰਿਹਾ ਹੈ ਅਤੇ ਸਾਵਣ ਦੇ ਪ੍ਰਸਿੱਧ ਤਿਉਹਾਰ ਤੀਆਂ ਨੂੰ ਵੀ ਵੱਖ- ਵੱਖ ਮੁਲਕਾਂ ਵਿੱਚ ਵਸੇ ਪੰਜਾਬੀਆਂ ਖਾਸ ਕਰਕੇ ਪੰਜਾਬਣਾਂ ਵੱਲੋਂ ਮਨਾਏ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ। ਜਿਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਪੰਜਾਬ ਦੁਨੀਆਂ ਦੇ ਕਿਸੇ ਵੀ ਇਲਾਕੇ ਵਿੱਚ ਜਾ ਕੇ ਰਹਿਣ ਲੱਗ ਜਾਣ ਪਰ ਉਹ ਆਪਣਾ ਪਿਛੋਕੜ, ਗੀਤ ਰਿਵਾਜ ਅਤੇ ਤਿਉਹਾਰ ਮਨਾਉਣੇ ਨਹੀਂ ਭੁਲਦੇ। ਇਸੇ ਕਾਰਨ ਵੱਖ- ਵੱਖ ਮੁਲਕਾਂ ਵਿੱਚ ਇਸ ਸਮੇਂ ਤੀਆਂ ਦਾ ਤਿਉਹਾਰ ਪੰਜਾਬਣਾਂ ਵੱਲੋਂ ਮਨਾਇਆ ਜਾ ਰਿਹਾ ਹੈ, ਇਸ ਤਿਉਹਾਰ ਨੂੰ ਮਨਾਉਣ ਮੌਕੇ ਵਿਦੇਸ਼ਾਂ ਵਿੱਚ ਵਸੀਆਂ ਪੰਜਾਬਣਾਂ ਪੂਰੀ ਤਰਾਂ ਰਵਾਇਤੀ ਪਹਿਰਾਵੇ ਪਾ ਕੇ ਸ਼ਾਮਲ ਹੁੰਦੀਆਂ ਹਨ, ਜਿਹਨਾਂ ਦੀ ਸ਼ਾਨ ਹੀ ਨਿਰਾਲੀ ਹੁੰਦੀ ਹੈ। ਤੀਆਂ ਦਾ ਤਿਉਹਾਰ ਮੌਕੇ ਮਹਿੰਦੀ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਅਤੇ ਗਿੱਧਾ ਪਾਇਆ ਜਾਂਦਾ ਹੈ ਅਤੇ ਕਈ ਤਰਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਦੇ ਸਟਾਲ ਲਗਾਏ ਜਾਂਦੇ ਹਨ। ਕਈ ਪੰਜਾਬਣਾਂ ਇਹ ਵੀ ਦਾਅਵਾ ਕਰਦੀਆਂ ਹਨ ਕਿ ਵਿਦੇਸ਼ਾਂ ਦੀਆਂ ਸਟੇਜਾਂ 'ਤੇ ਤੀਆਂ ਮਨਾਉਂਦੇ ਹੋਏ ਪਾਏ ਜਾਂਦੇ ਗਿੱਧੇ ਦੌਰਾਨ ਨੱਚਦੀਆਂ ਮੁਟਿਆਰਾਂ ਦੀਆਂ ਅੱਡੀਆਂ ਦੀ ਧਮਕ ਪੂਰੀ ਦੁਨੀਆਂ ਵਿੱਚ ਸੁਣਾਈ ਦਿੰਦੀ ਹੈ। ਤੀਆਂ ਦੇ ਤਿਉਹਾਰ ਮੌਕੇ ਪੀਂਘਾਂ ਵੀ ਝੂਟੀਆਂ ਜਾਂਦੀਆਂ ਹਨ। ਇਸ ਤਰਾਂ ਵਿਦੇਸ਼ਾਂ 'ਚ ਵੀ ਮਿੰਨੀ ਪੰਜਾਬ ਦਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਇਸ ਤਰਾਂ ਪਰਵਾਸੀ ਪੰਜਾਬੀਆਂ ਨ





ਵਿਦੇਸ਼ਾਂ ਵਿੱਚ ਪੰਜਾਬੀ ਵਿਰਸਾ ਸੰਭਾਲਿਆ ਹੋਇਆ ਹੈ। ਜੇ ਤੀਆਂ ਦੀ ਗਲ ਕੀਤੀ ਜਾਵੇ ਤਾਂ ਅਸਲੀ ਪੰਜਾਬ ਵਿੱਚ ਹੀ ਹੁਣ ਤੀਆਂ ਦਾ ਤਿਉਹਾਰ ਸਟੇਜ਼ਾਂ ਅਤੇ ਹੋਟਲਾਂ ਤਕ ਸੀਮਿਤ ਹੁੰਦਾ ਜਾ ਰਿਹਾ ਹੈ। ਹੁਣ ਪਹਿਲਾਂ ਵਾਂਗ ਪਿੰਡਾਂ ਦੇ ਬਾਹਰ ਖਾਲੀ ਥਾਂ 'ਤੇ ਤੀਆਂ ਦੇ ਮੇਲੇ ਨਹੀਂ ਲੱਗਦੇ। ਕੁਝ ਦਹਾਕੇ ਪਹਿਲਾਂ ਤਕ ਲੌਂਗੋਵਾਲ ਅਤੇ ਬਰਨਾਲਾ ਦੇ ਤੀਆਂ ਦੇ ਮੇਲੇ ਬਹੁਤ ਪ੍ਰਸਿੱਧ ਸਨ। ਕੁਝ ਦਹਾਕੇ ਪਹਿਲਾਂ ਬਰਨਾਲਾ ਵਿੱਚ ਜੰਡਾ ਵਾਲਾ ਟੋਭਾ ਨੇੜੇ ਖਾਲੀ ਤੇ ਖੁੱਲੀ ਥਾਂ ਵਿੱਚ ਲਗਦਾ ਤੀਆਂ ਦਾ ਮੇਲਾ ਇਸ ਲੇਖਕ ਨੇ ਵੀ ਆਪਣੇ ਬਚਪਣ ਦੌਰਾਨ ਵੇਖਿਆ ਹੈ, ਭਾਵੇਂ ਕਿ ਇਸ ਮੇਲੇ ਵਿੱਚ ਮਰਦਾਂ ਦੇ ਜਾਣ ਦੀ ਮਨਾਹੀ ਹੁੰਦੀ ਸੀ ਪਰ ਬੱਚਾ ਹੋਣ ਕਰਕੇ ਲੇਖਕ ਵੀ ਆਪਣੀਆਂ ਭੈਣਾਂ ਨਾਲ ਇਸ ਮੇਲੇ ਵਿੱਚ ਚਲਿਆ ਜਾਂਦਾ ਸੀ। ਜਿਸ ਕਰਕੇ ਬਰਨਾਲਾ ਦਾ ਤੀਆਂ ਦਾ ਮੇਲਾ ਇਸ ਲੇਖਕ ਦੇ ਮਨ ਵਿੱਚ ਅਜੇ ਵੀ ਵਸਿਆ ਹੋਇਆ ਹੈ, ਭਾਵੇਂ ਕਿ ਇਹ ਮੇਲਾ ਹੁਣ ਨਹੀਂ ਲੱਗਦਾ।

ਪੰਜਾਬ ਦੇ ਲੋਕ ਮੁੱਢ ਕਦੀਮ ਤੋਂ ਹੀ ਮਿਹਨਤੀ ਅਤੇ ਇਮਾਨਦਾਰ ਹਨ ਅਤੇ ਆਪਣੇ ਮਹਾਨ ਵਿਰਸੇ ਨਾਲ ਜੁੜੇ ਰਹਿੰਦੇ ਹਨ। ਇਹ ਹੀ ਕਾਰਨ ਹੈ ਕਿ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਬੈਠੇ ਪੰਜਾਬੀ ਵੀ ਇਸ ਸਮੇਂ ਸਾਵਣ ਮਹੀਨੇ ਅਤੇ ਤੀਆਂ ਦਾ ਆਨੰਦ ਮਾਣ ਰਹੇ ਹਨ। ਭਾਵੇਂ ਕਿ ਪੰਜਾਬ ਵਿੱਚ ਹੜ੍ਹਾਂ ਕਾਰਨ ਹੋਈ ਤਬਾਹੀ ਦਾ ਸਾਹਮਣਾ ਵੀ ਪੰਜਾਬੀ ਕਰ ਰਹੇ ਹਨ ਪਰ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾ ਅਨੁਸਾਰ ਪੰਜਾਬ ਦੇ ਵਸਨੀਕ ਹੜ੍ਹਾਂ ਦੌਰਾਨ ਹੋਈ ਤਬਾਹੀ 'ਚੋਂ ਵੀ ਉਭਰਨ ਦੇ ਪੂਰੇ ਯਤਨ ਕਰ ਰਹੇ ਹਨ। ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਮੇਲੇ ਪੰਜਾਬੀਆਂ ਦੀ ਜਿੰਦ ਜਾਨ ਹੁੰਦੇ ਹਨ। ਇਸ ਕਰਕੇ ਸਾਵਣ ਮਹੀਨੇ ਤੀਆਂ ਦੇ ਮੇਲਿਆਂ ਦਾ ਆਨੰਦ ਪੂਰੀ ਦੁਨੀਆਂ 'ਚ ਬੈਠੇ ਪੰਜਾਬੀ ਕਿਸੇ ਨਾ ਕਿਸੇ ਤਰੀਕੇ ਮਾਣ ਰਹੇ ਹਨ ਅਤੇ ਪੰਜਾਬ ਲਈ ਦੁਆਵਾਂ ਮੰਗ ਰਹੇ ਹਨ।






# ਲੱਖਾਂ ਲੋਕਾਂ ਨੂੰ ਰੁਜ਼ਗਾਰ ਦਿੰਦੈ ਟਰਾਂਸਪੋਰਟ ਦਾ ਕਾਰੋਬਾਰ

## ਹਮੇਸ਼ਾ ਚਲਦੇ ਰਹਿਣਾ ਹੀ ਜ਼ਿੰਦਗੀ ਹੈ ਟਰੱਕਾਂ ਵਾਲੇ ਵੀਰਾਂ ਲਈ

ਟਰੱਕ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ 'ਟ੍ਰੋਕੋਸ' ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ 'ਪਹੀਆ'।ਟਰੱਕ ਨੂੰ ਲਾਰੀ, ਗੱਡੀ ਅਤੇ ਹੋਰ ਕਈ ਨਾਵਾਂ ਨਾਲ ਵੀ ਬੁਲਾਇਆ ਜਾਂਦਾ ਹੈ ਪਰ ਇਸ ਸਮੇਂ ਟਰੱਕ ਸ਼ਬਦ ਹੀ ਦੁਨੀਆਂ ਭਰ ਵਿੱਚ ਪ੍ਰਚਲਿਤ ਹੈ।

ਪੰਜਾਬ ਸਮੇਤ ਪੂਰੇ ਭਾਰਤ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਦਿਨੋਂ ਦਿਨ ਵੱਧਦੀ ਜਾ ਰਹੀ ਹੈ, ਦੂਜੇ ਪਾਸੇ ਟਰਾਂਸਪੋਰਟ ਦਾ ਕਾਰੋਬਾਰ ਇੱਕ ਅਜਿਹਾ ਖੇਤਰ ਹੈ, ਜਿਥੇ ਲੱਖਾਂ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ। ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਪੰਜਾਬੀ ਲੋਕ ਟਰਾਂਸਪੋਰਟ ਅਤੇ ਟਰੱਕਾਂ ਨਾਲ ਜੁੜੇ ਹੋਏ ਹਨ ਅਤੇ ਇਸ ਕਾਰੋਬਾਰ ਵਿੱਚ ਨਿਰੰਤਰ ਤਰੱਕੀ ਕਰ ਰਹੇ ਹਨ। ਟਰਾਂਸਪੋਰਟ ਦੇ ਕੰਮ ਵਿੱਚ ਭਾਵੇਂ ਪੜ੍ਹੇ ਲਿਖੇ ਇਨਸਾਨ ਵੀ ਬਹੁਤ ਜੁੜੇ ਹੋਏ ਹਨ ਪਰ ਅਨਪੜ੍ਹ ਅਤੇ ਘੱਟ ਪੜ੍ਹੇ ਲਿਖੇ ਲੋਕਾਂ ਲਈ ਵੀ ਟਰਾਂਸਪੋਰਟ ਦੇ ਖੇਤਰ ਦੇ ਦਰਵਾਜ਼ੇ ਹਮੇਸ਼ਾ ਹੀ ਖੁੱਲੇ ਰਹਿੰਦੇ ਹਨ। ਟਰਾਂਸਪੋਰਟ ਵਾਲੇ ਵੀਰਾਂ ਕਰਕੇ ਹੀ ਪੂਰੇ ਦੇਸ਼ ਵਿੱਚ ਜ਼ਰੂਰੀ ਸਮਾਨ ਇੱਕ ਇਲਾਕੇ ਤੋਂ ਦੂਜ ਇਲਾਕੇ ਤੱਕ ਪਹੁੰਚਦਾ ਹੈ। ਟਰੱਕਾਂ ਵਿੱਚ ਲੱਦੇ ਸਮਾਨ ਨੂੰ ਸਹੀ ਸਮੇਂ 'ਤੇ ਸਹੀ ਤਰੀਕੇ ਨਾਲ ਪਹੁੰਚਾਉਣ ਲਈ ਟਰੱਕਾਂ ਵਾਲੇ ਵੀਰ ਆਪਣੀ ਪੂਰੀ ਵਾਹ ਲਗਾ ਦਿੰਦੇ ਹਨ। ਟਰੱਕਾਂ ਵਾਲੇ ਵੀਰਾਂ ਲਈ ਚਲਦੇ ਰਹਿਣਾ ਹੀ ਜਿੰਦਗੀ ਹੈ। ਟਰੱਕਾਂ ਵਾਲੇ ਵੀਰ ਆਪਣੇ ਰੁਜ਼ਗਾਰ ਖਾਤਰ ਆਪਣੇ ਘਰਾਂ ਤੋਂ ਲੰਬਾ ਸਮਾਂ ਦੂਰ ਰਹਿੰਦੇ ਹਨ, ਜਿਸ ਕਰਕੇ ਇਹ ਵੀਰ ਆਪਣੀਆਂ ਗੱਡੀਆਂ 'ਤੇ ਕਈ ਤਰਾਂ ਸ਼ਾਇਰੀ ਲਿਖਵਾ ਕੇ ਅਤੇ ਪੇਂਟਿਗਾਂ ਕਰਵਾ ਕੇ ਆਪਣਾ ਸ਼ੌਂਕ ਕਰਦੇ ਹਨ।



ਲੰਬੇ ਰੂਟ ਤੇ ਚੱਲਣ ਵਾਲੇ ਟਰੱਕਾਂ ਵਿੱਚ ਅਕਸਰ ਦੋ ਡਰਾਇਵਰ, ਦੋ ਕਲੀਨਰ ਜਰੂਰ ਹੁੰਦੇ ਹਨ, ਜਦੋਂਕਿ ਨੇੜੇ ਦਾ ਸਫ਼ਰ ਕਰਨ ਵਾਲੇ ਟੱਰਕਾਂ ਵਿੱਚ ਇਕ ਡਰਾਇਵਰ ਤੇ ਇੱਕ ਕਲੀਨਰ ਹੁੰਦੇ ਹਨ। ਇਸ ਤੋਂ ਇਲਾਵਾ ਟਰੱਕਾਂ 'ਚ ਸਮਾਨ ਚੜਾਉਣ ਅਤੇ ਉਤਾਰਣ ਵਾਲੇ ਮਜ਼ਦੂਰ ਵੀ ਇਸ ਰੁਜ਼ਗਾਰ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ ਟਰਾਂਸਪੋਰਟ ਕੰਪਨੀਆਂ ਵਿੱਚ ਵੀ ਅਨੇਕਾਂ ਵਰਕਰਾਂ ਨੂੰ ਰੁਜਗਾਰ ਮਿਲਿਆ ਹੁੰਦਾ ਹੈ। ਇਸ ਤੋਂ ਇਲਾਵਾ ਟਰੱਕ ਰਿਪੇਅਰ ਕਰਨ ਵਾਲੇ ਲੋਕਾਂ ਲਈ ਵੀ ਟਰੱਕਾਂ ਕਾਰਨ ਹੀ ਰੁਜ਼ਗਾਰ ਮਿਲਿਆ ਹੁੰਦਾ ਹੈ। ਵੱਡੀ ਗਿਣਤੀ ਢਾਬੇ ਵੀ ਸਿਰਫ਼ ਟਰੱਕਾਂ ਵਾਲਿਆਂ ਕਰਕੇ ਹੀ ਚੱਲਦੇ ਹਨ। ਇਸ ਕਾਰਨ ਅਨੇਕਾਂ ਢਾਬਿਆਂ 'ਤੇ ਟਰੱਕਾਂ ਵਾਲੇ ਵੀਰਾਂ ਲਈ ਵਿਸ਼ੇਸ਼ ਸਹੂਲਤਾਂ ਦਾ ਪ੍ਰਬੰਧ ਹੁੰਦਾ ਹੈ।

ਇਹ ਟਰੱਕਾਂ ਵਾਲੇ ਵੀਰ ਜਿਥੇ ਸਰਕਾਰ ਦੀਆਂ ਨੀਤੀਆਂ ਦਾ ਜਾਣੇ ਅਣਜਾਣੇ ਵਿੱਚ ਪ੍ਰਚਾਰ ਕਰਦੇ ਹਨ, ਉਥੇ ਇਹਨਾਂ ਟਰੱਕਾਂ ਵਾਲਿਆਂ ਕਾਰਨ ਪੂਰੇ ਦੇਸ਼ ਵਿੱਚ ਆਪਸੀ ਭਾਈਚਾਰਕ ਸਾਂਝ ਵੀ ਮਜਬੂਤ ਹੁੰਦੀ ਹੈ। ਟਰੱਕਾਂ ਤੇ ਇਕ ਰਾਜ ਤੋਂ ਦੂਜ ਰਾਜ ਤਕ ਸਮਾਨ ਢੋਹਦਿੰਆਂ ਇਹਨਾਂ ਟਰੱਕਾਂ ਵਾਲੇ ਵੀਰਾਂ ਨੂੰ ਕਈ ਤਰਾਂ ਸਭਿਆਚਾਰਾਂ ਨੂੰ ਨੇੜਿਓ ਵੇਖਣ ਦਾ ਮੌਕਾ ਮਿਲਦਾ ਹੈ।

ਇਕ ਰਾਜ ਤੋਂ ਦੂਜੇ ਰਾਜ ਵਿੱਚ ਸਮਾਨ ਸਪਲਾਈ ਕਰਦੇ ਹੋਏ ਇਹਨਾਂ ਟਰੱਕਾਂ ਵਾਲਿਆਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਕਈ ਵਾਰ ਗੁੰਡਿਆਂ ਅਤੇ ਡਾਕੂਆਂ ਵੱਲੋਂ ਟਰੱਕਾਂ ਨੂੰ ਲੁੱਟ ਵੀ ਲਿਆ ਜਾਂਦਾ ਹੈ। ਇਸੇ ਕਾਰਨ ਲੰਬੇ ਰੂਟ 'ਤੇ ਜਾਣ ਵਾਲੇ ਟਰੱਕ ਵੀਰ ਇੱਕਠੇ ਹੋ ਕੇ ਚਲਦੇ ਹਨ ਤਾਂ ਰਾਹ ਵਿੱਚ ਆਉਂਦੀਆਂ ਸਮੱਸਿਆਵਾਂ ਦਾ ਟਾਕਰਾ ਕਰ ਸਕਣ।

ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਟਰਾਂਸਪੋਰਟ ਖੇਤਰ ਨਾਲ ਜੁੜੇ ਲੋਕਾਂ ਨੂੰ ਉਚਿਤ ਮਾਣ ਸਤਿਕਾਰ ਨਹੀਂ ਮਿਲਦਾ। ਭਾਂਵੇਂ ਕਿ ਕੁਝ ਲੋਕ ਦਾਅਵਾ ਕਰਦੇ ਹਨ ਕਿ ਹੁਣ ਟਰਾਂਸਪੋਰਟ ਦਾ ਕੰਮ ਲਾਹੇਵੰਦਾਂ ਨਹੀਂ ਰਿਹਾ ਅਤੇ ਟਰਾਂਸਪੋਰਟ ਦੇ ਕੰਮ ਕਰਨ ਵਾਲਿਆਂ ਨੂੰ ਘਾਟਾ ਪੈ ਰਿਹਾ ਹੈ, ਪਰ ਹਰ ਦਿਨ ਸੜਕਾਂ 'ਤੇ ਆਉਂਦੀਆਂ ਨਵੀਆਂ ਗੱਡੀਆਂ ਕੁਝ ਹੋਰ ਕਹਿ ਰਹੀਆਂ ਹੁੰਦੀਆਂ ਹਨ। ਆਮ ਤੌਰ ਤੇ ਟਰਾਂਸਪੋਰਟ ਦਾ ਕਾਰੋਬਾਰ ਨਗਦ ਪੈਸੇ ਨਾਲ ਚਲਦਾ ਹੈ ਅਤੇ ਟਰੱਕਾਂ ਵਿੱਚ ਜੋ ਮਾਲ ਲਦਿਆ ਜਾਂਦਾ ਹੈ, ਉਸਦੇ ਕਿਰਾਏ ਵਜੋਂ ਸਮਾਨ ਦੇ ਮਾਲਕਾਂ /ਵਪਾਰੀਆਂ ਵੱਲੋਂ ਟਰੱਕਾਂ ਵਾਲਿਆਂ ਨੂੰ ਐਡਵਾਂਸ ਰਕਮ ਵੀ ਦਿਤੀ ਜਾਂਦੀ ਹੈ ਤਾਂ ਕਿ ਟਰੱਕਾਂ ਵਾਲੇ ਆਪਣੇ ਟਰਕਾਂ ਵਿੱਚ ਡੀਜ਼ਲ ਆਦਿ ਪਵਾ ਲੈਣ। ਟਰਾਂਸਪੋਰਟ ਦਾ ਕੰਮ ਕਾਫ਼ੀ ਖਤਰਿਆਂ ਭਰਿਆ ਵੀ ਹੁੰਦਾ ਹੈ, ਇਸਦੇ ਬਾਵਜੂਦ ਇਹ ਕਾਰੋਬਾਰ ਕਾਫ਼ੀ ਫੈਲਦਾ ਜਾ ਰਿਹਾ ਹੈ।

**ਅਸੀਂ ਟਰਾਂਸਪੋਰਟ ਕਾਰੋਬਾਰ ਕਰਨ ਵਾਲਿਆਂ ਅਤੇ ਖ਼ਾਸ ਕਰਕੇ ਟਰੱਕਾਂ ਵਾਲੇ ਵੀਰਾਂ/ ਭੈਣਾਂ ਲਈ ਵਿਸ਼ੇਸ ਕਾਲਮ ਸ਼ੁਰੂ ਕੀਤਾ ਹੋਇਆ ਹੈ। ਟਰੱਕਾਂ ਅਤੇ ਟਰਾਂਸਪੋਰਟ ਨਾਲ ਜੁੜੇ ਵੀਰਾਂ ਨੂੰ ਅਪੀਲ ਹੈ ਕਿ ਉਹ ਆਪਣੇ ਤਜ਼ਰਬੇ ਸਾਡੇ ਨਾਲ ਸਾਂਝੇ ਕਰਨ ਤਾਂ ਕਿ ਉਹਨਾਂ ਨੂੰ ਦੁਨੀਆਂ ਸਾਹਮਣੇ ਲਿਆਂਦਾ ਜਾ ਸਕੇ। ਸਾਡੇ ਨਾਲ ਮੋਬਾਇਲ ਨੰਬਰ 8427912001 ਅਤੇ ਈਮੇਲ asrtimes@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।**



# ਨਫ਼ਰਤ ਦੀ ਅੱਗ 'ਚ ਝੁਲਸਦਾ ਭਾਰਤ

## ਕਿਉਂ ਫੈਲਦੀ ਜਾ ਰਹੀ ਨਫ਼ਰਤ ਦੀ ਅੱਗ



## ਵੱਖ-ਵੱਖ ਰਾਜਾਂ ਵਿੱਚ ਕਿਉਂ ਵਾਪਰ ਰਹੀਆਂ ਨੇ ਹਿੰਸਕ ਘਟਨਾਵਾਂ

ਪਹਿਲਾਂ ਮਨੀਪੁਰ, ਹੁਣ ਹਰਿਆਣਾ, ਇਸੇ ਤਰਾਂ ਹੋਰ ਕਈ ਸੂਬਿਆਂ 'ਚ ਜਿਸ ਤਰਾਂ ਵੱਖ- ਵੱਖ ਭਾਈਚਾਰਿਆਂ/ਧਰਮਾਂ ਅਤੇ ਵਰਗਾਂ ਦੇ ਵਿਅਕਤੀਆਂ ਵਿਚਾਲੇ ਹਿੰਸਾ ਹੋ ਰਹੀ ਹੈ ਅਤੇ ਸਾੜ ਫੂਕ ਦੀਆਂ ਘਟਨਾਂਵਾਂ ਵਾਪਰ ਰਹੀਆਂ ਹਨ, ਉਹ ਚਿੰਤਾ ਕਰਨ ਵਾਲੀਆਂ ਹਨ। ਭਾਰਤ ਵਿੱਚ ਪਿਛਲੇ ਕੁਝ ਸਾਲਾਂ ਤੋਂ ਫਿਰਕੂ ਤਨਾਓ ਲਗਾਤਾਰ ਵੱਧ ਰਿਹਾ ਹੈ ਅਤੇ ਵੱਖ- ਵੱਖ ਵਰਗਾਂ ਵਿਚਾਲੇ ਸੰਘਰਸ਼ ਹੋ ਰਿਹਾ ਹੈ। ਇਹਨਾਂ ਵਿੱਚੋਂ ਕਈ ਸੂਬੇ ਤਾਂ ਅਜਿਹੇ ਹਨ ਜਿਥੇ ਭਾਜਪਾ ਦੀਆਂ ਡਬਲ ਇੰਜਣ ਵਾਲੀਆਂ ਸਰਕਾਰਾਂ ਹਨ, ਫਿਰ ਵੀ ਉਹਨਾਂ ਰਾਜਾਂ ਵਿੱਚ ਹਿੰਸਾ ਹੋ ਰਹੀ ਹੈ, ਜੋ ਕਿ ਕਈ ਸਵਾਲ ਵੀ ਖੜੇ ਕਰ ਰਹੀ ਹੈ।

ਕੁਝ ਬੁੱਧੀਜੀਵੀ ਇਹ ਕਹਿ ਰਹੇ ਹਨ ਕਿ ਇਹ ਭਾਰਤ ਵਿੱਚ ਆਮ ਵਰਤਾਰਾ ਨਹੀਂ ਹੈ ਸਗੋਂ ਪਿਛਲੇ ਕੁਝ ਸਾਲਾਂ ਤੋਂ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਵੱਖ- ਵੱਖ ਭਾਈਚਾਰਿਆ ਅਤੇ ਵਰਗਾਂ ਵਿੱਚ ਇੱਕ ਦੂਜੇ ਵਿਰੁੱਧ ਨਫ਼ਰਤ ਪੈਦਾ ਹੋ ਰਹੀ ਹੈ। ਕਈ ਰਾਜਾਂ ਵਿੱਚ ਨਿੱਕੀ ਜਿਹੀ ਚਿੰਗਾੜੀ ਤੋਂ ਵੱਡੇ ਭਾਂਬੜ ਬਲ ਰਹੇ ਹਨ। ਜਿਥੋਂ ਤਕ ਸਰਕਾਰ, ਪੁਲਿਸ ਅਤੇ ਪ੍ਰਸ਼ਾਸਨ ਦਾ ਸਵਾਲ ਹੈ ਤਾਂ ਇਹ ਸਾਰੇ ਵੀ ਇਕ ਕਟਹਿਰੇ ਵਿੱਚ ਖੜੇ ਨਜ਼ਰ ਆ ਰਹੇ ਹਨ। ਹਿੰਸਕ ਘਟਨਾਂਵਾਂ ਵਾਪਰਨ ਵੇਲੇ ਅਕਸਰ ਪ੍ਰਸ਼ਾਸਨ ਅਤੇ ਪੁਲਿਸ ਮੂਕ ਦਰਸ਼ਕ ਬਣੇ ਨਜ਼ਰ ਆਉਂਦੇ ਹਨ, ਜਦੋਂ ਕਿ ਉਹਨਾਂ ਦੀ ਜਿੰਮੇਵਾਰੀ ਹਿੰਸਾ ਹੋਣ ਤੋਂ ਰੋਕਣ ਦੀ ਹੈ। ਹਿੰਸਾ ਭੜਕਣ ਤੋਂ ਬਾਅਦ ਹੀ ਅਕਸਰ ਪ੍ਰਸ਼ਾਸਨ ਅਤੇ ਪੁਲਿਸ ਹਰਕਤ ਵਿੱਚ ਆਉਂਦੇ ਹਨ ਅਤੇ ਹਿੰਸਾ ਪ੍ਰਭਾਵਿਤ ਇਲਾਕਿਆਂ ਵਿੱਚ ਇੰਟਰਨੈਟ ਬੰਦ ਕਰਕੇ ਜਾਂ ਧਾਰਾ 144 ਲਗਾ ਕੇ ਖਾਨਾਪੂਰਤੀ ਕਰ ਲਈ ਜਾਂਦੀ ਹੈ। ਹੈਰਾਨੀ ਤਾਂ ਇਸ ਗਲ ਦੀ ਹੈ ਕਿ



ਅਕਸਰ ਹਿੰਸਾ ਭੜਕਣ ਤੋਂ ਬਾਅਦ ਹੀ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਜਾਗਦੇ ਹਨ, ਜਦੋਂਕਿ ਜਦੋਂ ਹਿੰਸਾ ਭੜਕਾਉਣ ਲਈ ਭੂਮਿਕਾ ਬੰਨੀ ਜਾਂਦੀ ਹੈ, ਉਸ ਸਮੇਂ ਕੋਈ ਠੋਸ ਕਦਮ ਚੁੱਕਣ ਦੀ ਥਾਂ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਸਰਗਰਮ ਨਹੀਂ ਹੁੰਦੇ, ਜਿਸ ਕਰਕੇ ਕਿਸੇ ਨਾ ਕਿਸੇ ਇਲਾਕੇ ਵਿੱਚ ਅਚਾਨਕ ਕਿਸੇ ਕਾਰਨ ਤਨਾਓ ਪੈਦਾ ਹੁੰਦਾ ਹੈ, ਜੋ ਕਿ ਬਾਅਦ ਵਿੱਚ ਵੱਡੀ ਹਿੰਸਾ ਵਿੱਚ ਬਦਲ ਜਾਂਦਾ ਹੈ।

ਦੇਸ਼ ਆਖਰਕਾਰ ਉਸ ਮੁਕਾਮ 'ਤੇ ਖੜ੍ਹਾ ਨਜ਼ਰ ਆ ਰਿਹਾ ਹੈ, ਜਿੱਥੇ ਪਿਛਲੇ ਦਹਾਕੇ ਤੋਂ ਇਸ ਤੱਕ ਪਹੁੰਚਣ ਲਈ ਸੁਚੱਜੀ ਯੋਜਨਾ ਬਣਾਈ ਅਤੇ ਲਾਗੂ ਕੀਤੀ ਜਾ ਰਹੀ ਹੈ। ਭਾਵੇਂ ਇਸ ਦਾ ਬਲੂਪ੍ਰਿੰਟ ਤਿਆਰ ਕਰਕੇ ਲਗਭਗ ਇੱਕ ਸਦੀ ਤੋਂ ਸਮਾਜ ਦੇ ਸਾਹਮਣੇ ਰੱਖਿਆ ਗਿਆ ਸੀ, ਪਰ ਪਿਛਲੇ 8-9 ਸਾਲਾਂ ਵਿੱਚ ਇਸ ਨੂੰ ਰਾਜ ਸੱਤਾ ਅਤੇ ਸੱਤਾਧਾਰੀ ਧਿਰ ਦਾ ਸਮਰਥਨ ਪ੍ਰਾਪਤ ਹੋਇਆ ਹੈ। ਇਸ ਸ਼ਕਤੀ ਅਤੇ ਸਮਰਥਨ ਦੇ ਖ਼ੂਨੀ ਨਤੀਜੇ ਦੀ ਝਲਕ ਵੱਖ ਵੱਖ ਰਾਜਾਂ ਦੇ ਵੱਖ- ਵੱਖ ਇਲਾਕਿਆਂ ਵਿੱਚ ਫੈਲੀ ਹਿੰਸਾ ਤੋਂ ਮਿਲ ਜਾਂਦੀ ਹੈ। ਭਾਰਤ ਦੇ ਬਹੁਤੇ ਹਿੱਸਿਆਂ ਵਿੱਚ, ਕਦੇ ਇਕੱਲੇ, ਕਦੇ ਇੱਕ ਸਮੂਹ ਵਿੱਚ, ਅਜਿਹੀਆਂ ਧਮਕੀਆਂ ਉਨ੍ਹਾਂ ਸਾਰਿਆਂ ਨੂੰ ਮਿਲ ਰਹੀਆਂ ਹਨ ਜਿਨ੍ਹਾਂ ਨੂੰ ਇੱਕ ਵੱਖਰੇ ਸਮਾਜ ਦਾ ਹਿੱਸਾ ਮੰਨਿਆ ਗਿਆ ਹੈ ਅਤੇ ਬਹੁਗਿਣਤੀ ਵਿੱਚੋਂ ਦੂਜੇ ਨਾਗਰਿਕ ਦਾ ਦਰਜਾ ਦਿੱਤਾ ਗਿਆ ਹੈ। ਇਨ੍ਹਾਂ ਨਾਅਰਿਆਂ ਦਾ ਸ਼ਿਕਾਰ ਉਹ ਲੋਕ ਵੀ ਹਨ ਜੋ ਇਸ ਨਾਲ ਅਸਹਿਮਤ ਹਨ ਅਤੇ ਇਹ ਮੰਨਦੇ ਹਨ ਕਿ ਇਹ ਦੇਸ਼ ਓਨਾ ਹੀ ਘੱਟ ਗਿਣਤੀਆਂ ਦਾ ਹੈ ਜਿੰਨਾ ਦੂਜਿਆਂ ਦਾ ਭਾਰਤ ਵਿੱਚ ਸਹਿਣਸ਼ੀਲਤਾ ਦੀ ਥਾਂ ਅਸਹਿਣਸ਼ੀਲਤਾ ਵੱਧਦੀ ਜਾ ਰਹੀ ਹੈ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਬੱਸ-ਟਰੇਨ 'ਚ ਸਫਰ ਕਰਨ ਸਮੇਂ ਸਹਿ-ਯਾਤਰੀਆਂ ਵਿਚਕਾਰ ਸਿਆਸੀ ਚਰਚਾ ਹੁੰਦੀ ਹੈ। ਇਸ ਤੋਂ ਇਲਾਵਾ ਚੌਕਾਂ, ਚਾਹ, ਪਾਨ, ਨਾਈ ਦੀਆਂ ਦੁਕਾਨਾਂ ਤੋਂ ਲੈ ਕੇ ਆਡੀਟੋਰੀਅਮਾਂ ਅਤੇ ਇਕੱਠਾਂ ਤੱਕ ਹਰ ਤਰ੍ਹਾਂ ਦੀਆਂ ਬਹਿਸਾਂ ਹਮੇਸ਼ਾਂ ਹੁੰਦੀਆਂ ਰਹਿੰਦੀਆਂ ਹਨ, ਇਨ੍ਹਾਂ ਵਿੱਚ ਸਿਆਸੀ ਬਹਿਸਾਂ ਵੀ ਸ਼ਾਮਲ ਹਨ। ਵਿਚਾਰਾਂ ਨਾਲ ਅਸਹਿਮਤੀ ਦੇ ਬਾਵਜੂਦ ਵੀ ਅਜਿਹੀਆਂ ਚਰਚਾਵਾਂ ਹੁੰਦੀਆਂ ਰਹਿੰਦੀਆਂ ਹਨ ਪਰ ਹੁਣ ਇਹ ਬਹਿਸਾਂ ਅਤੇ ਵਿਚਾਰ ਵੀ ਹਿੰਸਕ ਰੂਪ ਧਾਰਦੇ ਜਾ ਰਹੇ ਹਨ। ਇਸ ਕਰਕੇ ਆਮ ਆਦਮੀ ਹੁਣ ਘਰ ਤੋਂ ਬਾਹਰ ਕੋਈ ਵੀ ਸਿਆਸੀ ਗੱਲ ਕਰਨ ਤੋਂ ਗੁਰੇਜ ਕਰਨ ਲੱਗਿਆ ਹੈ।



ਅੱਜ ਭਾਰਤ ਦਾ ਹਾਲ ਇਹ ਹੋ ਗਿਆ ਹੈ ਕਿ ਭਾਰਤ ਦੀ ਸਿਆਸਤ ਦਾ ਮੁਹਾਂਦਰਾ ਹੀ ਬਦਲ ਗਿਆ ਹੈ। ਹਾਲ ਹੀ ਦੇ ਸਾਲਾਂ ਦੀ ਰਾਜਨੀਤੀ ਇਸ ਤਰ੍ਹਾਂ ਬਦਲ ਗਈ ਹੈ ਕਿ ਅਸਹਿਣਸ਼ੀਲਤਾ ਹੁਣ ਆਪਣੇ ਸਿਖਰ 'ਤੇ ਹੈ। ਵਿਚਾਰਧਾਰਕ ਵਿਰੋਧੀਆਂ ਅਤੇ ਦੂਜੇ ਧਰਮਾਂ ਦੇ ਪੈਰੋਕਾਰਾਂ ਨੂੰ ਦੇਸ਼ ਦਾ ਦੁਸ਼ਮਣ ਦੱਸਣਾ, ਉਨ੍ਹਾਂ ਨੂੰ ਗੱਦਾਰ ਕਹਿਣਾ, ਉਨ੍ਹਾਂ ਨੂੰ ਪਾਕਿਸਤਾਨ-ਅਫਗਾਨਿਸਤਾਨ, ਨਕਸਲਵਾਦੀਆਂ ਵਿੱਚ ਭੇਜਣਾ, ਉਨ੍ਹਾਂ ਨੂੰ ਧਰਮ ਵਿਰੋਧੀ ਸਾਬਤ ਕਰਨਾ ਸੰਵਾਦ ਕਲਾ ਦੀ ਕਾਢ ਹੈ ਜਿਸ ਨੇ ਸਹਿਣਸ਼ੀਲ ਅਤੇ ਸੱਭਿਅਕ ਲੋਕਾਂ ਨੂੰ ਇਸ ਤੋਂ ਦੂਰ ਕਰ ਦਿੱਤਾ ਹੈ। ਹੁਣ ਵਾਦ-ਵਿਵਾਦ ਦਾ ਖੇਤਰ ਅੰਨ੍ਹੀ ਸ਼ਰਧਾ, ਤਰਕ ਅਤੇ ਵਿਵੇਕ ਤੋਂ ਸੱਖਣਾ ਅਤੇ ਬੇ-ਪੜ੍ਹਿਆਂ ਦੇ ਅਧੀਨ ਹੋ ਗਿਆ ਹੈ। ਉੱਥੇ ਤੱਥਾਂ ਅਤੇ ਹਕੀਕਤਾਂ 'ਤੇ ਆਧਾਰਿਤ ਚਰਚਾ ਘੱਟ ਹੈ ਅਤੇ ਗਾਲੀ-ਗਲੋਚ ਨਾਲ ਭਰੀ ਭਾਸ਼ਾ ਬੇਬਾਕ ਹੈ। ਵੱਡੀ ਗਿਣਤੀ ਲੋਕ ਨਵੇਂ ਸੱਭਿਆਚਾਰ ਦਾ ਹਿੱਸਾ ਹਨ ਜੋ ਦੇਸ਼ ਭਗਤੀ ਦੇ ਨਾਂ 'ਤੇ ਟਰੋਲ ਫੌਜ ਦੇ ਮੈਂਬਰ ਬਣ ਗਏ ਹਨ। ਜੇਕਰ ਨਫ਼ਰਤ ਭਰੇ ਬੋਲਾਂ ਅਤੇ ਹਿੰਸਕ ਵਿਵਹਾਰ 'ਤੇ ਰੋਕ ਨਾ ਲਗਾਈ ਗਈ ਤਾਂ ਭਾਰਤ ਦਾ ਸਮਾਜ ਉਸ ਮੁਕਾਮ 'ਤੇ ਖੜ੍ਹਾ ਹੋ ਜਾਵੇਗਾ ਜਿੱਥੋਂ ਇਸਨੂੰ ਵਾਪਸ ਬੁਲਾਣਾ ਅਸੰਭਵ ਹੋ ਜਾਵੇਗਾ।





# ਹੜ੍ਹਾਂ ਦੌਰਾਨ ਭਿਆਨਕ ਤਬਾਹੀ ਤੇ ਪੰਜਾਬੀਆਂ ਦਾ ਜਿਗਰਾ



ਨਰਿੰਦਰ ਕੌਰ ਸੋਹਲ







ਉੱਤਰੀ ਭਾਰਤ ਦੇ ਕਈ ਸੂਬੇ ਹੜ੍ਹਾਂ ਅਤੇ ਭਿਆਨਕ ਤਬਾਹੀ ਦੀ ਮਾਰ ਝੱਲ ਰਹੇ ਹਨ। ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਅਤੇ ਉਤਰਾਖੰਡ ਆਦਿ ਦੇ ਲੋਕਾਂ ਦੀ ਜ਼ਿੰਦਗੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ। ਪੰਜਾਬ ਭਾਰਤ ਦਾ ਅਜਿਹਾ ਸੂਬਾ ਹੈ ਜਿਸਦੇ ਸਿਰ ਉੱਤੇ ਕਈ ਆਫ਼ਤਾਂ ਆਉਂਦੀਆਂ ਰਹਿੰਦੀਆਂ ਹਨ ਪਰ ਇਹ ਕਦੇ ਡੋਲਿਆ ਨਹੀਂ, ਸਗੋਂ ਵਧੇਰੇ ਹੌਸਲੇ ਨਾਲ ਮੁਕਾਬਲਾ ਕਰਦਾ ਰਿਹਾ ਹੈ। ਹੁਣ ਫਿਰ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਇਆ ਹੋਇਆ ਹੈ। ਲਗਭਗ ਦਰਜ਼ਨ ਤੋਂ ਉੱਪਰ ਜ਼ਿਲ੍ਹਿਆਂ ਦੇ ਹਜ਼ਾਰਾਂ ਪਿੰਡ ਪਾਣੀ ਵਿੱਚ ਡੁੱਬੇ ਹੋਏ ਹਨ। ਲੋਕ ਬਹੁਤ ਮਾੜੇ ਹਾਲਾਤ ਵਿੱਚੋਂ ਲੰਘ ਰਹੇ ਹਨ। ਸਤਲੁਜ, ਬਿਆਸ, ਭਾਖੜਾ, ਘੱਗਰ, ਧੁੱਸੀ ਬੰਨ੍ਹ, ਹਰੀਕੇ ਪੱਤਣ ਆਦਿ ਨਾਲ ਲੱਗਦੇ ਇਲਾਕੇ ਭਾਵ ਮਾਝਾ, ਮਾਲਵਾ, ਦੁਆਬਾ ਸਾਰੇ ਹੀ ਪ੍ਰਭਾਵਿਤ ਹੋਏ ਹਨ। ਸੈਂਕੜੇ ਪਿੰਡਾਂ, ਕਸਬਿਆਂ, ਸ਼ਹਿਰੀ ਇਲਾਕਿਆਂ, ਖੇਤਾਂ ਆਦਿ ਵਿੱਚ ਚਾਰ-ਪੰਜ ਫੁੱਟ ਤੋਂ ਵੀ ਉੱਪਰ ਪਾਣੀ ਆ ਗਿਆ। ਵੱਡੀ ਪੱਧਰ ਉੱਤੇ ਫਸਲਾਂ ਤਬਾਹ ਹੋ ਗਈਆਂ, ਘਰਾਂ ਦਾ ਸਾਰਾ ਸਾਮਾਨ ਬਰਬਾਦ ਹੋ ਗਿਆ, ਇੱਥੋਂ ਤਕ ਕੇ ਖਾਣ ਲਈ ਦਾਣੇ ਵੀ ਨਹੀਂ ਬਚੇ। ਕਈ ਥਾਂਈਂ ਲੋਕਾਂ ਨੇ ਆਪਣਾ ਸਮਾਨ ਛੱਤਾਂ 'ਤੇ ਚੜ੍ਹਾ ਕੇ ਬਚਾ ਕੀਤਾ। ਡੰਗਰਾਂ ਦਾ ਬੁਰਾ ਹਾਲ ਹੋਇਆ ਤੇ ਕੁਝ ਬੰਨ੍ਹੇ ਹੋਏ ਹੀ ਅਚਾਨਕ ਆਈ ਆਫ਼ਤ ਕਾਰਨ ਮੌਤ ਦੇ ਮੂੰਹ ਜਾ ਪਏ। ਬਹੁਤ ਸਾਰੇ ਪਸ਼ੂ ਪਾਣੀ ਵਿੱਚ ਵੀ ਰੁੜ੍ਹ ਗਏ। ਬਹੁਤ ਦੁਖਦਾਇਕ ਘਟਨਾਵਾਂ ਵਾਪਰੀਆਂ, ਕਈ ਜਵਾਨ ਪੁੱਤ ਹੜ੍ਹਾਂ ਦੀ ਭੇਟ ਚੜ੍ਹ ਗਏ। ਕਈ ਥਾਂਈਂ ਮਿਹਨਤ ਨਾਲ ਬਣਾਏ ਘਰ ਸਮਾਨ ਸਮੇਤ ਮਿੰਟਾਂ ਵਿੱਚ ਪਾਣੀ ਵਿੱਚ ਸਮਾਅ ਗਏ। ਬਹੁਤ ਸਾਰੇ ਘਰਾਂ ਨੂੰ ਤਰੇੜਾਂ ਆ ਗਈਆਂ। ਪੂਰੀ ਜ਼ਿੰਦਗੀ ਮਿਹਨਤ ਕਰਕੇ ਮਨੁੱਖ ਇੱਕ ਵਾਰ ਹੀ ਘਰ ਬਣਾ ਪਾਉਂਦਾਹੈ, ਪਰ ਅਜਿਹੀ ਮਾਰ ਸਾਰੇ ਸੁਪਨੇ ਤੋੜ ਦਿੰਦੀ ਹੈ। ਪਰਿਵਾਰਾਂ ਦੀਆਂ ਅੱਖਾਂ ਵਿੱਚ ਹੰਝੂ ਵੇਖੇ ਨਹੀਂ ਜਾਂਦੇ।

ਪਰ ਧੰਨ ਹਨ ਪੰਜਾਬ ਦੇ ਉਹ ਲੋਕ ਜਿਹੜੇ ਮੁਸੀਬਤ ਵਿੱਚ ਇਹਨਾਂ ਨਾਲ ਚਟਾਨ ਵਾਂਗ ਖੜ੍ਹ ਗਏ। ਪੰਜਾਬੀਆਂ ਨੇ ਪੀੜਤਾਂ ਦੇ ਖਾਣ-ਪੀਣ, ਡੰਗਰਾਂ ਲਈ ਪੱਠੇ-ਦੱਥੇ ਅਤੇ ਹੋਰ ਲੋੜੀਂਦੇ ਸਾਮਾਨ ਨੂੰ ਇਕੱਠਾ ਕਰਨ ਲਈ ਪਿੰਡ ਪਿੰਡ ਹੋਕਾ ਦਿੱਤਾ, ਗੁਰਦੁਆਰਿਆਂ ਦੇ ਸਪੀਕਰਾਂ ਤੋਂ ਅਪੀਲਾਂ ਕੀਤੀਆਂ, ਜਿਸਦਾ ਲੋਕਾਂ ਨੇ ਭਰਵਾਂ ਹੁੰਗਾਰਾ ਭਰਿਆ। ਪਿੰਡਾਂ ਵਿੱਚੋਂ ਲੰਗਰ, ਪਾਣੀ, ਪਸ਼ੂਆਂ ਲਈ ਹਰਾ ਚਾਰਾ ਅਤੇ ਹੋਰ ਲੋੜੀਂਦੇ ਸਾਮਾਨ ਨਾਲ ਭਰੀਆਂ ਟਰਾਲੀਆਂ ਘੰਟਿਆਂ ਵਿੱਚ ਹੀ ਲੋੜਵੰਦਾਂ ਤਕ ਪਹੁੰਚ ਗਈਆਂ। ਇਹ ਮਦਦਗਾਰ ਭੁੱਖੇ ਪਿਆਸੇ ਘਰੋਂ ਬੇਘਰ ਹੋਏ ਲੋਕਾਂ ਲਈ ਕਿਸੇ ਮਸੀਹੇ ਤੋਂ ਘੱਟ ਨਹੀਂ ਸਨ। ਆਪਣੀਆਂ ਫ਼ਸਲਾਂ ਪਾਣੀ ਨਾਲ ਡੁੱਬੀਆਂ ਹੋਣ ਦੇ ਬਾਵਜੂਦ ਵੀ ਜਦੋਂ ਇਹ ਖਬਰ ਸੁਣਦੇ ਕਿ ਕਰੋੜਾਂ ਦੀਆਂ ਕੋਠੀਆਂ ਵਾਲੇ ਵੀ ਪਾਣੀ, ਦੁੱਧ ਰੋਟੀ ਖੁਣੋਂ ਔਖੇ ਨੇ ਤਾਂ ਇਹ ਸੂਰਮੇ ਆਪਣੇ ਦਸ ਦਸ ਲੱਖ ਦੇ ਟਰੈਕਟਰ ਲੈ ਕੇ ਉਹਨਾਂ ਦੀ ਸੇਵਾ ਵਿੱਚ ਪਹੁੰਚ ਗਏ। 6-6 ਫੁੱਟ ਪਾਣੀ ਵਿੱਚ ਟਰੈਕਟਰ ਟੈਂਕਾਂ ਵਾਂਗ ਚਲਦੇ ਰਹੇ ਅਤੇ ਕਈ ਪਾਣੀ ਵਿੱਚ ਖਰਾਬ ਵੀ ਹੋ ਗਏ। ਪਰ ਇਹਨਾਂ ਨੂੰ ਦੇਖ ਕੇ ਹੋਰ ਮਦਦ ਕਰਨ ਤੋਂ ਰੁਕੇ ਨਹੀਂ ਜਦਕਿ ਪਤਾ ਸੀ, ਜੇ ਖਰਾਬ ਹੋ ਗਏ ਹਜ਼ਾਰਾਂ ਦਾ ਖਰਚ ਵੀ ਪੱਲਿਓਂ ਕਰਨਾ ਪੈਣਾ। ਪਰ ਸਲਾਮ ਹੈ ਉਹਨਾਂ ਨੌਜਵਾਨਾਂ ਨੂੰ ਜਿਨ੍ਹਾਂ ਲੱਕ ਤੋਂ ਵੀ ਉੱਪਰ ਤਕ ਦੇ ਪਾਣੀ ਨੂੰ ਚੀਰਦਿਆਂ, ਹੜ੍ਹ ਵਿੱਚ ਫਸੇ ਲੋਕਾਂ ਤਕ ਪਹੁੰਚਣ ਦਾ ਜੋਖਮ ਉਠਾਇਆ। ਫਸੇ ਹੋਏ ਪਰਿਵਾਰਾਂ, ਬੱਚਿਆਂ ਅਤੇ ਪਸ਼ੂਆਂ ਨੂੰ ਸਹੀ-ਸਲਾਮਤ ਬਾਹਰ ਕੱਢਣ ਲਈ ਬੇਝਿਜਕ ਮਦਦ ਕੀਤੀ।

ਨੌਜਵਾਨਾਂ ਵੱਲੋਂ ਦਲੇਰੀ ਨਾਲ ਤੇਜ਼ ਪਾਣੀ ਵਿੱਚ ਰੁੜ੍ਹੇ ਜਾਂਦੇ ਬੰਦਿਆਂ ਅਤੇ ਪਸ਼ੂਆਂ ਨੂੰ ਬਚਾਉਣ ਲਈ ਪਾਣੀ ਵਿੱਚ ਕੁੱਦ ਪੈਣ ਦੀਆਂ ਮਿਸਾਲਾਂ ਪੰਜਾਬ ਵਿੱਚ ਹੀ ਮਿਲ ਸਕਦੀਆਂ ਹਨ। ਆਪਣੇ ਛੋਟੇ ਭਰਾ ਹਰਿਆਣਾ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਵੀ ਪੰਜਾਬੀਆਂ ਨੇ ਪੂਰਾ ਸਹਿਯੋਗ ਦਿੱਤਾ। ਇਹ ਜਜ਼ਬਾ ਪੰਜਾਬ ਦੇ ਸੁਨਹਿਰੀ ਇਤਿਹਾਸ ਦੀ ਦੇਣ ਹੈ। ਇੱਥੋਂ ਦੀ ਮਿੱਟੀ ਧੁਰ ਅੰਦਰੋਂ ਧੂਹ ਪਾਉਂਦੀਅਤੇ ਪ੍ਰੇਰਦੀ ਹੈ ਕਿ 'ਸਰਬੱਤ ਦਾ ਭਲਾ' ਕਰਨਾ ਹੀ ਸਾਡਾ ਫਰਜ਼ ਹੈ। ਅਚਾਨਕ ਆਏ ਹੜ੍ਹ ਨੇ ਪੰਜਾਬੀਆਂ ਦੀ ਸੁੱਤੀ ਪਈ ਚੇਤਨਾ ਨੂੰ ਜਗਾਇਆ ਨਹੀਂ, ਸਗੋਂ ਹਲੂਣਾ ਵੀ ਦਿੱਤਾ ਹੈ। ਪੰਜਾਬੀਆਂ ਨੇ ਆਪਣੀ ਵਿਰਾਸਤੀ ਪਰੰਪਰਾ ਨੂੰ ਸੰਭਾਲਦਿਆਂ, ਦਿੱਲੀ ਦੇ ਤਖਤ ਨੂੰ ਦੁਬਾਰਾ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਚੰਗੀ ਗੱਲ ਹੈ ਕਿ ਇਸ ਵਾਰ ਪਾਕਿਸਤਾਨ ਨੇ ਵੀ ਚੰਗੇ ਗੁਆਂਢੀ ਵਾਲਾ ਵਿਵਹਾਰ ਦਿਖਾਇਆ ਹੈ। ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਵੇਖ ਕੇ ਪਾਕਿਸਤਾਨ ਨੇ ਸੁਲੇਮਾਨ ਹੈੱਡ ਵਰਕਸ ਤੋਂ 10 ਫਲੱਡ ਗੇਟ ਖੋਲ੍ਹ ਦਿੱਤੇ, ਜਿਸ ਕਾਰਨ ਦੱਖਣੀ ਮਾਲਵੇ ਦਾ ਪਾਣੀ ਦੇ ਕਹਿਰ ਤੋਂ ਬਚਾ ਹੋ ਗਿਆ। ਪਰ ਹਾਲੇ ਵੀ ਖ਼ਤਰਾ ਟਲਿਆ ਨਹੀਂ ਹੈ।

ਕੁਦਰਤ ਵਾਰ ਵਾਰ ਅਹਿਸਾਸ ਕਰਾ ਰਹੀ ਹੈ ਕਿ ਉਸਦੇ ਸਾਹਮਣੇ ਸਭ ਮਨੁੱਖ ਬਰਾਬਰ ਹਨ ਤੇ ਉਹ ਸਮਤੋਲ ਬਣਾ ਕੇ ਚੱਲਦੀ ਹੈ, ਪਰ ਜਦੋਂ ਮਨੁੱਖ ਆਪਣੇ ਲਾਲਚਵੱਸ ਕੁਦਰਤ ਨਾਲ ਬੇਲੋੜੀ ਛੇੜਛਾੜ ਕਰਦਾ ਹੈ ਤਾਂ ਫਿਰ ਇਸਦਾ ਖਮਿਆਜ਼ਾ ਵੀ ਭੁਗਤਣਾ ਪੈਂਦਾ ਹੈ। ਹੜ੍ਹ ਕੁਦਰਤੀ ਕਰੋਪੀ ਘੱਟ ਤੇ ਮਨੁੱਖੀ ਗਲਤੀਆਂ ਦਾ ਨਤੀਜਾ ਵੱਧ ਹਨ। ਪਹਾੜਾਂ ਅਤੇ ਉੱਥੋਂ ਦੇ ਦਰਖ਼ਤਾਂ ਦੀ ਹੋਈ ਅੰਨ੍ਹੇ ਵਾਹ ਕਟਾਈ ਦੇ ਕਾਰਨ ਮੀਂਹ ਦਾ ਪਾਣੀ ਸੜਕਾਂ ਅਤੇ ਇਮਾਰਤਾਂ ਦੀ ਬਰਬਾਦੀ ਕਰਦਾ ਬਹੁਤ ਤੇਜ਼ੀ ਨਾਲ ਹੇਠਾਂ ਆਉਂਦਾ ਹੈ। ਸਰਕਾਰਾਂ ਦੀ ਲਾਪ੍ਰਵਾਹੀ ਕਰਕੇ ਡੈਮਾਂ ਅਤੇ ਨਹਿਰੀ ਪ੍ਰਬੰਧ ਵਿੱਚ ਵੀ ਕੋਈ ਸੁਚੱਜਾ ਤਾਲਮੇਲ ਨਹੀਂ ਹੈ, ਜਿਸ ਕਰਕੇ ਕੁਝ ਇਲਾਕਿਆਂ ਵਿੱਚ ਪਾਣੀ ਲੋਕਾਂ ਦੀ ਜਾਨ ਦਾ ਖੌਅ ਬਣ ਜਾਂਦਾ ਹੈ, ਜਦਕਿ ਕੁਝ ਇਲਾਕੇ ਪਾਣੀ ਨੂੰ ਤਰਸਦੇ ਰਹਿੰਦੇ ਹਨ। ਨਦੀਆਂ ਨਾਲ਼ਿਆਂ ਦੇ ਕਿਨਾਰਿਆਂ 'ਤੇ ਹੋਣ ਵਾਲ਼ੀਆਂ ਗੈਰ ਯੋਜਨਾਬੱਧ ਉਸਾਰੀਆਂ ਕਾਰਨ ਵੀ ਇਨ੍ਹਾਂ ਦੇ ਕੰਢੇ ਬਹੁਤ ਤੰਗ ਹੋ ਜਾਂਦੇ ਹਨ ਅਤੇ ਪਿੱਛੋਂ ਬਹੁਤੀ ਮਾਤਰਾ ਵਿੱਚ ਆਉਣ ਵਾਲੇ ਪਾਣੀ ਨੂੰ ਇਹ ਸੰਭਾਲ ਨਹੀਂ ਸਕਦੇ। ਦਰਿਆਵਾਂ ਅੰਦਰ ਹੋਏ ਨਜਾਇਜ਼ ਕਬਜ਼ੇ ਵੀ ਹੜ੍ਹ ਦਾ ਵੱਡਾ ਕਾਰਨ ਬਣ ਰਹੇ ਹਨ। ਜੇ ਸਰਕਾਰਾਂ ਸਮੇਂ ਸਿਰ ਉਚਿਤ ਪ੍ਰਬੰਧ ਕਰਦੀਆਂ ਤਾਂ ਇਸ ਭਿਆਨਕ ਤਬਾਹੀ ਨੂੰ ਰੋਕਿਆ ਜਾ ਸਕਦਾ ਸੀ ਜਾਂ ਕਈ ਗੁਣਾਂ ਘਟਾਇਆ ਜਾ ਸਕਦਾ ਸੀ। ਬੇਸ਼ਕ ਆਲਮੀ ਪੱਧਰ 'ਤੇ ਆਏ ਜਲਵਾਯੂ ਪਰਿਵਰਤਨ ਨੇ ਵੀ ਸਾਡੀਆਂ ਰੁੱਤਾਂ ਅਤੇ ਮੌਸਮ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੈ।

ਚਾਂਦਪੁਰ ਤੇ ਸਰਦੂਲਗੜ੍ਹ ਵਿੱਚ ਜਦੋਂ ਪਾਣੀ ਆਉਣ ਦੀਆਂ ਖਬਰਾਂ ਆ ਰਹੀਆਂ ਸਨ ਤਾਂ ਲੋਕ ਘਰ ਖਾਲੀ ਕਰਕੇ ਇੰਜ ਜਾ ਰਹੇ ਸਨ ਜਿਵੇਂ ਜੰਗ ਸਮੇਂ ਪਿੰਡਾਂ ਨੂੰ ਖਾਲੀ ਕਰਨ ਲਈ ਕਿਹਾ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)

# ਮਾਨਸਿਕ ਸੰਤਾਪ ਕਾਰਨ ਪੰਜਾਬ ਤੋਂ ਕੈਨੇਡਾ 'ਚ ਨਵੇਂ ਗਏ ਮੁੰਡਿਆਂ ਦੀਆਂ ਹੋ ਰਹੀਆਂ ਨੇ ਮੌਤਾਂ

ਰੁਪਿੰਦਰ ਸਿੰਘ ਗਿੱਲ





ਕੈਨੇਡਾ ਤੋਂ ਨਿੱਤ ਆ ਰਹੀਆਂ ਨੌਜਵਾਨਾਂ ਦੀ ਮੌਤ ਦੀਆਂ ਖ਼ਬਰਾਂ ਬੇਹੱਦ ਮੰਦਭਾਗੀਆਂ ਅਤੇ ਚਿੰਤਾ ਕਰਨ ਵਾਲੀਆਂ ਹਨ। ਆਪਾਂ ਰੋਜ਼ ਇਕ ਜਾਂ ਦੋ ਨੌਜਵਾਨਾਂ ਦੀ ਕੈਨੇਡਾ 'ਚ ਹੋਈ ਹਾਰਟ ਅਟੈਕ ਨਾਲ ਮੌਤ ਦੀਆਂ ਖ਼ਬਰਾਂ ਪੜ੍ਹਦੇ ਹਾਂ। ਕੀ ਇਹ ਹਾਰਟ ਅਟੈਕ ਹੈ ਜਾਂ ਕੋਈ ਹੋਰ ਕਾਰਨ ਹੈ? ਕੋਈ ਹੋਰ ਕਾਰਨ ਘੋਖਣ ਤੋਂ ਪਹਿਲਾਂ ਇਸ ਨੂੰ ਦਿਲ ਦਾ ਦੌਰਾ ਮੰਨ ਕੇ ਇਨ੍ਹਾਂ ਦੀ ਜਾਂਚ ਕਰੀਏ ਤਾਂ ਕਾਰਨ ਸਾਫ਼ ਹੈ, ਮਾਨਸਿਕ ਤਣਾਅ। ਸਾਰੀ ਦੁਨੀਆਂ ਵਿੱਚ ਦਿਲ ਦੇ ਦੌਰੇ ਦੇ ਕਾਰਨਾਂ ਵਿੱਚ ਜਿੱਥੇ ਨਾੜੀਆਂ ਦੇ ਬਲੌਕ ਹੋਣ, ਖ਼ੂਨ ਗਾੜ੍ਹਾ ਹੋਣ ਅਤੇ ਬਲੱਡ ਪ੍ਰੈਸ਼ਰ ਵਧਣ ਨੂੰ ਪ੍ਰਮੁੱਖ ਸਮਝਿਆ ਜਾਂਦਾ ਹੈ ਉੱਥੇ ਹੀ ਮਾਨਸਿਕ ਤਣਾਅ ਨੂੰ ਵੀ ਇਕ ਅਹਿਮ ਕਾਰਨ ਮੰਨਿਆ ਜਾਂਦਾ ਹੈ। ਇਸ ਨਵੀਂ ਉਮਰ ਦੇ ਨੌਜਵਾਨਾਂ ਨੂੰ ਨਾੜੀਆਂ ਬਲੌਕ ਜਾਂ ਬਲੱਡ ਪ੍ਰੈਸ਼ਰ ਦੀ ਸਰੀਰਕ ਪਰੇਸ਼ਾਨੀ ਤਾਂ ਹੋ ਨਹੀਂ ਸਕਦੀ, ਫਿਰ ਕੀ ਕਾਰਨ ਹੈ? ਤਾਂ ਬਚਿਆ ਮਾਨਸਿਕ ਤਣਾਅ। ਇਸ ਨੂੰ ਸਮਝੋ ਕਿ ਜਿਹੜੇ ਬੱਚੇ ਨੇ ਪੜ੍ਹਾਈ ਸਮੇਂ ਬਾਪੂ ਦੇ ਸਿਰ 'ਤੇ ਕਦੇ ਇਹ ਤਕ ਨਹੀਂ ਸੋਚਿਆ ਹੁੰਦਾ ਕਿ ਸਾਡੇ ਘਰ ਦਾ ਰਾਸ਼ਨ, ਮੇਰੇ ਸਕੂਲ ਦੀ ਫੀਸ, ਵਰਦੀਆਂ ਜਾਂ ਦੂਜੇ ਘਰੇਲੂ ਖ਼ਰਚੇ ਕਿਵੇਂ ਚੱਲਦੇ ਹਨ ਤਾਂ ਉਸ ਨੂੰ ਜਦੋਂ ਵਿਦੇਸ਼ ਪਹੁੰਚ ਕੇ ਕਮਰੇ ਦਾ ਕਿਰਾਇਆ, ਬੱਸ ਦਾ ਕਿਰਾਇਆ, ਕਾਲਜ ਦੀ ਫੀਸ, ਰਾਸ਼ਨ ਦਾ ਖ਼ਰਚਾ ਆਦਿ ਆਪ ਕਮਾਉਣਾ ਪੈਂਦਾ ਹੈ ਤਾਂ ਉਹ ਇਹ ਖ਼ਰਚੇ ਜੋਗਾ ਜਦੋਂ ਕਮਾ ਨਹੀਂ ਪਾਉਂਦਾ ਤਾਂ ਉਹ ਦਿਮਾਗ 'ਤੇ ਲੋਡ ਪਾ ਲੈਂਦਾ ਹੈ। ਬਾਕੀ ਇਸ ਦੇ ਨਾਲ-ਨਾਲ ਪੜ੍ਹਾਈ ਵੀ ਕਰਨੀ ਪੈਂਦੀ ਹੈ। ਇੱਥੇ ਜਿਹੜਾ ਘਰੇਲੂ ਖ਼ਰਚਿਆਂ ਅਤੇ ਕੰਮਾਂ-ਕਾਰਾਂ ਦਾ ਬੋਝ ਉਸ 'ਤੇ ਬਾਪੂ ਦੇ ਹੁੰਦਿਆਂ 30 ਸਾਲ ਦੀ ਉਮਰ ਤੋਂ ਬਾਅਦ ਪੈਣਾ ਸੀ, ਉਹ ਕੈਨੇਡਾ ਪੁੱਜ ਕੇ 18-20 ਸਾਲ ਦੀ ਉਮਰ 'ਚ ਹੀ ਪੈ ਜਾਂਦਾ ਹੈ।

ਪੰਜਾਬ 'ਚ ਤਾਂ ਸਕੂਲੇ ਪੜ੍ਹਨ ਕਾਰਨ ਉਸ ਦੇ ਦਿਮਾਗ ਨੂੰ ਪੜ੍ਹਾਈ ਤੋਂ ਬਿਨਾਂ ਹੋਰ ਕੋਈ ਬੋਝ ਸਹਿਣ ਦੀ ਆਦਤ ਹੀ ਨਹੀਂ ਸੀ ਹੁੰਦੀ ਪਰ ਬੇਗਾਨੇ ਮੁਲਕ ਵਿੱਚ ਪੁੱਜ ਕੇ ਉਸ ਸਿਰ ਕਾਫ਼ੀ ਸਾਰੇ ਬੋਝ ਪੈ ਜਾਂਦੇ ਹਨ ਜਿਸ ਦਾ ਨਤੀਜਾ ਦਿਲ ਦਾ ਦੌਰਾ ਜਾਂ ਦਿਮਾਗ ਦੀ ਨਾੜ ਫਟਣਾ ਹੁੰਦਾ ਹੈ ਜਿਸ ਨਾਲ ਅਚਾਨਕ ਮੌਤ ਹੁੰਦੀ ਹੈ ਅਤੇ ਇਸ ਨੂੰ ਵੀ ਦਿਲ ਦਾ ਦੌਰਾ ਹੀ ਸਮਝ ਲਿਆ ਜਾਂਦਾ ਹੈ। ਪਰ ਕਦੇ ਨੋਟ ਕੀਤਾ ਕਿ ਪੜ੍ਹਾਈ ਲਈ ਕੁੜੀਆਂ ਵੀ ਬਾਹਰ ਗਈਆਂ ਹਨ, ਉਨ੍ਹਾਂ ਨੂੰ ਕਿਉਂ ਨਹੀਂ ਪੈ ਰਹੇ ਦਿਲ ਦੇ ਦੌਰੇ? ਤਾਂ ਧਿਆਨ ਦੇਵੋ। ਪੰਜਾਬ ਵਿੱਚ ਵੀ ਜੋ ਮੌਤਾਂ ਦਿਲ ਦੇ ਦੌਰੇ ਨਾਲ ਹੁੰਦੀਆਂ ਨੇ, ਉਹ ਬੀਬੀਆਂ ਦੇ ਮੁਕਾਬਲੇ ਬੰਦਿਆਂ ਦੀਆਂ ਹੀ ਹੁੰਦੀਆਂ ਹਨ। ਕਾਰਨ ਬੀਬੀਆਂ ਆਪਣੇ ਮਨ ਦੀ ਭੜਾਸ ਆਪਣੀਆਂ ਧੀਆਂ, ਮਾਵਾਂ, ਮਾਸੀਆਂ, ਦਰਾਣੀਆਂ-ਜਠਾਣੀਆਂ ਨਾਲ ਕੱਢ ਲੈਂਦੀਆਂ ਜਾਂ ਰੋ ਪੈਂਦੀਆਂ ਹਨ। ਬੰਦਾ ਰੋਂਦਾ ਨਹੀਂ ਅਤੇ ਕਿਸੇ ਨੂੰ ਬਹੁਤਾ ਦੁੱਖ ਦੱਸਦਾ ਵੀ ਨਹੀਂ। ਇਸੇ ਤਰ੍ਹਾਂ ਬਾਹਰ ਗਈਆਂ ਕੁੜੀਆਂ ਜਾਂ ਤਾਂ ਰੋਜ਼ਾਨਾ ਦੀਆਂ ਟੈਨਸ਼ਨਾਂ ਤੋਂ ਤੰਗ ਆ ਕੇ ਰੋ ਲੈਂਦੀਆਂ ਹਨ ਜਾਂ ਆਪਣੀ ਮਾਂ ਨਾਲ ਗੱਲ ਕਰ ਕੇ ਦੁੱਖ ਵੰਡ ਲੈਂਦੀਆਂ ਹਨ ਪਰ ਮੁੰਡੇ ਸਭ ਕੁਝ ਅੰਦਰ ਹੀ ਰੱਖਦੇ ਨੇ। ਦੂਜਾ ਕਾਰਨ ਆਮ ਪਰਿਵਾਰਾਂ ਦੀਆਂ ਕੁੜੀਆਂ ਚੰਗੀ ਜਾਇਦਾਦ ਵਾਲੇ ਮੁੰਡੇ ਨਾਲ ਵਿਆਹ ਕੇ ਭੇਜੀਆਂ ਜਾਂਦੀਆਂ ਹਨ ਜਾਂ ਜੋ ਆਰਥਿਕ ਪੱਖੋਂ ਮਜ਼ਬੂਤ ਪਰਿਵਾਰ ਆ, ਉਹ ਭੇਜਦੇ ਆ ਕੁੜੀਆਂ ਨੂੰ ਕੈਨੇਡਾ। ਇਸ ਲਈ ਉਨ੍ਹਾਂ ਨੂੰ ਫੀਸ ਆਦਿ ਦੀ ਟੈਨਸ਼ਨ ਘੱਟ ਹੁੰਦੀ ਹੈ। ਮੁੰਡੇ ਨੂੰ ਜਿੱਥੇ ਵਿਦੇਸ਼ 'ਚ ਲੋੜਾਂ ਪੂਰੀਆਂ ਕਰਨ ਲਈ ਪੈਸੇ ਕਮਾਉਣ ਦਾ ਬੋਝ ਹੁੰਦਾ ਹੈ, ਓਥੇ ਹੀ ਬਾਹਰ ਭੇਜਣ ਲਈ ਚੁੱਕੇ ਕਰਜ਼ੇ ਦਾ ਤਣਾਅ ਉਸ ਦੇ ਜਹਾਜ਼ ਚੜ੍ਹਨ ਸਮੇਂ ਨਾਲ ਹੀ ਚੜ੍ਹ ਕੇ ਵਿਦੇਸ਼ ਪਹੁੰਚ ਜਾਂਦਾ ਹੈ।

ਹੁਣ ਆਉਂਦੇ ਹਾਂ ਮੌਤਾਂ ਦੇ ਦੂਸਰੇ ਵੱਡੇ ਕਾਰਨ ਵੱਲ ਜਿਸ ਨੂੰ ਦਿਲ ਦੇ ਦੌਰੇ ਦੇ ਨਾਂ ਹੇਠ ਛੁਪਾਇਆ ਜਾਂਦਾ ਹੈ। ਉਹ ਹੈ ਨਸ਼ਾ ਅਤੇ ਇਹ ਹੁਣ ਕਿਸੇ ਤੋਂ ਲੁਕਿਆ-ਛੁਪਿਆ ਨਹੀਂ ਕਿ ਕੈਨੇਡਾ ਵਿੱਚ ਨਸ਼ਾ ਬਹੁਤ ਆਮ ਹੋ ਗਿਆ ਹੈ। ਨੌਜਵਾਨ ਪਹਿਲਾਂ ਕਾਲਜ ਜਾਂਦੇ ਨੇ। ਫਿਰ ਕੰਮ 'ਤੇ ਜਾਂਦੇ ਹਨ। ਕਈ ਵਾਰ ਕੰਮ ਅਤੇ ਕਾਲਜ ਕਾਫ਼ੀ ਦੂਰ ਹੋਣ ਕਰਕੇ ਘਰੇ ਜਾ ਕੇ ਆਰਾਮ ਕਰਨ ਦਾ ਸਮਾਂ ਵੀ ਨਹੀਂ ਮਿਲਦਾ ਅਤੇ ਵੱਧ ਪੈਸੇ ਕਮਾਉਣ ਦੇ ਚੱਕਰ 'ਚ ਡਬਲ-ਟ੍ਰਿਪਲ ਸ਼ਿਫਟਾਂ ਵੀ ਕਰਦੇ ਹਨ। ਇਸ ਸਭ ਨਾਲ ਉਨ੍ਹਾਂ ਦਾ ਸਰੀਰ ਥੱਕ ਜਾਂਦਾ ਹੈ ਜਿਸ ਤੋਂ ਬਚਣ ਲਈ ਉਹ ਦੋਸਤਾਂ ਦੇ ਕਹਿਣ 'ਤੇ ਥੋੜ੍ਹਾ-ਥੋੜ੍ਹਾ ਨਸ਼ਾ ਲੈਣ ਲੱਗ ਜਾਂਦੇ ਹਨ। ਇਹ ਸੋਚ ਕਿ ਜਦੋਂ ਗੱਡੀ ਲੀਹ 'ਤੇ ਆ ਗਈ ਤਾਂ ਛੱਡ ਦੇਵਾਂਗੇ ਪਰ ਜਿਹੜੀ ਗੱਡੀ ਦੇ ਟਾਇਰ ਪਾਟੇ ਹੋਣ ਤੇ ਪੱਥਰਾਂ 'ਚ ਫਸੀ ਹੋਵੇ, ਉਸ ਦੇ ਲੀਹ 'ਤੇ ਆਉਣ ਦੀ ਸੰਭਾਵਨਾ ਘੱਟ ਹੀ ਹੁੰਦੀ ਹੈ। ਨਸ਼ਾ ਇਸ ਲਈ ਵੀ ਮੁੱਖ ਕਾਰਨ ਮੰਨਿਆ ਜਾ ਸਕਦਾ ਹੈ ਕਿਉਂਕਿ ਕੁੜੀਆਂ ਦੀਆਂ ਮੌਤਾਂ ਨਹੀਂ ਹੋ ਰਹੀਆਂ। ਵਜ੍ਹਾ ਇਹ ਹੈ ਕਿ ਕੁੜੀਆਂ ਓਵਰ ਟਾਈਮ ਜ਼ਿਆਦਾ ਨਹੀਂ ਕਰਦੀਆਂ। ਇਸ ਲਈ ਨਸ਼ਾ ਵੀ ਨਹੀਂ ਕਰਦੀਆਂ।

ਸੋ ਕੁੱਲ-ਮਿਲਾ ਕੇ ਇਹ ਕੈਨੇਡਾ ਵਿੱਚ ਨਵੇਂ ਗਏ ਮੁੰਡਿਆਂ ਦੀਆਂ ਮੌਤਾਂ ਦੀ ਔਸਤ ਪੰਜਾਬ 'ਚ ਨਸ਼ਿਆਂ ਕਾਰਨ ਮਰਨ ਵਾਲੇ ਮੁੰਡਿਆਂ ਦੇ ਬਰਾਬਰ ਹੋਣੀ ਹੋਰ ਵੀ ਜ਼ਿਆਦਾ ਚਿੰਤਾ ਕਰਨ ਵਾਲੀ ਗੱਲ ਹੈ

(ਬਾਕੀ ਸਫ਼ਾ 30 'ਤੇ)

# ਵਰਦਾਨੀ ਖੋਜਾਂ ਮਨੁੱਖਤਾ ਲਈ ਬਣੀਆਂ ਸ਼ਰਾਪ

## ਆਪਣੀਆਂ ਕੀਤੀਆਂ ਖੋਜਾਂ 'ਤੇ ਹੀ ਪਛਤਾਏ ਜਦੋਂ ਵਿਗਿਆਨੀ

ਕੋਈ ਵੀ ਕਾਢ ਜਾਂ ਖੋਜ਼ ਜਦੋਂ ਨਿਕਲਦੀ ਹੈ ਤਾਂ ਉਸਦੇ ਫਾਇਦੇ ਵੀ ਹੁੰਦੇ ਹਨ ਅਤੇ ਨੁਕਸਾਨ ਵੀ। ਇਸ ਵਿੱਚ ਵਿਗਿਆਨ ਦਾ ਕਸੂਰ ਨਹੀਂ ਹੁੰਦਾ, ਕੁਝ ਹੱਦ ਤਕ ਮਨੁੱਖ ਵੀ ਜਿੰਮੇਵਾਰ ਹੁੰਦਾ ਹੈ ਕਿ ਉਸਨੇ ਖੋਜ਼ ਨੂੰ ਵਿਨਾਸ਼ਕਾਰੀ ਪੱਖ ਵੱਲ ਮੋੜਨਾ ਹੈ ਜਾਂ ਉਸਾਰੂ ਪੱਖ ਵੱਲ। ਸਾਡੇ ਇਸ ਲੇਖ ਵਿੱਚ ਅਸੀਂ ਕੁਝ ਅਜਿਹੀਆਂ ਸ਼ਖਸ਼ੀਅਤਾਂ ਤੋਂ ਜਾਣੂੰ ਕਰਵਾ ਰਹੇ ਹਾਂ ਜਿਹਨਾਂ ਨੇ ਮਹੱਤਵਪੂਰਨ ਖੋਜ਼ਾਂ ਕੀਤੀਆਂ ਪਰ ਕਿਸੇ ਸਮੇਂ 'ਤੇ ਆ ਕੇ ਉਹਨਾਂ ਨੂੰ ਆਪਣੇ ਉਸ ਕੰਮ 'ਤੇ ਪਛਤਾਵਾ ਵੀ ਹੋਇਆ। ਸਭ ਤੋਂ ਪਹਿਲਾਂ ਗਲ ਕਰਾਂਗੇ ਆਰਥਰ ਗੈਲਸਟਨ ਦੀ।







ਆਰਥਰ ਗੈਲਸਟਨ ਨੇ ਕੁਝ ਕੀਟਨਾਸ਼ਕਾਂ ਦੀ ਖੋਜ਼ ਕੀਤੀ ਤਾਂ ਕਿ ਫ਼ਸਲਾਂ ਨੂੰ ਵਧੀਆ ਬਣਾਉਣ ਵਿੱਚ ਮਦਦ ਮਿਲ ਸਕੇ ਪਰ ਨਤੀਜਾ ਇਹ ਨਿੱਕਲਿਆ, ਕਿ ਵਾਤਾਵਰਣ ਨੂੰ ਬਹੁਤ ਜਿਆਦਾ ਨੁਕਸਾਨ ਪਹੁੰਚਾਇਆ ਗਿਆ। ਉਸਨੇ 2003 ਵਿੱਚ ਕਿਹਾ ਕਿ "ਤੁਸੀਂ ਸਾਰੇ ਜਾਣਦੇ ਹੋ, ਵਿਗਿਆਨ ਵਿੱਚ ਤੁਸੀਂ ਜੋ ਵੀ ਕਰਦੇ ਹੋ, ਉਸ ਦੇ ਨਤੀਜੇ ਮਨੁੱਖ ਜਾਤੀ ਦੇ ਲਈ ਸਾਰੇ ਲਾਭਦਾਇਕ ਹੋਣਗੇ, ਇਸਦੀ ਕੋਈ ਗਰੰਟੀ ਨਹੀਂ।" ਉਸਨੇ ਕਿਹਾ ਕਿ "ਚੰਗੇ ਜਾਂ ਮਾੜੇ ਪਾਸੇ ਵੱਲ ਖੋਜ਼ ਨੂੰ ਲੈ ਕੇ ਜਾਣਾ ਮਨੁੱਖ ਦੇ ਹੱਥ ਵਿੱਚ ਹੈ ਪਰ ਫਿਰ ਵੀ ਮੈਂ ਮਾਫੀ ਮੰਗਦਾ, ਮੈਂ ਮਹਿਸੂਸ ਕਰਦਾਂ ਕਿ ਮੈਂ ਇੱਕ ਕੀਟਨਾਸ਼ਕ ਦੇ ਰੂਪ ਦੇ ਵਿੱਚ ਰਾਖ਼ਸ਼ ਬਣਾਇਆ। ਜਿਸ 'ਤੇ ਮੈਨੂੰ ਪਛਤਾਵਾ ਹੈ।"

1992 ਦੇ ਵਿੱਚ ਜੌਨ ਸਿਲਵੇਨ ਨੇ ਸਿੰਗਲ ਯੂਜ ਕੱਪ ਬਣਾਏ, ਜਿਹਨਾਂ ਨੇ ਏਨੀ ਰਹਿੰਦ ਖੂੰਹਦ ਪੈਦਾ ਕੀਤੀ ਕਿ ਦੁਨੀਆਂ ਨੂੰ ਤਕਰੀਬਨ ਡੇਢ ਵਾਰੀ ਉਸ ਰਹਿੰਦ ਖੂੰਹਦ ਨਾਲ ਘੇਰਿਆ ਜਾ ਸਕਦਾ ਹੈ। ਉਸ ਨੇ ਹਾਲ ਹੀ ਵਿੱਚ ਕਿਹਾ ਕਿ ਮੈਨੂੰ ਕਦੇ ਕਦੇ ਬਹੁਤ ਬੁਰਾ ਲਗਦਾ ਹੈ ਕਿ ਮੈਂ ਅਜਿਹਾ ਕੀਤਾ ਹੈ। ਹੁਣ ਉਹ ਆਪਣੀ ਕੰਪਨੀ Zon Bak ਦੇ ਨਾਲ ਸੂਰਜੀ ਪੈਨਲ ਦੇ ਕਾਰੋਬਾਰ ਵਿੱਚ ਲੱਗਿਆ ਹੋਇਆ ਹੈ। ਉਸਨੇ ਆਪਣੀ ਭੁੱਲ ਤੋਂ ਸਿਖਿਆ ਲੈਂਦੇ ਹੋਏ 2020 ਦੇ ਵਿੱਚ ਕਿਉਰਿਗ ਗ੍ਰੀਨ ਮਾਉਂਟੈਨ ਨੇ ਰੀਸਾਇਕਲ ਕਰਨ ਯੋਗ "ਕੇਕੱਪ" ਬਣਾਉਣ ਦਾ ਕੰਮ ਸ਼ੁਰੂ ਕੀਤਾ।



**ਅੰਨਾ ਜਾਰਵਿਸ** : ਅੰਨਾ ਜਾਰਵਿਸ ਦੀ ਮਾਂ ਦੀ ਮੌਤ 1905 ਵਿੱਚ ਹੋਈ, ਉਸਦੀ ਮਾਂ ਦਾ ਚਰਚ ਦੇ ਵਿੱਚ ਯਾਦਗਾਰੀ ਸਮਾਗਮ ਸੀ, ਉਹ ਆਪਣੀ ਮਾਂ ਦੇ ਪਸੰਦੀਦਾ ਚਿੱਟੇ ਫੁੱਲ ਲੈ ਕੇ ਚਰਚ ਵਿੱਚ ਗਈ, ਫਲਾਵਰ ਇੰਡਸਟਰੀ ਨੇ ਇਹਨਾਂ ਚਿੱਟੇ ਰੰਗ ਦੇ ਫੁੱਲਾਂ ਨੂੰ ਕੈਸ਼ ਕੀਤਾ, ਇੱਕ ਇਸ ਤਰਾਂ ਟ੍ਰੈਂਡ ਸੈਟ ਕੀਤਾ ਗਿਆ ਕਿ ਜਿਉਂਦੀਆਂ ਮਾਵਾਂ ਦੇ ਲਈ ਲਾਲ ਫੁੱਲ ਅਤੇ ਮ੍ਰਿਤਕ ਮਾਵਾਂ ਲਈ ਚਿੱਟੇ ਫੁੱਲਾਂ ਦਾ ਟ੍ਰੈਂਡ ਸੈਟ ਕਰ ਦਿੱਤਾ। ਇਥੋਂ ਤਕ ਕਿ ਫਲਾਵਰ ਇੰਡਸਟਰੀ ਵਿੱਚ ਜਮਾਂ ਖੋਰੀ ਅਤੇ ਮੁਨਾਫ਼ਾ ਖੋਰੀ ਵੀ ਹੋਈ। ਬਾਅਦ ਦੇ ਵਿੱਚ 1920 ਦੇ ਵਿੱਚ ਜਾਰਵਿਸ ਨੇ ਕਿਹਾ ਕਿ ਮੈਂ ਆਪਣੀ ਭਾਵਨਾ ਦੇ ਨਾਲ ਚਿੱਟੇ ਫੁੱਲ ਲੈ ਕੇ ਚਰਚ ਵਿੱਚ ਪਹੁੰਚੀ ਸੀ ਪਰ ਫੁੱਲ ਵੇਚਣ ਵਾਲਿਆਂ ਨੇ ਇਸ ਨੂੰ ਹੋਰ ਹੀ ਰੰਗ ਦੇ ਦਿੱਤਾ। ਫੁੱਲ ਵੇਚਣ ਵਾਲਿਆਂ ਨੂੰ ਉਸ ਨੇ ਡਾਕੂ, ਸਮੁੰਦਰੀ ਡਾਕੂ ਅਤੇ ਇੱਥੋਂ ਤੱਕ ਕਿ ਦੀਮਕ ਵੀ ਕਿਹਾ ਕਿ ਜੋ ਆਪਣੇ ਲਾਲਚ ਲਈ ਕਿਸੇ ਦੀਆਂ ਭਾਵਨਾਂਵਾਂ ਨਾਲ ਵੀ ਖੇਡ ਸਕਦੇ ਹਨ। ਉਸ ਨੇ ਇਸ ਗੱਲ 'ਤੇ ਪਛਤਾਵਾ ਕੀਤਾ।

### ਪੌਪ ਅਪ ਵਿਗਿਆਪਨ

ਜ਼ੁਕਰਮੈਨ ਮੀਡੀਆ ਕਲੌਡ ਦਾ ਸਹਿ ਸੰਸਥਾਪਕ ਹੈ, ਉਹ ਸੈਂਕੜੇ ਅਖਬਾਰਾਂ ਅਤੇ ਹਜ਼ਾਰਾਂ ਵੈਬਸਾਈਟਾਂ ਨੂੰ ਵੈਬ ਤੇ ਬਲੌਗ ਕਰਦਾ ਹੈ। ਖੋਜ਼ ਕੀਤੀ ਹੋਈ ਡਾਟਾਬੇਸ ਵਿੱਚ ਜਾਣਕਾਰੀ ਨੂੰ ਆਰਕਾਈਵ ਕਰਦਾ ਹੈ ਤੇ ਟਰਾਈਪੌਪ ਡਾਟ ਕਾਮ ਵਿੱਚ ਇੱਕ ਵੈਬ ਹੋਸਟਿੰਗ ਐਂਡ ਐਂਟਰਪ੍ਰਾਈਜ਼ ਹੈ। ਪਿਛਲੇ ਸਾਲ ਈਥਨ ਜ਼ੁਕਰਮੈਨ ਨੇ ਇੰਟਰਨੈਟ ਦੇ ਡਿਫ਼ਾਲਟ ਬਿਜਨਸ ਮਾਡਲ ਦੇ ਤੌਰ 'ਤੇ ਵਿਗਿਆਪਨ ਦੀ ਚਰਚਾ ਕਰਦੇ ਹੋਏ ਇੱਕ ਲੇਖ ਲਿਖਿਆ, ਜਿਸ ਵਿੱਚ ਉਸਨੇ ਪੌਪ ਅਪ ਵਿਗਿਆਪਨ ਦੀ ਖੋਜ਼ ਉਤੇ ਲੋਕਾਂ ਕੋਲੋਂ ਮਾਫ਼ੀ ਮੰਗੀ ਤੇ ਕਿਹਾ ਕਿ ਕਈ ਵਾਰ ਇਹੀ ਵਿਗਿਆਪਨ ਮੇਰੇ ਕਾਰਨ ਲੋਕਾਂ ਨੂੰ ਸ਼ਰਮਿੰਦਾ ਕਰਦੇ ਰਹੇ।

### ਫਲੈਪੀ

ਫਲੈਪੀ ਇੱਕ ਗੇਮ ਹੈ, ਜੋ 2013 ਦੇ ਵਿੱਚ ਡੋਂਗ ਨਗੁਏਨ ਨੇ ਇਕ ਸਾਧਾਰਨ ਸਾਈਡ ਸਕਰੋਲਿੰਗ ਮੋਬਾਇਲ ਗੇਮ ਦੀ ਤਰਾਂ ਲਾਂਚ ਕੀਤੀ। ਇਹ ਗੇਮ 2014 ਦੇ ਵਿੱਚ ਬਹੁਤ ਹੀ ਜਿਆਦਾ ਲੋਕਾਂ ਦੇ ਵਿੱਚ ਪ੍ਰਚਲਿਤ ਹੋ ਗਈ। ਜਦੋਂ ਇਹ iOS ਐਪ ਸਟੋਰ ਵਿੱਚ ਸਭ ਤੋਂ ਵੱਧ ਡਾਊਨਲਾਊਡ ਕੀਤੀ ਜਾਣ ਵਾਲੀ ਮੁਫ਼ਤ ਗੇਮ ਬਣ ਗਈ ਤਾਂ 50 ਮਿਲੀਅਨ ਤੋਂ ਵੱਧ ਵਲੋਂ ਡਾਊਨਲਾਊਡ ਕੀਤੀ ਗਈ ਤਾਂ ਨਗੁਏਨ ਨੂੰ ਚਿੰਤਾ ਹੋਈ, ਉਸ ਨੂੰ ਮਹਿਸੂਸ ਹੋਇਆ ਕਿ ਮੈਂ ਬਹੁਤ ਸਾਰੇ ਲੋਕਾਂ ਨੂੰ ਗੇਮ ਦੇ ਰੂਪ ਵਿੱਚ ਨਸ਼ਈ ਬਣਾ ਦਿੱਤਾ ਹੈ। ਉਸ ਨੇ ਇਸ ਨੂੰ ਟਵਿੱਟਰ ਤੋਂ ਹਟਾਉਣ ਦਾ ਐਲਾਨ ਕੀਤਾ ਤੇ ਕਿਹਾ ਕਿ ਮੈਂ ਪਛਤਾਵਾ ਕਰਦਾ ਹਾਂ ਕਿ ਮੈਂ ਬਹੁਤ ਸਾਰੇ ਲੋਕਾਂ ਨੂੰ ਇਸ ਗੇਮ ਵਿੱਚ ਉਲਝਾ ਕੇ ਉਹਨਾਂ ਦਾ ਟਾਈਮ ਖ਼ਰਾਬ ਕੀਤਾ। ਹਾਲਾਕਿ ਇਹ ਗੇਮ ਐਮਾਜਨ ਫਾਇਰ 'ਤੇ ਵਾਪਸ ਆਈ ਸੀ ਪਰ ਹੋਰ ਕਿਸੇ ਵੀ ਪਲੇਟਫਾਰਮ 'ਤੇ ਜਾਰੀ ਨਹੀਂ ਕੀਤੀ ਗਈ।

### ਦਫ਼ਤਰਾਂ ਵਿੱਚ ਕੈਬਿਨ ਪਲਾਨਿੰਗ

1968 ਦੇ ਵਿੱਚ ਰਾਬਰਟ ਪ੍ਰੋਪਸਟ ਨੇ ਦਫ਼ਤਰਾਂ ਨੂੰ ਇੱਕ ਨਵਾਂ ਮੁਹਾਂਦਰਾ ਦੇਣ ਲਈ ਆਈਡੀਆ ਦਿੱਤਾ। ਜਿਸ ਦੇ ਅਨੁਸਾਰ ਉਸਨੇ ਕੈਬਿਨ ਬਣਾਉਣ ਦੀ ਸਲਾਹ ਦਿਤੀ। ਜਿਸਦੇ ਨਾ ਤਾਂ ਅਸਲ ਦਰਵਾਜ਼ੇ ਸਨ ਅਤੇ ਨਾ ਹੀ ਅਸਲ ਕੰਧ ਸਨ। ਉਸ ਦਾ ਇਹ ਵਿਚਾਰ ਇੱਕ ਵਧੀਆ ਵਿਚਾਰ ਦੀ ਤਰਾਂ ਸ਼ੁਰੂਆਤੀ ਦੌਰ ਵਿੱਚ ਲਿਆ ਗਿਆ ਪਰ 80 ਸਾਲ ਦੀ ਉਮਰ ਵਿੱਚ ਜਾ ਕੇ ਉਸ ਨੇ ਕਿਹਾ ਕਿ ਮੇਰੇ ਇਕ ਐਕਸ਼ਨ ਦੁਆਰਾ ਦਫ਼ਤਰ ਹੌਲੀ ਹੌਲੀ ਸੁੰਗੜਦੇ ਜਾ ਰਹੇ ਹਨ, ਇੱਥੋਂ ਤੱਕ ਕਿ ਇੱਕ ਡੱਬੇ ਦੀ ਤਰਾਂ ਬਣ ਗਏ ਹਨ।

(ਬਾਕੀ ਸਫ਼ਾ 30 'ਤੇ)

## ਅਜਬ-ਗਜ਼ਬ ਦੁਨੀਆਂ

# ਰਾਜਿਆਂ-ਮਹਾਰਾਜਿਆਂ ਦੇ ਅਜੀਬ ਸ਼ੌਕ

ਪੁਰਾਣੇ ਰਾਜਿਆਂ-ਮਹਾਰਾਜਿਆਂ ਬਾਰੇ ਕਈ ਦਿਲਚਸਪ ਗੱਲਾਂ ਅਕਸਰ ਸੁਣਨ ਨੂੰ ਮਿਲਦੀਆਂ ਹਨ। ਇਨ੍ਹਾਂ ਕਥਾਵਾਂ ਵਿੱਚ ਕਈ ਰਾਜਿਆਂ ਦੀ ਮਹਾਨਤਾ ਦੱਸੀ ਗਈ ਹੈ, ਉਥੇ ਹੀ ਕਈ ਰਾਜਿਆਂ ਦੇ ਜ਼ੁਲਮ ਬਾਰੇ ਸੁਣਨ ਨੂੰ ਮਿਲਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਵੱਖਰੀ ਸ਼ਖਸੀਅਤ ਬਾਰੇ ਵੀ ਦੱਸਿਆ ਗਿਆ ਹੈ। ਅੱਜ ਅਸੀਂ ਤੁਹਾਨੂੰ ਕੁਝ ਵਿਦੇਸ਼ੀ ਰਾਜਿਆਂ ਨਾਲ ਜੁੜੀਆਂ ਅਜਿਹੀਆਂ ਕਹਾਣੀਆਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਬਾਰੇ ਸੁਣ ਕੇ ਤੁਸੀਂ ਵੀ ਹੈਰਾਨ ਰਹਿ ਜਾਓਗੇ। ਇਸ ਤੋਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਪੁਰਾਣੇ ਰਾਜਿਆਂ ਨੂੰ ਕਿਸ ਤਰ੍ਹਾਂ ਦੇ ਸ਼ੌਕ ਸਨ।



1825 ਤੋਂ 1855 ਤੱਕ ਰੂਸ ਦੇ ਬਾਦਸ਼ਾਹ ਰਹੇ ਨਿਕੋਲਸ-1 ਬਾਰੇ ਗੱਲ ਕਰਦਿਆਂ ਕਿਹਾ ਜਾਂਦਾ ਹੈ ਕਿ ਉਹ ਸੁਭਾਅ ਦਾ ਬਹੁਤ ਸਾਦਾ ਸੀ। ਉਸ ਨੂੰ ਸ਼ਰਾਬ, ਸਿਗਰਟ, ਤੰਬਾਕੂ ਵਰਗੀ ਕੋਈ ਬੁਰੀ ਆਦਤ ਨਹੀਂ ਸੀ। ਉਸੇ ਸਮੇਂ, ਉਹ ਮਠਿਆਈਆਂ ਨੂੰ ਸਖ਼ਤ ਨਫ਼ਰਤ ਕਰਦਾ ਸੀ, ਜਦੋਂ ਕਿ ਉਹ ਖਾਣੇ ਦੇ ਨਾਲ ਅਚਾਰ ਨੂੰ ਪਿਆਰ ਕਰਦਾ ਸੀ. ਉਸਨੂੰ ਅਚਾਰ ਇੰਨਾ ਪਸੰਦ ਸੀ ਕਿ ਉਹ ਨਾਸ਼ਤੇ ਵਿੱਚ 5 ਅਚਾਰ ਚਾਹ, ਬਰੈੱਡ ਅਤੇ ਖੀਰੇ ਖਾਂਦੇ ਸਨ। ਇਸ ਦੇ ਨਾਲ ਹੀ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਭਾਵੇਂ ਉਹ ਰਾਤ ਦਾ ਖਾਣਾ ਨਾ ਵੀ ਖਾਵੇ ਪਰ ਉਹ ਖੀਰੇ ਦਾ ਅਚਾਰ ਜ਼ਰੂਰ ਖਾਂਦੇ ਸਨ।

ਪੀਟਰ-3 ਨੇ ਸਾਲ 1762 ਵਿੱਚ ਕੁਝ ਮਹੀਨਿਆਂ ਲਈ ਰੂਸ 'ਤੇ ਰਾਜ ਕੀਤਾ। ਇਸ ਤੋਂ ਬਾਅਦ ਸਾਰਾ ਕੰਮ ਆਪਣੀ ਪਤਨੀ ਕੈਥਰੀਨ ਦਿ ਗ੍ਰੇਟ ਨੂੰ ਸੌਂਪ ਦਿੱਤਾ ਗਿਆ। ਇਸ ਦੇ ਪਿੱਛੇ ਦਾ ਕਾਰਨ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਦਰਅਸਲ, ਇਹ ਕਿਹਾ ਜਾਂਦਾ ਹੈ ਕਿ ਪੀਟਰ 3 ਨੂੰ ਖਿਡੌਣਿਆਂ ਦਾ ਜਨੂੰਨ ਸੀ। ਪੀਟਰ ਨੂੰ ਬੱਚਿਆਂ ਦੇ ਖਿਡੌਣਿਆਂ ਅਤੇ ਗੁੱਡੀਆਂ ਨਾਲ ਖੇਡਣਾ ਪਸੰਦ ਸੀ।

ਕਿਹਾ ਜਾਂਦਾ ਹੈ ਕਿ ਇਹ ਪਾਗਲਪਨ ਇਸ ਹੱਦ ਤੱਕ ਸੀ ਕਿ ਇਕ ਵਾਰ ਇਕ ਚੂਹੇ ਨੇ ਉਸ ਦੀ ਗੁੱਡੀ ਦਾ ਸਿਰ ਵੱਢ ਦਿੱਤਾ, ਜਿਸ ਤੋਂ ਬਾਅਦ ਪੀਟਰ-3 ਨੇ ਚੂਹੇ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਇਨ੍ਹਾਂ ਹਰਕਤਾਂ ਕਾਰਨ ਸਾਰਾ ਕੰਮ ਉਸ ਦੀ ਪਤਨੀ ਨੂੰ ਸੌਂਪ ਦਿੱਤਾ ਗਿਆ।

ਜੇਕਰ ਅਸੀਂ ਓਟੋਮੈਨ ਸਾਮਰਾਜ ਦੇ ਸੁਲਤਾਨ ਇਬਰਾਹਿਮ-1 ਦੀ ਗੱਲ ਕਰੀਏ ਤਾਂ ਉਸ ਦਾ ਕ੍ਰੇਜ਼ ਹਰ ਕਿਸੇ ਤੋਂ ਵੱਖਰਾ ਸੀ। ਇਬਰਾਹਿਮ-1, 1600 ਦੇ ਸ਼ੁਰੂ ਵਿੱਚ ਓਟੋਮੈਨ ਸਾਮਰਾਜ ਦਾ ਸ਼ਾਸਕ ਸੀ। ਉਸ ਦਾ ਬਚਪਨ ਦੁਖਦਾਈ ਸੀ, ਇੱਕ ਖਿੜਕੀ ਰਹਿਤ ਕਮਰੇ ਵਿੱਚ ਸੀਮਤ ਰਿਹਾ, ਜਿਸ ਕਾਰਨ ਉਹ ਹਿੰਸਕ ਹੋ ਗਿਆ।

ਇਸੇ ਕਰਕੇ ਉਹ ਦੂਜਿਆਂ ਨੂੰ ਤਸੀਹੇ ਦੇਣਾ ਪਸੰਦ ਕਰਦਾ ਸੀ। ਇਸ ਦੇ ਨਾਲ ਹੀ ਅਜੀਬ ਗੱਲ ਇਹ ਹੈ ਕਿ ਉਸ ਨੂੰ ਮੋਟੀ ਔਰਤਾਂ ਨਾਲ ਪਿਆਰ ਸੀ ਅਤੇ ਇਸ ਪਿਆਰ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਦਰਅਸਲ, ਉਸਨੇ ਮੋਟੀਆਂ ਔਰਤਾਂ ਦਾ ਇੱਕ ਹਰਮ ਵੀ ਬਣਾਇਆ ਹੋਇਆ ਸੀ। ਉਸ ਦੇ 3 ਔਰਤਾਂ ਤੋਂ ਬੱਚੇ ਵੀ ਸਨ।

ਹੈਨਰੀ-8 ਨੇ 1509 ਤੋਂ 1547 ਤੱਕ ਇੰਗਲੈਂਡ 'ਤੇ ਰਾਜ ਕੀਤਾ। ਇਸ ਨਾਲ ਇਕ ਅਜੀਬ ਕਹਾਣੀ ਵੀ ਜੁੜੀ ਹੋਈ ਹੈ। ਜਿਵੇਂ ਹੀ ਹੈਨਰੀ-8 ਦੀ ਉਮਰ ਹੋ ਜਾਂਦੀ ਹੈ, ਉਸ ਨੂੰ ਇਹ ਪੂਰਵ-ਅਨੁਮਾਨ ਮਿਲਣ ਲੱਗ ਪੈਂਦਾ ਹੈ ਕਿ ਕੋਈ ਉਸਨੂੰ ਮਾਰਨਾ ਚਾਹੁੰਦਾ ਹੈ, ਜਿਸ ਨੇ ਉਸਨੂੰ ਪਾਗਲ ਬਣਾ ਦਿੱਤਾ ਹੈ। ਇਸ ਡਰ ਤੋਂ ਕਿ ਕੋਈ ਉਸ ਦੀਆਂ ਰੋਜ਼ਾਨਾ ਦੀਆਂ ਚੀਜ਼ਾਂ ਵਿੱਚ ਜ਼ਹਿਰ ਮਿਲਾ ਕੇ ਉਸ ਨੂੰ ਮਾਰ ਸਕਦਾ ਹੈ, ਉਹ ਆਪਣਾ ਬਿਸਤਰਾ-ਸਰਹਾਣਾ ਆਦਿ ਆਪਣੇ ਨੌਕਰਾਂ ਨੂੰ ਚੁੰਮਣ ਲਈ ਦੇ ਦਿੰਦਾ ਸੀ।

# ਧਰਤੀ ਦੇ ਹੇਠਾਂ ਵਗਦੀਆਂ ਹਨ ਦੁਨੀਆਂ ਦੀਆਂ 5 ਨਦੀਆਂ

ਕੁਦਰਤ ਦਾ ਰਹੱਸ ਕੋਈ ਨਹੀਂ ਪਾ ਸਕਦਾ, ਕੁਦਰਤ ਦੇ ਕਈ ਗੁੱਝੇ ਭੇਦ ਅਜੇ ਵੀ ਮਨੁੱਖ ਲਈ ਵੱਡਾ ਰਹੱਸ ਬਣੇ ਹੋਏ ਹਨ। ਇਸ ਦੁਨੀਆਂ 'ਚ ਬਹੁਤ ਕੁਝ ਅਜਿਹਾ ਹੈ, ਜੋ ਕਿ ਮਨੁੱਖ ਲਈ ਅਜੇ ਵੀ ਵੱਡੀ ਪਹੇਲੀ ਬਣਿਆ ਹੋਇਆ ਹੈ। ਦੁਨੀਆਂ 'ਚ ਨਦੀਆਂ ਦਾ ਬਹੁਤ ਮਹੱਤਵ ਹੈ। ਤੁਹਾਨੂੰ ਦੱਸ ਦੇਈਏ ਕਿ ਫਰਾਂਸੀਸੀ ਪ੍ਰੋਟੋ-ਹਿਸਟੀਰੀਆ ਮਾਈਕਲ ਡੈਨੀਨੋ ਨੇ ਸਰਸਵਤੀ ਨਦੀ 'ਤੇ ਇੱਕ ਖੋਜ ਅਧਿਐਨ ਕੀਤਾ ਹੈ, ਖੋਜ ਵਿੱਚ ਉਨ੍ਹਾਂ ਨੂੰ ਪਤਾ ਲੱਗਾ ਕਿ ਸਰਸਵਤੀ ਨਦੀ ਭੂ-ਵਿਗਿਆਨਕ ਤਬਦੀਲੀਆਂ ਕਾਰਨ ਅਲੋਪ ਹੋ ਗਈ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਸਰਸਵਤੀ ਨਦੀ ਅਜੇ ਵੀ ਧਰਤੀ ਹੇਠੋਂ ਵਗਦੀ ਹੈ। ਅੱਜ ਅਸੀਂ ਤੁਹਾਨੂੰ ਕੁਝ ਅਜਿਹੀਆਂ ਨਦੀਆਂ ਬਾਰੇ ਦੱਸ ਰਹੇ ਹਾਂ ਜੋ ਧਰਤੀ ਦੇ ਹੇਠਾਂ ਤੋਂ ਵਹਿ ਕੇ ਕਈ ਗੁਫਾਵਾਂ 'ਚੋਂ ਲੰਘਦੀਆਂ ਹਨ।



**1. ਰੀਓ ਕੈਮੂ ਨਦੀ, ਪੋਰਟੋ ਰੀਕੋ**

ਰੀਓ ਕੈਮੂ ਨਦੀ ਇਹ ਲਗਭਗ ਇੱਕ ਲੱਖ ਸਾਲ ਪੁਰਾਣੀ ਨਦੀ ਹੈ, ਜੋ ਕਈ ਗੁਫਾਵਾਂ ਵਿੱਚੋਂ ਲੰਘਦੀ ਹੈ। ਇਹ ਨਦੀ ਖਿੱਚ ਦਾ ਮੁੱਖ ਕੇਂਦਰ ਹੈ। ਤੁਹਾਨੂੰ ਦੱਸ ਦੇਈਏ ਕਿ ਪੋਰਟੋ ਰੀਕੋ ਦੀ ਰੀਓ ਕੈਮੂ ਨਦੀ ਨੂੰ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਭੂਮੀਗਤ ਨਦੀ ਕਿਹਾ ਜਾਂਦਾ ਹੈ।

**2. ਸੈਂਟਾ ਫੇ ਨਦੀ, ਫਲੋਰੀਡਾ**

ਸੈਂਟਾ ਫੇ ਨਦੀ ਉੱਤਰੀ ਫਲੋਰੀਡਾ, ਅਮਰੀਕਾ ਵਿੱਚ ਹੈ। ਇਸ ਨਦੀ ਦੀ ਲੰਬਾਈ ਲਗਭਗ 121 ਕਿਲੋਮੀਟਰ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਪੂਰੀ ਤਰ੍ਹਾਂ ਭੂਮੀਗਤ ਨਹੀਂ ਹੈ, ਪਰ ਇਹ 5 ਕਿਲੋਮੀਟਰ ਤੱਕ ਜ਼ਮੀਨ ਦੇ ਹੇਠਾਂ ਵਹਿੰਦਾ ਹੈ। ਇਹ ਨਦੀ ਓ ਲਾਨੋ ਸਟੇਟ ਪਾਰਕ ਵਿੱਚ ਇੱਕ ਸਿੰਕਹੋਲ ਵਿੱਚ ਡਿੱਗਦੀ ਹੈ ਅਤੇ ਇੱਥੋਂ ਇਹ ਨਦੀ ਜ਼ਮੀਨਦੋਜ਼ ਹੋ ਜਾਂਦੀ ਹੈ। ਇਸ ਤੋਂ ਬਾਅਦ 5 ਕਿਲੋਮੀਟਰ ਅੱਗੇ ਰਿਜ਼ਰਵਾਇਰ ਸਟੇਟ ਪਾਰਕ ਵਿੱਚ ਦਿਖਾਈ ਦਿੰਦਾ ਹੈ।

**3. ਪੋਰਟੋ ਪ੍ਰਿੰਸੇਸਾ ਨਦੀ, ਫਿਲੀਪੀਨਜ਼**

ਪੋਰਟੋ ਪ੍ਰਿੰਸੇਸਾ ਨਦੀ ਦੱਖਣ-ਪੱਛਮੀ ਫਿਲੀਪੀਨਜ਼ ਵਿੱਚ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਨਦੀ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸਥਾਨਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਨਦੀ ਦੀ ਲੰਬਾਈ ਲਗਭਗ 5 ਮੀਲ ਹੈ। ਇਹ ਸੁੰਦਰ ਨਦੀ ਭੂਮੀਗਤ ਗੁਫਾਵਾਂ ਵਿੱਚੋਂ ਦੀ ਲੰਘਦੀ ਹੈ ਅਤੇ ਸਮੁੰਦਰ ਵਿੱਚ ਮਿਲ ਜਾਂਦੀ ਹੈ। ਦੱਸ ਦੇਈਏ ਕਿ ਇੱਥੇ ਇੱਕ ਦਿਨ ਵਿੱਚ ਸਿਰਫ਼ 600 ਸੈਲਾਨੀਆਂ ਨੂੰ ਜਾਣ ਦੀ ਇਜਾਜ਼ਤ ਹੈ।

**4. ਰਹੱਸ ਨਦੀ, ਇੰਡੀਆਨਾ**

ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਦੇ ਇੰਡੀਆਨਾ ਵਿੱਚ ਇੱਕ ਭੂਮੀਗਤ ਨਦੀ ਵੀ ਹੈ। ਅਮਰੀਕਾ ਦੀ ਸਭ ਤੋਂ ਲੰਬੀ ਭੂਮੀਗਤ ਨਦੀ ਨੂੰ 'ਮਿਸਟਰੀ ਰਿਵਰ' ਕਿਹਾ ਜਾਂਦਾ ਹੈ। 19ਵੀਂ ਸਦੀ ਤੋਂ ਲੋਕ ਇਸ ਬਾਰੇ ਜਾਣਦੇ ਹਨ ਪਰ 1940 ਤੋਂ ਬਾਅਦ ਉੱਥੋਂ ਦੀ ਸਰਕਾਰ ਨੇ ਇਸ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ।

**5. ਲਾਬੂਚੇ ਨਦੀ, ਫਰਾਂਸ**

ਫਰਾਂਸ ਦੀ ਲੈਬੋਚੇ ਨਦੀ ਨੂੰ ਯੂਰਪ ਦੀ ਸਭ ਤੋਂ ਲੰਬੀ ਭੂਮੀਗਤ ਨਦੀ ਕਿਹਾ ਜਾਂਦਾ ਹੈ। ਇਹ ਨਦੀ ਪਹਿਲੀ ਵਾਰ 1906 ਵਿੱਚ ਖੋਜੀ ਗਈ ਸੀ। ਇਸ ਨਦੀ ਨੂੰ ਦੇਖਣ ਲਈ ਹਰ ਸਾਲ ਅਪ੍ਰੈਲ ਤੋਂ ਨਵੰਬਰ ਤੱਕ ਸੈਲਾਨੀ ਪਹੁੰਚਦੇ ਹਨ। ਇਸ ਨਦੀ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਾ ਸਕਦਾ ਹੈ।

# ਵਰਦਾਨੀ ਖੋਜਾਂ ਮਨੁੱਖਤਾ ਲਈ ਬਣੀਆਂ ਸਰਾਪ

## ਆਪਣੀਆਂ ਕੀਤੀਆਂ ਖੋਜਾਂ ’ਤੇ ਹੀ ਪਛਤਾਏ ਜਦੋਂ ਵਿਗਿਆਨੀ

ਕੋਈ ਵੀ ਕਾਢ ਜਾਂ ਖੋਜ਼ ਜਦੋਂ ਨਿਕਲਦੀ ਹੈ ਤਾਂ ਉਸਦੇ ਫਾਇਦੇ ਵੀ ਹੁੰਦੇ ਹਨ ਅਤੇ ਨੁਕਸਾਨ ਵੀ। ਇਸ ਵਿੱਚ ਵਿਗਿਆਨ ਦਾ ਕਸੂਰ ਨਹੀਂ ਹੁੰਦਾ, ਕੁਝ ਹੱਦ ਤਕ ਮਨੁੱਖ ਵੀ ਜ਼ਿੰਮੇਵਾਰ ਹੁੰਦਾ ਹੈ ਕਿ ਉਸਨੇ ਖੋਜ਼ ਨੂੰ ਵਿਨਾਸ਼ਕਾਰੀ ਪੱਖ ਵੱਲ ਮੋੜਨਾ ਹੈ ਜਾਂ ਉਸਾਰੂ ਪੱਖ ਵੱਲ। ਸਾਡੇ ਇਸ ਲੇਖ ਵਿੱਚ ਅਸੀਂ ਕੁਝ ਅਜਿਹੀਆਂ ਸ਼ਖਸ਼ੀਅਤਾਂ ਤੋਂ ਜਾਣੂੰ ਕਰਵਾ ਰਹੇ ਹਾਂ ਜਿਹਨਾਂ ਨੇ ਮਹੱਤਵਪੂਰਨ ਖੋਜ਼ਾਂ ਕੀਤੀਆਂ ਪਰ ਕਿਸੇ ਸਮੇਂ ’ਤੇ ਆ ਕੇ ਉਹਨਾਂ ਨੂੰ ਆਪਣੇ ਉਸ ਕੰਮ ’ਤੇ ਪਛਤਾਵਾ ਵੀ ਹੋਇਆ। ਸਭ ਤੋਂ ਪਹਿਲਾਂ ਗਲ ਕਰਾਂਗੇ ਆਰਥਰ ਗੈਲਸਟਨ ਦੀ।







ਆਰਥਰ ਗੈਲਸਟਨ ਨੇ ਕੁਝ ਕੀਟਨਾਸ਼ਕਾਂ ਦੀ ਖੋਜ਼ ਕੀਤੀ ਤਾਂ ਕਿ ਫ਼ਸਲਾਂ ਨੂੰ ਵਧੀਆ ਬਣਾਉਣ ਵਿੱਚ ਮਦਦ ਮਿਲ ਸਕੇ ਪਰ ਨਤੀਜਾ ਇਹ ਨਿੱਕਲਿਆ, ਕਿ ਵਾਤਾਵਰਣ ਨੂੰ ਬਹੁਤ ਜਿਆਦਾ ਨੁਕਸਾਨ ਪਹੁੰਚਾਇਆ ਗਿਆ। ਉਸਨੇ 2003 ਵਿੱਚ ਕਿਹਾ ਕਿ “ਤੁਸੀਂ ਸਾਰੇ ਜਾਣਦੇ ਹੋ, ਵਿਗਿਆਨ ਵਿੱਚ ਤੁਸੀਂ ਜੋ ਵੀ ਕਰਦੇ ਹੋ, ਉਸ ਦੇ ਨਤੀਜੇ ਮਨੁੱਖ ਜਾਤੀ ਦੇ ਲਈ ਸਾਰੇ ਲਾਭਦਾਇਕ ਹੋਣਗੇ, ਇਸਦੀ ਕੋਈ ਗਰੰਟੀ ਨਹੀਂ।” ਉਸਨੇ ਕਿਹਾ ਕਿ “ਚੰਗੇ ਜਾਂ ਮਾੜੇ ਪਾਸੇ ਵੱਲ ਖੋਜ਼ ਨੂੰ ਲੈ ਕੇ ਜਾਣਾ ਮਨੁੱਖ ਦੇ ਹੱਥ ਵਿੱਚ ਹੈ ਪਰ ਫਿਰ ਵੀ ਮੈਂ ਮਾਫੀ ਮੰਗਦਾ, ਮੈਂ ਮਹਿਸੂਸ ਕਰਦਾਂ ਕਿ ਮੈਂ ਇੱਕ ਕੀਟਨਾਸ਼ਕ ਦੇ ਰੂਪ ਦੇ ਵਿੱਚ ਰਾਖ਼ਸ਼ ਬਣਾਇਆ। ਜਿਸ ’ਤੇ ਮੈਨੂੰ ਪਛਤਾਵਾ ਹੈ।”

1992 ਦੇ ਵਿੱਚ ਜੌਨ ਸਿਲਵੇਨ ਨੇ ਸਿੰਗਲ ਯੂਜ ਕੱਪ ਬਣਾਏ, ਜਿਹਨਾਂ ਨੇ ਏਨੀ ਰਹਿੰਦ ਖ਼ੂੰਹਦ ਪੈਦਾ ਕੀਤੀ ਕਿ ਦੁਨੀਆਂ ਨੂੰ ਤਕਰੀਬਨ ਡੇਢ ਵਾਰੀ ਉਸ ਰਹਿੰਦ ਖ਼ੂੰਹਦ ਨਾਲ ਘੇਰਿਆ ਜਾ ਸਕਦਾ ਹੈ। ਉਸ ਨੇ ਹਾਲ ਹੀ ਵਿੱਚ ਕਿਹਾ ਕਿ ਮੈਨੂੰ ਕਦੇ ਕਦੇ ਬਹੁਤ ਬੁਰਾ ਲਗਦਾ ਹੈ ਕਿ ਮੈਂ ਅਜਿਹਾ ਕੀਤਾ ਹੈ। ਹੁਣ ਉਹ ਆਪਣੀ ਕੰਪਨੀ Zon Bak ਦੇ ਨਾਲ ਸੂਰਜੀ ਪੈਨਲ ਦੇ ਕਾਰੋਬਾਰ ਵਿੱਚ ਲੱਗਿਆ ਹੋਇਆ ਹੈ। ਉਸਨੇ ਆਪਣੀ ਭੁੱਲ ਤੋਂ ਸਿਖਿਆ ਲੈਂਦੇ ਹੋਏ 2020 ਦੇ ਵਿੱਚ ਕਿਉਰਿਗ ਗ੍ਰੀਨ ਮਾਉਂਟੇਨ ਨੇ ਰੀਸਾਇਕਲ ਕਰਨ ਯੋਗ “ਕੇਕੱਪ” ਬਣਾਉਣ ਦਾ ਕੰਮ ਸ਼ੁਰੂ ਕੀਤਾ।




**ਅੰਨਾ ਜਾਰਵਿਸ** : ਅੰਨਾ ਜਾਰਵਿਸ ਦੀ ਮਾਂ ਦੀ ਮੌਤ 1905 ਵਿੱਚ ਹੋਈ, ਉਸਦੀ ਮਾਂ ਦਾ ਚਰਚ ਦੇ ਵਿੱਚ ਯਾਦਗਾਰੀ ਸਮਾਗਮ ਸੀ, ਉਹ ਆਪਣੀ ਮਾਂ ਦੇ ਪਸੰਦੀਦਾ ਚਿੱਟੇ ਫੁੱਲ ਲੈ ਕੇ ਚਰਚ ਵਿੱਚ ਗਈ, ਫਲਾਵਰ ਇੰਡਸਟਰੀ ਨੇ ਇਹਨਾਂ ਚਿੱਟੇ ਰੰਗ ਦੇ ਫੁੱਲਾਂ ਨੂੰ ਕੈਸ਼ ਕੀਤਾ, ਇੱਕ ਇਸ ਤਰਾਂ ਟ੍ਰੈਂਡ ਸੈਟ ਕੀਤਾ ਗਿਆ ਕਿ ਜਿਉਂਦੀਆਂ ਮਾਵਾਂ ਦੇ ਲਈ ਲਾਲ ਫੁੱਲ ਅਤੇ ਮ੍ਰਿਤਕ ਮਾਵਾਂ ਲਈ ਚਿੱਟੇ ਫੁੱਲਾਂ ਦਾ ਟ੍ਰੈਂਡ ਸੈਟ ਕਰ ਦਿੱਤਾ। ਇਥੋਂ ਤਕ ਕਿ ਫਲਾਵਰ ਇੰਡਸਟਰੀ ਵਿੱਚ ਜਮਾਂ ਖੋਰੀ ਅਤੇ ਮੁਨਾਫ਼ਾ ਖੋਰੀ ਵੀ ਹੋਈ। ਬਾਅਦ ਦੇ ਵਿੱਚ 1920 ਦੇ ਵਿੱਚ ਜਾਰਵਿਸ ਨੇ ਕਿਹਾ ਕਿ ਮੈਂ ਆਪਣੀ ਭਾਵਨਾ ਦੇ ਨਾਲ ਚਿੱਟੇ ਫੁੱਲ ਲੈ ਕੇ ਚਰਚ ਵਿੱਚ ਪਹੁੰਚੀ ਸੀ ਪਰ ਫੁੱਲ ਵੇਚਣ ਵਾਲਿਆਂ ਨੇ ਇਸ ਨੂੰ ਹੋਰ ਹੀ ਰੰਗ ਦੇ ਦਿੱਤਾ। ਫੁੱਲ ਵੇਚਣ ਵਾਲਿਆਂ ਨੂੰ ਉਸ ਨੇ ਡਾਕੂ, ਸਮੁੰਦਰੀ ਡਾਕੂ ਅਤੇ ਇੱਥੋਂ ਤੱਕ ਕਿ ਦੀਮਕ ਵੀ ਕਿਹਾ ਕਿ ਜੋ ਆਪਣੇ ਲਾਲਚ ਲਈ ਕਿਸੇ ਦੀਆਂ ਭਾਵਨਾਂਵਾਂ ਨਾਲ ਵੀ ਖੇਡ ਸਕਦੇ ਹਨ। ਉਸ ਨੇ ਇਸ ਗੱਲ ’ਤੇ ਪਛਤਾਵਾ ਕੀਤਾ।

### ਪੌਪ ਅਪ ਵਿਗਿਆਪਨ

ਜ਼ੁਕਰਮੈਨ ਮੀਡੀਆ ਕਲੌਡ ਦਾ ਸਹਿ ਸੰਸਥਾਪਕ ਹੈ, ਉਹ ਸੈਂਕੜੇ ਅਖਬਾਰਾਂ ਅਤੇ ਹਜ਼ਾਰਾਂ ਵੈਬਸਾਈਟਾਂ ਨੂੰ ਵੈਬ ਤੇ ਬਲੌਗ ਕਰਦਾ ਹੈ। ਖੋਜ਼ ਕੀਤੀ ਹੋਈ ਡਾਟਾਬੇਸ ਵਿੱਚ ਜਾਣਕਾਰੀ ਨੂੰ ਆਰਕਾਈਵ ਕਰਦਾ ਹੈ ਤੇ ਟਰਾਈਪੌਪ ਡਾਟ ਕਾਮ ਵਿੱਚ ਇੱਕ ਵੈਬ ਹੋਸਟਿੰਗ ਐਂਡ ਐਂਟਰਪ੍ਰਾਈਜ਼ ਹੈ। ਪਿਛਲੇ ਸਾਲ ਈਥਨ ਜ਼ੁਕਰਮੈਨ ਨੇ ਇੰਟਰਨੈਟ ਦੇ ਡਿਫ਼ਾਲਟ ਬਿਜਨਸ ਮਾਡਲ ਦੇ ਤੌਰ ’ਤੇ ਵਿਗਿਆਪਨ ਦੀ ਚਰਚਾ ਕਰਦੇ ਹੋਏ ਇੱਕ ਲੇਖ ਲਿਖਿਆ, ਜਿਸ ਵਿੱਚ ਉਸਨੇ ਪੌਪ ਅਪ ਵਿਗਿਆਪਨ ਦੀ ਖੋਜ਼ ਉਤੇ ਲੋਕਾਂ ਕੋਲੋਂ ਮਾਫ਼ੀ ਮੰਗੀ ਤੇ ਕਿਹਾ ਕਿ ਕਈ ਵਾਰ ਇਹੀ ਵਿਗਿਆਪਨ ਮੇਰੇ ਕਾਰਨ ਲੋਕਾਂ ਨੂੰ ਸ਼ਰਮਿੰਦਾ ਕਰਦੇ ਰਹੇ।

### ਫਲੈਪੀ

ਫਲੈਪੀ ਇੱਕ ਗੇਮ ਹੈ, ਜੋ 2013 ਦੇ ਵਿੱਚ ਡੌਂਗ ਨਗੁਏਨ ਨੇ ਇਕ ਸਾਧਾਰਨ ਸਾਈਡ ਸਕਰੋਲਿੰਗ ਮੋਬਾਇਲ ਗੇਮ ਦੀ ਤਰਾਂ ਲਾਂਚ ਕੀਤੀ। ਇਹ ਗੇਮ 2014 ਦੇ ਵਿੱਚ ਬਹੁਤ ਹੀ ਜਿਆਦਾ ਲੋਕਾਂ ਦੇ ਵਿੱਚ ਪ੍ਰਚਲਿਤ ਹੋ ਗਈ। ਜਦੋਂ ਇਹ iOS ਐਪ ਸਟੋਰ ਵਿੱਚ ਸਭ ਤੋਂ ਵੱਧ ਡਾਊਨਲਾਊਡ ਕੀਤੀ ਜਾਣ ਵਾਲੀ ਮੁਫ਼ਤ ਗੇਮ ਬਣ ਗਈ ਤਾਂ 50 ਮਿਲੀਅਨ ਤੋਂ ਵੱਧ ਵਲੋਂ ਡਾਊਨਲਾਊਡ ਕੀਤੀ ਗਈ ਤਾਂ ਨਗੁਏਨ ਨੂੰ ਚਿੰਤਾ ਹੋਈ, ਉਸ ਨੂੰ ਮਹਿਸੂਸ ਹੋਇਆ ਕਿ ਮੈਂ ਬਹੁਤ ਸਾਰੇ ਲੋਕਾਂ ਨੂੰ ਗੇਮ ਦੇ ਰੂਪ ਵਿੱਚ ਨਸ਼ਈ ਬਣਾ ਦਿੱਤਾ ਹੈ। ਉਸ ਨੇ ਇਸ ਨੂੰ ਟਵਿੱਟਰ ਤੋਂ ਹਟਾਉਣ ਦਾ ਐਲਾਨ ਕੀਤਾ ਤੇ ਕਿਹਾ ਕਿ ਮੈਂ ਪਛਤਾਵਾ ਕਰਦਾ ਹਾਂ ਕਿ ਮੈਂ ਬਹੁਤ ਸਾਰੇ ਲੋਕਾਂ ਨੂੰ ਇਸ ਗੇਮ ਵਿੱਚ ਉਲਝਾ ਕੇ ਉਹਨਾਂ ਦਾ ਟਾਈਮ ਖ਼ਰਾਬ ਕੀਤਾ। ਹਾਲਾਕਿ ਇਹ ਗੇਮ ਐਮਾਜਨ ਫਾਇਰ ’ਤੇ ਵਾਪਸ ਆਈ ਸੀ ਪਰ ਹੋਰ ਕਿਸੇ ਵੀ ਪਲੇਟਫਾਰਮ ’ਤੇ ਜਾਰੀ ਨਹੀਂ ਕੀਤੀ ਗਈ।

### ਦਫ਼ਤਰਾਂ ਵਿੱਚ ਕੈਬਿਨ ਪਲਾਨਿੰਗ

1968 ਦੇ ਵਿੱਚ ਰਾਬਰਟ ਪ੍ਰੋਪਸਟ ਨੇ ਦਫ਼ਤਰਾਂ ਨੂੰ ਇੱਕ ਨਵਾਂ ਮੁਹਾਂਦਰਾ ਦੇਣ ਲਈ ਆਈਡੀਆ ਦਿੱਤਾ। ਜਿਸ ਦੇ ਅਨੁਸਾਰ ਉਸਨੇ ਕੈਬਿਨ ਬਣਾਉਣ ਦੀ ਸਲਾਹ ਦਿਤੀ। ਜਿਸਦੇ ਨਾ ਤਾਂ ਅਸਲ ਦਰਵਾਜ਼ੇ ਸਨ ਅਤੇ ਨਾ ਹੀ ਅਸਲ ਕੰਧ ਸਨ। ਉਸ ਦਾ ਇਹ ਵਿਚਾਰ ਇੱਕ ਵਧੀਆ ਵਿਚਾਰ ਦੀ ਤਰਾਂ ਸ਼ੁਰੂਆਤੀ ਦੌਰ ਵਿੱਚ ਲਿਆ ਗਿਆ ਪਰ 80 ਸਾਲ ਦੀ ਉਮਰ ਵਿੱਚ ਜਾ ਕੇ ਉਸ ਨੇ ਕਿਹਾ ਕਿ ਮੇਰੇ ਇਕ ਐਕਸ਼ਨ ਦੁਆਰਾ ਦਫ਼ਤਰ ਹੌਲੀ ਹੌਲੀ ਸੁੰਗੜਦੇ ਜਾ ਰਹੇ ਹਨ, ਇੱਥੋਂ ਤੱਕ ਕਿ ਇੱਕ ਡੱਬੇ ਦੀ ਤਰਾਂ ਬਣ ਗਏ ਹਨ। (ਬਾਕੀ ਸਫ਼ਾ 30 ’ਤੇ)

## ਅਜਬ-ਗਜ਼ਬ ਦੁਨੀਆਂ

# ਰਾਜਿਆਂ-ਮਹਾਰਾਜਿਆਂ ਦੇ ਅਜੀਬ ਸ਼ੌਕ

ਪੁਰਾਣੇ ਰਾਜਿਆਂ-ਮਹਾਰਾਜਿਆਂ ਬਾਰੇ ਕਈ ਦਿਲਚਸਪ ਗੱਲਾਂ ਅਕਸਰ ਸੁਣਨ ਨੂੰ ਮਿਲਦੀਆਂ ਹਨ। ਇਨ੍ਹਾਂ ਕਥਾਵਾਂ ਵਿੱਚ ਕਈ ਰਾਜਿਆਂ ਦੀ ਮਹਾਨਤਾ ਦੱਸੀ ਗਈ ਹੈ, ਉਥੇ ਹੀ ਕਈ ਰਾਜਿਆਂ ਦੇ ਜ਼ੁਲਮ ਬਾਰੇ ਸੁਣਨ ਨੂੰ ਮਿਲਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਵੱਖਰੀ ਸ਼ਖਸੀਅਤ ਬਾਰੇ ਵੀ ਦੱਸਿਆ ਗਿਆ ਹੈ। ਅੱਜ ਅਸੀਂ ਤੁਹਾਨੂੰ ਕੁਝ ਵਿਦੇਸ਼ੀ ਰਾਜਿਆਂ ਨਾਲ ਜੁੜੀਆਂ ਅਜਿਹੀਆਂ ਕਹਾਣੀਆਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਬਾਰੇ ਸੁਣ ਕੇ ਤੁਸੀਂ ਵੀ ਹੈਰਾਨ ਰਹਿ ਜਾਓਗੇ। ਇਸ ਤੋਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਪੁਰਾਣੇ ਰਾਜਿਆਂ ਨੂੰ ਕਿਸ ਤਰ੍ਹਾਂ ਦੇ ਸ਼ੌਕ ਸਨ।



1825 ਤੋਂ 1855 ਤੱਕ ਰੂਸ ਦੇ ਬਾਦਸ਼ਾਹ ਰਹੇ ਨਿਕੋਲਸ-1 ਬਾਰੇ ਗੱਲ ਕਰਦਿਆਂ ਕਿਹਾ ਜਾਂਦਾ ਹੈ ਕਿ ਉਹ ਸੁਭਾਅ ਦਾ ਬਹੁਤ ਸਾਦਾ ਸੀ। ਉਸ ਨੂੰ ਸ਼ਰਾਬ, ਸਿਗਰਟ, ਤੰਬਾਕੂ ਵਰਗੀ ਕੋਈ ਬੁਰੀ ਆਦਤ ਨਹੀਂ ਸੀ। ਉਸੇ ਸਮੇਂ, ਉਹ ਮਠਿਆਈਆਂ ਨੂੰ ਸਖ਼ਤ ਨਫ਼ਰਤ ਕਰਦਾ ਸੀ, ਜਦੋਂ ਕਿ ਉਹ ਖਾਣੇ ਦੇ ਨਾਲ ਅਚਾਰ ਨੂੰ ਪਿਆਰ ਕਰਦਾ ਸੀ. ਉਸਨੂੰ ਅਚਾਰ ਇੰਨਾ ਪਸੰਦ ਸੀ ਕਿ ਉਹ ਨਾਸ਼ਤੇ ਵਿੱਚ 5 ਅਚਾਰ ਚਾਹ, ਬਰੈੱਡ ਅਤੇ ਖੀਰੇ ਖਾਂਦੇ ਸਨ। ਇਸ ਦੇ ਨਾਲ ਹੀ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਭਾਵੇਂ ਉਹ ਰਾਤ ਦਾ ਖਾਣਾ ਨਾ ਵੀ ਖਾਵੇ ਪਰ ਉਹ ਖੀਰੇ ਦਾ ਅਚਾਰ ਜ਼ਰੂਰ ਖਾਂਦੇ ਸਨ।

ਪੀਟਰ-3 ਨੇ ਸਾਲ 1762 ਵਿੱਚ ਕੁਝ ਮਹੀਨਿਆਂ ਲਈ ਰੂਸ ’ਤੇ ਰਾਜ ਕੀਤਾ। ਇਸ ਤੋਂ ਬਾਅਦ ਸਾਰਾ ਕੰਮ ਆਪਣੀ ਪਤਨੀ ਕੈਥਰੀਨ ਦਿ ਗ੍ਰੇਟ ਨੂੰ ਸੌਂਪ ਦਿੱਤਾ ਗਿਆ। ਇਸ ਦੇ ਪਿੱਛੇ ਦਾ ਕਾਰਨ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਦਰਅਸਲ, ਇਹ ਕਿਹਾ ਜਾਂਦਾ ਹੈ ਕਿ ਪੀਟਰ 3 ਨੂੰ ਖਿਡੌਣਿਆਂ ਦਾ ਜਨੂੰਨ ਸੀ। ਪੀਟਰ ਨੂੰ ਬੱਚਿਆਂ ਦੇ ਖਿਡੌਣਿਆਂ ਅਤੇ ਗੁੱਡੀਆਂ ਨਾਲ ਖੇਡਣਾ ਪਸੰਦ ਸੀ।

ਕਿਹਾ ਜਾਂਦਾ ਹੈ ਕਿ ਇਹ ਪਾਗਲਪਨ ਇਸ ਹੱਦ ਤੱਕ ਸੀ ਕਿ ਇਕ ਵਾਰ ਇਕ ਚੂਹੇ ਨੇ ਉਸ ਦੀ ਗੁੱਡੀ ਦਾ ਸਿਰ ਵੱਢ ਦਿੱਤਾ, ਜਿਸ ਤੋਂ ਬਾਅਦ ਪੀਟਰ-3 ਨੇ ਚੂਹੇ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਇਨ੍ਹਾਂ ਹਰਕਤਾਂ ਕਾਰਨ ਸਾਰਾ ਕੰਮ ਉਸ ਦੀ ਪਤਨੀ ਨੂੰ ਸੌਂਪ ਦਿੱਤਾ ਗਿਆ।

ਜੇਕਰ ਅਸੀਂ ਓਟੋਮੈਨ ਸਾਮਰਾਜ ਦੇ ਸੁਲਤਾਨ ਇਬਰਾਹਿਮ-1 ਦੀ ਗੱਲ ਕਰੀਏ ਤਾਂ ਉਸ ਦਾ ਕ੍ਰੇਜ਼ ਹਰ ਕਿਸੇ ਤੋਂ ਵੱਖਰਾ ਸੀ। ਇਬਰਾਹਿਮ-1, 1600 ਦੇ ਸ਼ੁਰੂ ਵਿੱਚ ਓਟੋਮੈਨ ਸਾਮਰਾਜ ਦਾ ਸ਼ਾਸਕ ਸੀ। ਉਸ ਦਾ ਬਚਪਨ ਦੁਖਦਾਈ ਸੀ, ਇੱਕ ਖਿੜਕੀ ਰਹਿਤ ਕਮਰੇ ਵਿੱਚ ਸੀਮਤ ਰਿਹਾ, ਜਿਸ ਕਾਰਨ ਉਹ ਹਿੰਸਕ ਹੋ ਗਿਆ।

ਇਸੇ ਕਰਕੇ ਉਹ ਦੂਜਿਆਂ ਨੂੰ ਤਸੀਹੇ ਦੇਣਾ ਪਸੰਦ ਕਰਦਾ ਸੀ। ਇਸ ਦੇ ਨਾਲ ਹੀ ਅਜੀਬ ਗੱਲ ਇਹ ਹੈ ਕਿ ਉਸ ਨੂੰ ਮੋਟੀ ਔਰਤਾਂ ਨਾਲ ਪਿਆਰ ਸੀ ਅਤੇ ਇਸ ਪਿਆਰ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਦਰਅਸਲ, ਉਸਨੇ ਮੋਟੀਆਂ ਔਰਤਾਂ ਦਾ ਇੱਕ ਹਰਮ ਵੀ ਬਣਾਇਆ ਹੋਇਆ ਸੀ। ਉਸ ਦੇ 3 ਔਰਤਾਂ ਤੋਂ ਬੱਚੇ ਵੀ ਸਨ।

ਹੈਨਰੀ-8 ਨੇ 1509 ਤੋਂ 1547 ਤੱਕ ਇੰਗਲੈਂਡ ’ਤੇ ਰਾਜ ਕੀਤਾ। ਇਸ ਨਾਲ ਇਕ ਅਜੀਬ ਕਹਾਣੀ ਵੀ ਜੁੜੀ ਹੋਈ ਹੈ। ਜਿਵੇਂ ਹੀ ਹੈਨਰੀ-8 ਦੀ ਉਮਰ ਹੋ ਜਾਂਦੀ ਹੈ, ਉਸ ਨੂੰ ਇਹ ਪੂਰਵ-ਅਨੁਮਾਨ ਮਿਲਣ ਲੱਗ ਪੈਂਦਾ ਹੈ ਕਿ ਕੋਈ ਉਸਨੂੰ ਮਾਰਨਾ ਚਾਹੁੰਦਾ ਹੈ, ਜਿਸ ਨੇ ਉਸਨੂੰ ਪਾਗਲ ਬਣਾ ਦਿੱਤਾ ਹੈ। ਇਸ ਡਰ ਤੋਂ ਕਿ ਕੋਈ ਉਸ ਦੀਆਂ ਰੋਜ਼ਾਨਾ ਦੀਆਂ ਚੀਜ਼ਾਂ ਵਿੱਚ ਜ਼ਹਿਰ ਮਿਲਾ ਕੇ ਉਸ ਨੂੰ ਮਾਰ ਸਕਦਾ ਹੈ, ਉਹ ਆਪਣਾ ਬਿਸਤਰਾ-ਸਰਹਾਣਾ ਆਦਿ ਆਪਣੇ ਨੌਕਰਾਂ ਨੂੰ ਚੁੰਮਣ ਲਈ ਦੇ ਦਿੰਦਾ ਸੀ।

# ਧਰਤੀ ਦੇ ਹੇਠਾਂ ਵਗਦੀਆਂ ਹਨ ਦੁਨੀਆਂ ਦੀਆਂ 5 ਨਦੀਆਂ

ਕੁਦਰਤ ਦਾ ਰਹੱਸ ਕੋਈ ਨਹੀਂ ਪਾ ਸਕਦਾ, ਕੁਦਰਤ ਦੇ ਕਈ ਗੁੱਝੇ ਭੇਦ ਅਜੇ ਵੀ ਮਨੁੱਖ ਲਈ ਵੱਡਾ ਰਹੱਸ ਬਣੇ ਹੋਏ ਹਨ। ਇਸ ਦੁਨੀਆਂ ’ਚ ਬਹੁਤ ਕੁਝ ਅਜਿਹਾ ਹੈ, ਜੋ ਕਿ ਮਨੁੱਖ ਲਈ ਅਜੇ ਵੀ ਵੱਡੀ ਪਹੇਲੀ ਬਣਿਆ ਹੋਇਆ ਹੈ। ਦੁਨੀਆਂ ’ਚ ਨਦੀਆਂ ਦਾ ਬਹੁਤ ਮਹੱਤਵ ਹੈ। ਤੁਹਾਨੂੰ ਦੱਸ ਦੇਈਏ ਕਿ ਫਰਾਂਸੀਸੀ ਪ੍ਰੋਟੋ-ਹਿਸਟੀਰੀਆ ਮਾਈਕਲ ਡੈਨੀਨੋ ਨੇ ਸਰਸਵਤੀ ਨਦੀ ’ਤੇ ਇੱਕ ਖੋਜ ਅਧਿਐਨ ਕੀਤਾ ਹੈ, ਖੋਜ ਵਿੱਚ ਉਨ੍ਹਾਂ ਨੂੰ ਪਤਾ ਲੱਗਾ ਕਿ ਸਰਸਵਤੀ ਨਦੀ ਭੂ-ਵਿਗਿਆਨਕ ਤਬਦੀਲੀਆਂ ਕਾਰਨ ਅਲੋਪ ਹੋ ਗਈ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਸਰਸਵਤੀ ਨਦੀ ਅਜੇ ਵੀ ਧਰਤੀ ਹੇਠੋਂ ਵਗਦੀ ਹੈ। ਅੱਜ ਅਸੀਂ ਤੁਹਾਨੂੰ ਕੁਝ ਅਜਿਹੀਆਂ ਨਦੀਆਂ ਬਾਰੇ ਦੱਸ ਰਹੇ ਹਾਂ ਜੋ ਧਰਤੀ ਦੇ ਹੇਠਾਂ ਤੋਂ ਵਹਿ ਕੇ ਕਈ ਗੁਫਾਵਾਂ ’ਚੋਂ ਲੰਘਦੀਆਂ ਹਨ।



**1. ਰੀਓ ਕੈਮੂ ਨਦੀ, ਪੋਰਟੋ ਰੀਕੋ**
ਰੀਓ ਕੈਮੂ ਨਦੀ ਇਹ ਲਗਭਗ ਇੱਕ ਲੱਖ ਸਾਲ ਪੁਰਾਣੀ ਨਦੀ ਹੈ, ਜੋ ਕਈ ਗੁਫਾਵਾਂ ਵਿੱਚੋਂ ਲੰਘਦੀ ਹੈ। ਇਹ ਨਦੀ ਖਿੱਚ ਦਾ ਮੁੱਖ ਕੇਂਦਰ ਹੈ। ਤੁਹਾਨੂੰ ਦੱਸ ਦੇਈਏ ਕਿ ਪੋਰਟੋ ਰੀਕੋ ਦੀ ਰੀਓ ਕੈਮੂ ਨਦੀ ਨੂੰ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਭੂਮੀਗਤ ਨਦੀ ਕਿਹਾ ਜਾਂਦਾ ਹੈ।

**2. ਸੈਂਟਾ ਫੇ ਨਦੀ, ਫਲੋਰੀਡਾ**
ਸੈਂਟਾ ਫੇ ਨਦੀ ਉੱਤਰੀ ਫਲੋਰੀਡਾ, ਅਮਰੀਕਾ ਵਿੱਚ ਹੈ। ਇਸ ਨਦੀ ਦੀ ਲੰਬਾਈ ਲਗਭਗ 121 ਕਿਲੋਮੀਟਰ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਪੂਰੀ ਤਰ੍ਹਾਂ ਭੂਮੀਗਤ ਨਹੀਂ ਹੈ, ਪਰ ਇਹ 5 ਕਿਲੋਮੀਟਰ ਤੱਕ ਜ਼ਮੀਨ ਦੇ ਹੇਠਾਂ ਵਹਿੰਦਾ ਹੈ। ਇਹ ਨਦੀ ਓ ਲਾਨੋ ਸਟੇਟ ਪਾਰਕ ਵਿੱਚ ਇੱਕ ਸਿੰਕਹੋਲ ਵਿੱਚ ਡਿੱਗਦੀ ਹੈ ਅਤੇ ਇੱਥੋਂ ਇਹ ਨਦੀ ਜ਼ਮੀਨਦੋਜ਼ ਹੋ ਜਾਂਦੀ ਹੈ। ਇਸ ਤੋਂ ਬਾਅਦ 5 ਕਿਲੋਮੀਟਰ ਅੱਗੇ ਰਿਜ਼ਰਵਾਇਰ ਸਟੇਟ ਪਾਰਕ ਵਿੱਚ ਦਿਖਾਈ ਦਿੰਦਾ ਹੈ।

**3. ਪੋਰਟੋ ਪ੍ਰਿੰਸੇਸਾ ਨਦੀ, ਫਿਲੀਪੀਨਜ਼**
ਪੋਰਟੋ ਪ੍ਰਿੰਸੇਸਾ ਨਦੀ ਦੱਖਣ-ਪੱਛਮੀ ਫਿਲੀਪੀਨਜ਼ ਵਿੱਚ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਨਦੀ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸਥਾਨਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਨਦੀ ਦੀ ਲੰਬਾਈ ਲਗਭਗ 5 ਮੀਲ ਹੈ। ਇਹ ਸੁੰਦਰ ਨਦੀ ਭੂਮੀਗਤ ਗੁਫਾਵਾਂ ਵਿੱਚੋਂ ਦੀ ਲੰਘਦੀ ਹੈ ਅਤੇ ਸਮੁੰਦਰ ਵਿੱਚ ਮਿਲ ਜਾਂਦੀ ਹੈ। ਦੱਸ ਦੇਈਏ ਕਿ ਇੱਥੇ ਇੱਕ ਦਿਨ ਵਿੱਚ ਸਿਰਫ਼ 600 ਸੈਲਾਨੀਆਂ ਨੂੰ ਜਾਣ ਦੀ ਇਜਾਜ਼ਤ ਹੈ।

**4. ਰਹੱਸ ਨਦੀ, ਇੰਡੀਆਨਾ**
ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਦੇ ਇੰਡੀਆਨਾ ਵਿੱਚ ਇੱਕ ਭੂਮੀਗਤ ਨਦੀ ਵੀ ਹੈ। ਅਮਰੀਕਾ ਦੀ ਸਭ ਤੋਂ ਲੰਬੀ ਭੂਮੀਗਤ ਨਦੀ ਨੂੰ ‘ਮਿਸਟਰੀ ਰਿਵਰ’ ਕਿਹਾ ਜਾਂਦਾ ਹੈ। 19ਵੀਂ ਸਦੀ ਤੋਂ ਲੋਕ ਇਸ ਬਾਰੇ ਜਾਣਦੇ ਹਨ ਪਰ 1940 ਤੋਂ ਬਾਅਦ ਉੱਥੋਂ ਦੀ ਸਰਕਾਰ ਨੇ ਇਸ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ।

**5. ਲਾਬੂਚੇ ਨਦੀ, ਫਰਾਂਸ**
ਫਰਾਂਸ ਦੀ ਲੈਬੋਚੇ ਨਦੀ ਨੂੰ ਯੂਰਪ ਦੀ ਸਭ ਤੋਂ ਲੰਬੀ ਭੂਮੀਗਤ ਨਦੀ ਕਿਹਾ ਜਾਂਦਾ ਹੈ। ਇਹ ਨਦੀ ਪਹਿਲੀ ਵਾਰ 1906 ਵਿੱਚ ਖੋਜੀ ਗਈ ਸੀ। ਇਸ ਨਦੀ ਨੂੰ ਦੇਖਣ ਲਈ ਹਰ ਸਾਲ ਅਪ੍ਰੈਲ ਤੋਂ ਨਵੰਬਰ ਤੱਕ ਸੈਲਾਨੀ ਪਹੁੰਚਦੇ ਹਨ। ਇਸ ਨਦੀ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਾ ਸਕਦਾ ਹੈ।



# ਔਰਤਾਂ ਦੀ ਸੁਰੱਖਿਆ ਅਤੇ ਔਰਤਾਂ ਵਿਰੁੱਧ ਵਧ ਰਹੀ ਹਿੰਸਾ


ਗੁਰਮੀਤ ਸਿੰਘ ਪਲਾਹੀ
9815802070

ਦੁਨੀਆਂ ਭਰ ਵਿੱਚ ਔਰਤਾਂ ਨੂੰ ਦਿੱਤੇ ਹੱਕਾਂ 'ਚ ਲਗਭਗ ਸਮਾਨਤਾ ਹੈ। ਬਹੁਗਿਣਤੀ ਦੇਸ਼ਾਂ ਵਿੱਚ ਔਰਤਾਂ ਨੂੰ ਗੁਲਾਮੀ ਅਤੇ ਹਿੰਸਾ ਮੁਕਤੀ, ਸਿੱਖਿਆ, ਮਰਦਾਂ ਬਰਾਬਰ ਤਨਖ਼ਾਹ, ਮਾਲਕੀ ਦੇ ਹੱਕ, ਆਜ਼ਾਦੀ ਨਾਲ ਖਿਆਲ ਪ੍ਰਗਟ ਕਰਨ ਅਤੇ ਵੋਟ ਜਿਹੇ ਹੱਕ ਪ੍ਰਾਪਤ ਹਨ। ਭਾਰਤ ਵਿੱਚ ਵੀ ਔਰਤ ਨੂੰ ਸੰਵਿਧਾਨ ਦੀ ਧਾਰਾ 14 ਅਧੀਨ ਬਰਾਬਰੀ, ਧਾਰਾ 15(1) ਅਧੀਨ ਵਿਤਕਰੇ ਵਿਰੁੱਧ, ਧਾਰਾ 16 ਅਧੀਨ ਬਰਾਬਰ ਦੇ ਮੌਕੇ ਅਤੇ ਆਰਟੀਕਲ 39 (ਡੀ) ਅਤੇ ਧਾਰਾ 42 ਅਧੀਨ ਮਰਦਾਂ ਬਰਾਬਰ ਤਨਖ਼ਾਹ ਜਿਹੇ ਅਧਿਕਾਰ ਹਨ।

ਐਡੇ ਵੱਡੇ ਅਧਿਕਾਰ ਸੰਵਿਧਾਨ ਵਿੱਚ ਲਿਖੇ ਹੋਣ ਦੇ ਬਾਵਜੂਦ ਵੀ ਭਾਰਤ ਦੀਆਂ ਵੱਡੀ ਗਿਣਤੀ ਔਰਤਾਂ, ਬੀਬੀਆਂ, ਘਰੇਲੂ ਹਿੰਸਾ ਦੀ ਮਾਰ ਹੇਠ ਹਨ ਜਾਂ ਸ਼ਿਕਾਰ ਹਨ। ਜਿਸ ਨਾਲ ਉਹ ਡਿਪਰੇਸ਼ਨ(ਮਾਨਸਿਕ ਤਣਾਅ) ਅਤੇ ਆਤਮ ਹਤਿਆ ਵੱਲ ਵਧਦੀਆਂ ਹਨ। ਇਹ ਸਿੱਧੇ ਤੌਰ 'ਤੇ ਔਰਤਾਂ ਦਾ ਕਤਲ ਨਹੀਂ, ਪਰ ਸਵੈ-ਕਤਲ ਦਾ ਇੱਕ ਵੱਡਾ ਕਾਰਨ ਹੈ।

ਇਹੋ ਗੱਲ ਔਰਤਾਂ ਦੀ ਸਮਾਜ ਵਿੱਚ ਸੁਰੱਖਿਆ ਦੇ ਮਾਮਲੇ 'ਤੇ ਹੈ, ਜਿਥੇ ਘਰ ਵਿੱਚ ਅਤੇ ਘਰੋਂ ਬਾਹਰ ਨਿਕਲਦਿਆਂ, ਉਹ ਡਰ, ਅਸੁਰੱਖਿਆ ਨਾਲ ਸੜਕ 'ਤੇ, ਕੰਮ ਵਾਲੀਆਂ ਥਾਂਵਾਂ 'ਤੇ, ਕਾਲਜਾਂ, ਸਕੂਲਾਂ, ਯੂਨੀਵਰਸਿਟੀਆਂ ਅਤੇ ਹੋਰ ਸਿੱਖਿਆ ਸੰਸਥਾਵਾਂ 'ਚ ਵਿਚਰਦੀਆਂ ਹਨ ਅਤੇ ਆਜ਼ਾਦ ਵਿਚਰਨ ਦੀ ਥਾਂ ਕਿਸੇ ਆਸਰੇ ਦੀ ਭਾਲ 'ਚ ਰਹਿੰਦੀਆਂ ਹਨ ਅਤੇ ਕਈ ਹਾਲਾਤਾਂ 'ਚ ਇਹੋ 'ਆਸਰੇ' ਉਹਨਾਂ ਦੀ ਅਸੁਰੱਖਿਆ ਅਤੇ ਤਬਾਹੀ ਦਾ ਕਾਰਨ ਬਣ ਜਾਂਦੇ ਹਨ।

ਕੀ ਘਰੋਂ ਦੁਕਾਨ 'ਤੇ ਇਕੱਲੀ ਨਿਕਲੀ ਔਰਤ ਲੜਕੀ, ਖਰੀਦਦਾਰੀ ਕਰਨ ਵੇਲੇ ਸੁਰੱਖਿਅਤ ਹੈ? ਕੀ ਕਦੇ ਰਾਤ - ਬਰਾਤੇ ਉਸ ਨੂੰ ਇਕੱਲਿਆਂ ਸਫ਼ਰ ਕਰਨਾ ਪੈ ਜਾਵੇ ਤਾਂ ਉਹ ਸੁਰੱਖਿਅਤ ਹੈ? ਕੀ ਘਰ ਵਿੱਚ ਲੜਕੀ ਇਕੱਲੀ ਸੁਰੱਖਿਅਤ ਹੈ, ਭਾਵੇਂ ਉਹਦੇ ਆਲੇ-ਦੁਆਲੇ ਭਰਵੀਂ ਅਬਾਦੀ ਹੋਵੇ, ਆਪਣੇ ਰਿਸ਼ਤੇਦਾਰ ਹੋਣ। ਇਹੋ ਜਿਹੇ ਭਰਵੇਂ ਮਾਹੌਲ ਵਿੱਚ ਵੀ ਲੜਕੀ ਅਸੁਰੱਖਿਅਤ ਹੋ ਜਾਂਦੀ ਹੈ। ਕੀ ਬਸ, ਗੱਡੀ 'ਚ ਸਫ਼ਰ ਵੇਲੇ ਉਹ ਸੁਰੱਖਿਅਤ ਹੈ?



ਅਸਲ ਵਿੱਚ ਭਾਰਤ ਵਿੱਚ ਘਰ ਤੋਂ ਲੈ ਕੇ ਦਫ਼ਤਰ ਤੱਕ, ਪਬਲਿਕ ਥਾਂਵਾਂ ਉੱਤੇ, ਬੇਗਾਨਿਆਂ ਅਤੇ ਆਪਣਿਆਂ ਵਿੱਚ ਵੀ ਕਈ ਵੇਰ ਔਰਤ, ਲੜਕੀ ਸੁਰੱਖਿਅਤ ਨਹੀਂ। ਡਰ ਅਤੇ ਅਸੁਰੱਖਿਆ ਦੀ ਇਹ ਭਾਵਨਾ ਔਰਤ ਦੀ ਨਿੱਜੀ ਮਾਨਸਿਕ ਕਮਜ਼ੋਰੀ ਦਾ ਕਾਰਨ ਬਣਦੀ ਹੈ ਅਤੇ ਸਮਾਜ 'ਚ ਕਈ ਹਾਲਤਾਂ ਵਿੱਚ ਉਹਦੀ ਹੋਂਦ ਖੇਰੂ-ਖੇਰੂ ਹੁੰਦੀ ਜਾਪਦੀ ਹੈ।

ਭਾਰਤ 'ਚ ਔਰਤਾਂ ਵਿਰੁੱਧ ਪੰਜ ਅਪਰਾਧ, ਇੰਡੀਅਨ ਪੀਨਲ ਕੋਡ 'ਚ ਦਰਜ ਹਨ, ਜਿਹਨਾ 'ਚ ਬਲਾਤਕਾਰ ਸਭ ਤੋਂ ਵੱਡਾ ਹੈ। ਅਗਵਾ, ਦਾਜ ਪ੍ਰਤੀ ਜਬਰਦਸਤੀ, ਘਰੇਲੂ ਹਿੰਸਾ ਅਤੇ ਤਸ਼ੱਦਦ ਆਦਿ ਹੋਰ ਅਪਰਾਧ ਹਨ। ਇਹ ਅਪਰਾਧ ਵਧਦੇ ਜਾ ਰਹੇ ਹਨ ਅਤੇ ਔਰਤਾਂ 'ਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੇ ਹਨ। ਇਸ ਦਾ ਮੁੱਖ ਕਾਰਨ ਔਰਤਾਂ ਦੀ ਸੁਰੱਖਿਆ ਲਈ ਬਣੇ ਹੋਏ ਕਾਨੂੰਨ ਲਾਗੂ ਨਾ ਕਰਨਾ ਵੀ ਹੈ।

ਦਾਜ ਦਹੇਜ ਵਿਰੁੱਧ ਕਾਨੂੰਨ ਬਣੇ ਹੋਏ ਹਨ ਪਰ ਉਹ ਕਿੰਨੇ ਕੁ ਲਾਗੂ ਹੋ ਰਹੇ ਹਨ? ਬਲਾਤਕਾਰੀਆਂ ਨੂੰ ਕਿੰਨੀਆਂ ਕੁ ਸਜ਼ਾਵਾਂ ਹੋ ਰਹੀਆਂ ਹਨ? ਘਰੇਲੂ ਹਿੰਸਾ ਵਿਰੁੱਧ ਬਣੇ ਕਾਨੂੰਨ ਕਿਥੇ ਤੇ ਕਦੋਂ ਲਾਗੂ ਹੁੰਦੇ ਹਨ? ਭਾਰਤੀ ਸਮਾਜ 'ਚ ਬਣਤਰ ਹੀ ਕੁਝ ਇਹੋ ਜਿਹੀ ਹੈ ਕਿ ਮਰਦ ਦਾ ਹੈਂਕੜ ਪੁਣਾ, ਰੰਘੜਊਪੁਣਾ ਅਤੇ ਸਮਾਜ ਵਿਚਲਾ ਔਰਤ ਵਿਰੋਧੀ ਵਰਤਾਰਾ ਔਰਤਾਂ ਨੂੰ ਜੀਣ-ਥੀਣ ਲਈ ਸੌਖਿਆਂ ਸਾਹ ਹੀ ਨਹੀਂ ਲੈਣ ਦੇ ਰਿਹਾ। ਉਹਨਾਂ ਲਈ ਨਿੱਤ ਨਵੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਇਹ ਸਭ ਕੁਝ ਔਰਤਾਂ ਵਿਰੁੱਧ ਅਪਰਾਧਾਂ 'ਚ ਲਗਾਤਾਰ ਵੱਡਾ ਵਾਧਾ ਕਰ ਰਿਹਾ ਹੈ, ਬਾਵਜੂਦ ਇਸ ਗੱਲ ਦੇ ਵੀ ਕਿ ਲੜਕੀਆਂ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ, ਹਰ ਖੇਤਰ 'ਚ ਮੋਹਰੀ ਰੋਲ ਅਦਾ ਕਰਨ ਲੱਗੀਆਂ ਹਨ।

ਸਾਲ 2016 ਤੋਂ 2021 ਤੱਕ ਲਗਭਗ 22.8 ਲੱਖ ਔਰਤਾਂ ਵਿਰੁੱਧ ਅਪਰਾਧ ਭਾਰਤ ਵਿੱਚ ਸਰਕਾਰੀ ਰਿਕਾਰਡ 'ਚ ਦਰਜ ਹਨ। ਇਹਨਾਂ ਵਿਚੋਂ 7 ਲੱਖ, ਧਾਰਾ 498 ਏ ਆਰ ਫ਼, ਆਈ ਪੀ




ਸੀ ਅਧੀਨ ਹਨ। ਇਹ ਧਾਰਾ ਔਰਤ ਵੱਲੋਂ ਆਪਣੇ ਮਰਦ ਅਤੇ ਰਿਸ਼ਤੇਦਾਰਾਂ ਵੱਲੋਂ ਕੀਤੀ ਹਿੰਸਾ ਅਤੇ ਕੁੱਟਮਾਰ, ਨਫਰਤੀ ਵਰਤਾਰੇ ਸਬੰਧੀ ਹੈ।

ਰਾਸ਼ਟਰੀ ਕਰਾਈਮ ਰਿਕਾਰਡ ਬਿਊਰੋ ਅਨੁਸਾਰ 2021 ਵਿੱਚ ਦੇਸ਼ ਭਰ 'ਚ 6589 ਕੇਸ ਦਾਜ ਦਹੇਜ ਸਬੰਧੀ ਕਤਲ ਦੇ ਰਿਕਾਰਡ ਹੋਏ। ਨੈਸ਼ਨਲ ਕਮਿਸ਼ਨ ਫਾਰ ਵੂਮੈਨ ਅਨੁਸਾਰ 2021 ਨਾਲੋਂ 2022 'ਚ ਔਰਤਾਂ ਉੱਤੇ



ਅਤਿਆਚਾਰ ਦੀਆਂ ਘਟਨਾਵਾਂ 'ਚ 30 ਫੀਸਦੀ ਵਾਧਾ ਦਰਜ ਕੀਤਾ ਗਿਆ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ ਔਰਤਾਂ ਉੱਤੇ ਅਤਿਆਚਾਰ ਹਿੰਸਾ ਆਦਿ ਦੇ 2021 ਵਿੱਚ 4,28,278 ਕੇਸ ਦਰਜ਼ ਹੋਏ ਜੋ 2020 ਨਾਲੋਂ 56,775 ਵਧ ਸਨ। ਇਹਨਾਂ ਵਿੱਚ ਔਰਤਾਂ ਨੂੰ ਅਗਵਾ ਕਰਨ ਅਤੇ ਬਲਾਤਕਾਰ ਦੇ ਕੇਸ 20.8 ਫੀਸਦੀ ਸਨ ਅਤੇ ਮਰਦਾਂ ਵੱਲੋਂ ਔਰਤਾਂ ਉੱਤੇ ਘਰੇਲੂ ਹਿੰਸਾ ਦੇ 31.8 ਫੀਸਦੀ ਘਰੇਲੂ ਹਿੰਸਾ ਅਤੇ ਔਰਤਾਂ ਵਿਰੁੱਧ ਅਪਰਾਧ ਵਿਸ਼ਵ ਵਿਆਪੀ ਹਨ।

ਔਰਤਾਂ ਵਿਰੁੱਧ ਅਪਰਾਧ, ਹਿੰਸਾ ਅਤੇ ਅਸੁਰੱਖਿਆ ਦੀ ਭਾਵਨਾ ਵਧਦੀ ਹੀ ਜਾ ਰਹੀ ਹੈ। ਭਾਰਤ ਸਹਿਤ ਦੱਖਣੀ ਏਸ਼ੀਆਂ ਦੇ ਤਿੰਨ ਮੁਲਕਾਂ ਵਿੱਚ 1,95,000 ਪੁਰਸ਼ਾਂ ਨਾਲ ਰਹਿਣ ਵਾਲੀਆਂ ਔਰਤਾਂ 'ਤੇ ਕੀਤੇ ਇੱਕ ਸਰਵੇਖਣ ਅਨੁਸਾਰ ਹਿੰਸਾ ਦੀਆਂ ਘਟਨਾਵਾਂ 'ਚ ਵਾਧਾ ਹੋ ਰਿਹਾ ਹੈ। ਇਸ ਸਰਵੇਖਣ 'ਚ ਘਰੇਲੂ ਹਿੰਸਾ 'ਚ ਵਾਧੇ ਦਾ ਇੱਕ ਕਾਰਨ ਵਾਤਾਵਰਨ ਵਿੱਚ ਵਧ ਰਿਹਾ ਤਾਪਮਾਨ ਹੈ। ਜਿਸ ਅਨੁਸਾਰ ਇਕ ਡਿਗਰੀ ਤਾਪਮਾਨ ਦੇ ਵਧਣ ਨਾਲ 4.5 ਫੀਸਦੀ ਹਿੰਸਾ 'ਚ ਵਾਧਾ ਹੁੰਦਾ ਹੈ। ਅਨੁਮਾਨ ਇਹ ਵੀ ਇਸ ਸਰਵੇਖਣ ਵਿੱਚ ਲਗਾਇਆ ਗਿਆ ਹੈ ਕਿ ਭਾਰਤ, ਨੇਪਾਲ, ਪਾਕਿਸਤਾਨ 'ਚ ਪਰਿਵਾਰ ਹਿੰਸਾ 'ਚ ਇਸ ਸਦੀ ਦੇ ਅੰਤ ਤੱਕ 21.5 ਫੀਸਦੀ ਵਾਧਾ ਹੋਏਗਾ ਅਤੇ ਇਸ ਦਾ ਸ਼ਿਕਾਰ ਮਹਿਲਾਵਾਂ ਹੋਣਗੀਆਂ। ਪਰਿਵਾਰਕ ਹਿੰਸਾ ਵਿੱਚ ਸਰੀਰਕ ਹਿੰਸਾ, ਭਾਵਨਾਤਮਕ ਹਿੰਸਾ, ਯੋਨ ਹਿੰਸਾ ਸ਼ਾਮਲ ਹੈ। ਸਰਵੇ ਮੁਤਾਬਕ ਭਾਰਤ ਅਤੇ ਨੇਪਾਲ ਦੇਸ਼ਾਂ ਦੇ ਮੁਕਾਬਲੇ 2 ਫੀਸਦੀ ਵਾਧਾ ਔਰਤਾਂ ਵਿਰੁੱਧ ਅਪਰਾਧ 'ਚ ਹੋਏਗਾ।

ਸਰਕਾਰਾਂ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਲੜਕੀਆਂ ਅਤੇ ਮਹਿਲਾਵਾਂ ਦੇ ਨਾਲ ਹੋ ਰਹੇ ਅਪਰਾਧ ਘਟ ਕੀਤੇ ਜਾਣਗੇ, ਪਰੰਤੂ ਹਾਲਾਤ ਇਹ ਹਨ ਕਿ ਹਰ ਦਿਨ ਕਈ-ਕਈ ਬੱਚੀਆਂ ਅਤੇ ਮਹਿਲਾਵਾਂ ਗਾਇਬ ਹੋ ਰਹੀਆਂ ਹਨ। ਔਰਤਾਂ ਨਾਲ ਗਲਤ ਵਿਵਹਾਰ, ਬਲਾਤਕਾਰ ਆਦਿ ਦੀਆਂ ਮਨੀਪੁਰ ਵਿੱਚ ਜਿਸ ਕਿਸਮ ਦੀਆਂ ਘਟਨਾਵਾਂ ਦੀਆਂ ਖ਼ਬਰਾਂ ਆ ਰਹੀਆਂ ਹਨ, ਉਹ ਤਾਂ ਸ਼ਰਮਨਾਕ ਹਨ ਹੀ, ਪਰ ਦੇਸ਼ ਦੇ ਹੋਰ ਭਾਗਾਂ ਵਿੱਚ ਇਸ ਤੋਂ ਵੱਖਰੀ ਕਿਸਮ ਦੇ ਮਹਿਲਾਵਾਂ ਨਾਲ ਅਪਰਾਧ ਦਿਲ ਟੁੰਬਣ ਵਾਲੇ ਅਤੇ ਦਿਲ ਕੰਬਾਊ ਹਨ।

ਪਿਛਲੇ ਦਿਨੀ ਰਾਜ ਸਭਾ ਵਿੱਚ ਮਨਿਸਟਰ ਆਫ਼ ਸਟੇਟ ਫਾਰ ਹੋਮ ਅਫੇਅਰ ਅਜੈ ਕੁਮਾਰ ਮਿਸ਼ਰਾ ਨੇ ਪੂਰੇ ਦੇਸ਼ ਵਿੱਚ ਗਾਇਬ ਲੜਕੀਆਂ ਅਤੇ ਔਰਤਾਂ ਸਬੰਧੀ ਇਹ ਰਿਪੋਰਟ ਸਦਨ ਵਿੱਚ ਰੱਖੀ ਹੈ।

2019 ਤੋਂ 2021 ਦੌਰਾਨ ਹੋਈਆਂ ਅਪਰਾਧਿਕ ਘਟਨਾਵਾਂ ਦੇ ਮਾਮਲੇ ਇਸ ਵਿੱਚ ਦਰਜ ਹਨ। ਦਿੱਲੀ, ਜੰਮੂ ਕਸ਼ਮੀਰ, ਚੰਡੀਗੜ੍ਹ ਵਿੱਚ ਗਾਇਬ ਔਰਤਾਂ ਦੇ ਕੇਸ ਸਭ ਤੋਂ ਵੱਧ ਹਨ। 2019 ਤੋਂ 2021 ਤੱਕ ਤਿੰਨ ਸਾਲਾਂ ਵਿੱਚ 18 ਸਾਲਾਂ ਤੋਂ ਘੱਟ ਉਮਰ ਦੀਆਂ 22,919 ਬੱਚੀਆਂ ਅਤੇ 18 ਸਾਲ ਤੋਂ ਜਿਆਦਾ ਉਮਰ ਦੀਆਂ 61,050 ਔਰਤਾਂ ਗਾਇਬ ਹੋਈਆਂ ਜਦਕਿ ਜੰਮੂ ਕਸ਼ਮੀਰ 'ਚ ਇਹ ਗਿਣਤੀ 18 ਸਾਲ ਤੋਂ ਘੱਟ ਲੜਕੀਆਂ ਦੀ 1,148 ਅਤੇ 18 ਸਾਲ ਤੋਂ ਵੱਧ ਦੀ 8,617 ਸੀ। ਚੰਡੀਗੜ੍ਹ 'ਚ ਗਾਇਬ ਹੋਣ ਵਾਲੀਆਂ 18 ਸਾਲ ਤੋਂ ਘੱਟ ਬੱਚੀਆਂ 921 ਸਨ ਅਤੇ ਜਦਕਿ 18 ਸਾਲ ਤੋਂ ਵਧ ਉਮਰ ਦੀਆਂ ਮਹਿਲਾਵਾਂ 3,669 ਸਨ। ਪੰਜਾਬ ਵਾਲੀ ਰਿਪੋਰਟ ਵੀ ਚਿੰਤਾਜਨਕ ਹੈ ਜਿਥੇ ਹਰ ਰੋਜ਼ 2019 ਤੋਂ 2021 ਦੌਰਾਨ 11 ਤੋਂ 15 ਔਰਤਾਂ ਗਾਇਬ ਹੋਈਆਂ ਭਾਵ 18,908 ਔਰਤਾਂ ਗਾਇਬ ਹੋਈਆਂ ਹਨ।

ਰਿਪੋਰਟ ਵੇਖਣ 'ਤੇ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤ ਦੇ ਰੂੜੀਵਾਦੀ ਸਮਾਜ ਵਿੱਚ ਮਹਿਲਾਵਾਂ ਨਾਲ ਨਾ ਬਰਾਬਰ ਦਾ ਸਲੂਕ ਹੁੰਦਾ ਹੈ ਅਤੇ ਨਾ ਹੀ ਉਹਨਾਂ ਨੂੰ ਬਣਦੇ ਹੱਕ ਦਿੱਤੇ ਜਾਂਦੇ ਹਨ। ਘਰਾਂ ਵਿੱਚ ਮਹਿਲਾਵਾਂ ਉੱਤੇ ਕੁੱਟਮਾਰ ਦੀਆਂ ਘਟਨਾਵਾਂ ਆਮ ਵੇਖਣ ਨੂੰ ਮਿਲਦੀਆਂ ਹਨ ਅਤੇ ਉਹ ਮਰਦਾਂ ਦੀ ਰੰਘਰਊ ਸੋਚ ਦਾ ਸ਼ਿਕਾਰ ਹੁੰਦੀਆਂ ਹਨ।

ਮਹਿਲਾਵਾਂ ਦੇ ਦੇਹ ਵਪਾਰ ਦੀਆਂ ਘਟਨਾਵਾਂ ਸੁਰਖੀਆਂ 'ਚ ਰਹਿੰਦੀਆਂ ਹਨ। ਵੱਡੇ ਸ਼ਹਿਰਾਂ ਦੇ ਹੋਟਲਾਂ ਅਤੇ ਕੁਝ ਇੱਕ ਵਿਸ਼ੇਸ਼ ਥਾਂਵਾਂ ਉੱਤੇ ਉਹਨਾਂ ਦੀ ਦੇਹ ਵੇਚਣ ਦਾ ਧੰਦਾ ਸ਼ਰੇਆਮ ਹੁੰਦਾ ਹੈ। ਇਵੇਂ ਜਾਪਦਾ ਹੈ ਜਿਵੇਂ ਔਰਤਾਂ ਦੇ ਸਰੀਰ ਨੂੰ ਇੱਕ ਵਸਤੂ ਸਮਝ ਕੇ ਸਮਾਜ ਦੇ ਭੈੜੀ ਸੋਚ ਵਾਲੇ ਦਰਿੰਦੇ ਵਪਾਰ ਕਰਦੇ ਹਨ, ਕਾਲੀ ਕਮਾਈ ਕਰਦੇ ਹਨ। ਇਸੇ ਤਹਿਤ ਹੀ ਵੱਡੇ ਸ਼ਹਿਰਾਂ 'ਚ ਕੰਮ ਕਰਨ ਵਾਲੇ ਦੇਹ ਵਪਾਰੀ ਪਿੰਡਾਂ, ਛੋਟੇ ਸ਼ਹਿਰਾਂ 'ਚੋਂ ਬੱਚੀਆਂ ਨੂੰ ਵਰਗਲਾਕੇ ਲੈ ਜਾਂਦੇ ਹਨ ਅਤੇ ਇਹਨਾ ਸ਼ਹਿਰਾਂ 'ਚ ਚਲ ਰਹੇ ਕੋਠਿਆਂ 'ਚ ਉਹਨਾਂ ਨੂੰ ਵੇਚਦੇ ਹਨ।

ਦੇਸ਼ ਵਿੱਚ ਔਰਤਾਂ ਨਾਲ ਹੁੰਦੇ ਵਿਭਚਾਰ, ਬਲਾਤਕਾਰ, ਅਪਰਾਧਾਂ ਸਬੰਧੀ ਰਿਪੋਰਟ ਤਾਂ ਦਰਦਨਾਕ ਹੈ ਹੀ, ਪਰ ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਉੱਤੇ ਉਹਨਾਂ ਨਾਲ ਹੋ ਰਹੇ ਦੁਪਰਿਆਰੇ ਸਲੂਕ ਅਤੇ ਅਪਰਾਧਾਂ ਦੀ ਰਿਪੋਰਟ ਬਹੁਤ ਸ਼ਰਮਨਾਕ ਹੈ। ਔਰਤਾਂ, ਬੱਚੀਆਂ ਨੂੰ ਜਿਸ ਸਤਿਕਾਰ ਨਾਲ ਪੰਜਾਬ ਵਿੱਚ ਵੇਖਿਆ ਜਾਂਦਾ ਹੈ ਅਤੇ ਗੁਰੂ ਸਾਹਿਬਾਨ ਵੱਲੋਂ 'ਸੋ ਕਿਉਂ ਮੰਦਾ ਆਖੀਐ, ਜਿਤੁ ਜੰਮੇ ਰਾਜਾਨ' ਦਾ ਫੁਰਮਾਨ ਹੈ, ਉਥੇ ਔਰਤਾਂ ਦੀ ਇਹ ਦਸ਼ਾ ਦਰਦਨਾਕ ਹੈ। ਕੀ ਨਿੱਤ 15-18 ਮਹਿਲਾਵਾਂ ਦਾ ਪੰਜਾਬ 'ਚੋਂ ਗਾਇਬ ਹੋਣਾ ਸ਼ਰਮਨਾਕ ਨਹੀਂ? ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਜਿਥੇ ਲੋਕਾਂ ਤੋਂ ਵਧੇਰੇ ਨੈਤਿਕ ਕਦਰਾਂ ਕੀਮਤਾਂ ਦੀ ਤਵੱਜੋ ਕੀਤੀ ਜਾਂਦੀ ਹੈ, ਉਥੇ ਔਰਤਾਂ ਦੀ ਵੱਡੀ ਗਿਣਤੀ ਦਾ ਅਗਵਾ ਤੇ ਗਾਇਬ ਹੋਣਾ ਕੀ ਸਭਿਅਕ ਸ਼ਹਿਰ ਦੇ ਮੱਥੇ ਉੱਤੇ ਕਲੰਕ ਨਹੀਂ ਹੈ?

ਵੈਸੇ ਤਾ ਦੇਸ਼ ਭਾਰਤ ਸਭਿਆਕ ਹੋਣ ਦਾ ਦਾਅਵਾ ਕਰਦਾ ਹੈ, ਵਿਸ਼ਵ ਗੁਰੂ ਬਨਣ ਦੇ ਸੁਪਨੇ ਲੈਂਦਾ ਹੈ, ਪਰ ਭਾਰਤੀ ਸਮਾਜ ਵਿੱਚ ਛੂਆ- ਛੂਤ ਸਿਰੇ ਦੀ ਹੈ। ਅਛੂਤ ਸਮਝਕੇ ਕੁਝ ਮੰਦਰਾਂ 'ਚ ਉਹਨਾਂ ਦਾ ਦਾਖ਼ਲਾ ਨਹੀਂ ਹੋਣ ਦਿੱਤਾ ਜਾਂਦਾ। ਔਰਤਾਂ ਨੂੰ ਤਾਂ ਕੁਝ ਧਾਰਮਿਕ ਸਥਾਨਾਂ ਉੱਤੇ ਅੰਦਰ ਜਾਕੇ ਦਰਸ਼ਨ ਕਰਨ ਦੀ ਮਨਾਹੀ ਹੈ।

ਔਰਤ ਨੂੰ ਪੈਰ ਦੀ ਜੁਤੀ ਸਮਝਣ ਦਾ ਵਰਤਾਰਾ ਦੇਸ਼ ਦੇ ਕਈ ਭਾਗਾਂ 'ਚ ਹੈ। ਇਸ ਵਰਤਾਰੇ ਵਿਚੋਂ ਹੀ ਔਰਤਾਂ ਉੱਤੇ ਤਸ਼ੱਦਦ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਉਹਨਾਂ ਉੱਤੇ ਜ਼ੁਲਮ ਹੁੰਦੇ ਹਨ। ਵੈਸੇ ਵੀ ਧਰਮ ਦੇ ਨਾਮ ਉੱਤੇ, ਦੇਸ਼ਾਂ ਦੇ ਨਾਮ ਉੱਤੇ ਜਦੋਂ ਜੰਗਾਂ ਹੁੰਦੀਆਂ ਹਨ, ਨਫ਼ਰਤੀ ਅੱਗ ਫੈਲਦੀ ਹੈ, ਉਦੋਂ ਵੀ ਔਰਤਾਂ ਸਭ ਤੋਂ

(ਬਾਕੀ ਸਫ਼ਾ 31 'ਤੇ)

# ਪੰਜਾਬੀ ਗੀਤਾਂ ਵਿੱਚ ਸਤਿਗੁਰੂ ਬਾਬੇ ਨਾਨਕ ਦੀ ਵਡਿਆਈ



ਰਜਿੰਦਰ ਕੌਰ
ਜੰਡਿਆਲਾ ਗੁਰੂ

ਪੰਜਾਬੀ ਬੋਲੀ ਨੂੰ ਸਰੋਦੀਪਨ ਦੀ ਗੁੜ੍ਹਤੀ ਸੂਫੀ ਪੀਰਾਂ, ਫ਼ਕੀਰਾਂ, ਭਗਤਾਂ, ਗੁਰੂ ਸਾਹਿਬਾਨ ਤੋਂ ਮਿਲੀ। ਪੰਜਾਬ ਵਿੱਚ ਸਮੇਂ-ਸਮੇਂ 'ਤੇ ਉੱਠਦੀਆਂ 'ਲਹਿਰਾਂ' ਨੇ ਆਪਣਾ ਇੱਕ ਵੱਖਰਾ ਕਾਵਿ ਸਿਰਜਿਆ। ਜਿਹੜਾ ਆਮ ਲੋਕਾਂ ਰਾਹੀਂ ਗਾਇਆ ਤੇ ਸਲਾਹਿਆ ਤਾਂ ਗਿਆ ਹੀ, ਚੇਤਿਆਂ ਵਿੱਚ ਵੀ ਸੰਭਾਲਿਆ ਗਿਆ।ਪੰਜਾਬੀ ਗੀਤ-ਸੰਗੀਤ ਜਗਤ ਦੇ ਕਈ ਦੌਰ ਬਦਲੇ ਪਰ ਇਕ ਗੱਲ ਜਿਹੜੀ ਸਾਂਝੀ ਰਹੀ, ਉਹ ਇਹ ਕਿ ਹੋਰ ਗੀਤਾਂ ਦੇ ਚਲਦਿਆਂ ਧਾਰਮਿਕ ਗੀਤ ਜ਼ਰੂਰ ਲਿਖੇ ਤੇ ਗਾਏ ਜਾਂਦੇ ਰਹੇ ਹਨ। ਹੁਣ ਤੱਕ ਦੇ ਧਾਰਮਿਕ ਗਾਣਿਆਂ ਵਿੱਚੋਂ ਬਾਬਾ ਨਾਨਕ ਜੀ ਤੇ ਨਨਕਾਣਾ ਸਾਹਿਬ ਕੇਂਦਰ ਵਿੱਚ ਰਹੇ ਹਨ। ਬਾਬਾ ਨਾਨਕ ਜੀ ਦੀ ਸ਼ਖਸ਼ੀਅਤ ਤੇ ਨਨਕਾਣਾ ਸਾਹਿਬ ਦੂਰ ਹੋਣ ਦੇ ਦਰਦ ਨੂੰ ਗੀਤਾਂ ਦੇ ਵਿਸ਼ੇ ਵਜੋਂ ਮੁੱਖ ਥਾਂ ਮਿਲਦੀ ਰਹੀ ਹੈ। ਇਸੇ ਪ੍ਰਕਾਰ ਦੇ ਗੀਤ ਕੁਝ ਇਸ ਤਰ੍ਹਾਂ ਹਨ ;

1. ਸਤਿਗੁਰ ਨਾਨਕ ਆਜਾ - ਲਾਲ ਚੰਦ ਯਮਲਾ ਜੱਟ
2. ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ - ਲਾਲ ਚੰਦ ਯਮਲਾ ਜੱਟ
3. ਅੰਬਾਂ ਵਾਲੀ ਕੋਠੜੀ ਅਨਾਰਾਂ ਵਾਲਾ ਵਿਹੜਾ, ਬਾਬੇ ਨਾਨਕ ਦਾ ਘਰ ਕਿਹੜਾ - ਫਿਲਮ 'ਗੁਰੂ ਮਾਨਿਓ ਗ੍ਰੰਥ' (1977)
5. ਸਿੱਠਣੀਆਂ ਗੁਰੂ ਨਾਨਕ ਦੇਵ ਜੀ - ਸੁਰਿੰਦਰ ਕੌਰ, ਪ੍ਰਕਾਸ਼ ਕੌਰ
6. ਉੱਚਾ ਦਰ ਬਾਬੇ ਨਾਨਕ ਦਾ - ਫਿਲਮ ਉੱਚਾ ਦਰ ਬਾਬੇ ਨਾਨਕ ਦਾ
7. ਨਾਨਕ ਵੀਰਾ ਤੈਨੂੰ ਘੋੜੀ ਚੜ੍ਹੇਨੀਆਂ - ਬੀਬੀ ਰਣਜੀਤ ਕੌਰ
8. ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ -ਅਮਰ ਸਿੰਘ ਚਮਕੀਲਾ
9. ਨਹੀਂ ਭੁੱਲਣਾ ਦੁੱਖ ਸੰਗਤਾਂ ਨੂੰ ਵਿਛੜੇ ਨਨਕਾਣੇ ਦਾ - ਮਨਮੋਹਨ ਵਾਰਿਸ
10. ਮੇਰੇ ਨੈਣ ਤਰਸਦੇ ਰਹਿੰਦੇ ਨੇ ਨਨਕਾਣਾ ਵੇਖਣ ਨੂੰ- ਸੁਰਜੀਤ ਭੁੱਲਰ
11. ਜੇ ਕੋਲ ਹੁੰਦਾ ਨਨਕਾਣਾ ਮੱਥਾ ਟੇਕਣ ਜਾਣਾ ਸੀ - ਮਿਸ ਪੂਜਾ, ਅਮਰ ਅਰਸ਼ੀ
12. ਸਾਨੂੰ ਨਨਕਾਣਾ ਉਹਨਾਂ ਨੂੰ ਕਦੋਂ ਹਰਿਮੰਦਰ ਸਾਹਿਬ ਦਿਖਾਵੇਂਗਾ- ਮਿਸ ਪੂਜਾ
13. ਇਕ ਬਾਬਾ ਨਾਨਕ ਸੀ - ਬੱਬੂ ਮਾਨ
14. ਗੁਰੂ ਨਾਨਕ ਦੇ ਖੇਤਾਂ 'ਚੋਂ ਬਰਕਤ ਨਹੀਂ ਜਾ ਸਕਦੀ - ਦਿਲਜੀਤ ਦੁਸਾਂਝ
15. ਭੈਣ ਨਾਨਕੀ ਦਾ ਵੀਰ ਤਨ ਮਨ ਦਾ ਫ਼ਕੀਰ
16. ਆਵੀਂ ਬਾਬਾ ਨਾਨਕਾ - ਰਵਿੰਦਰ ਗਰੇਵਾਲ
17. ਸਭਨਾ ਦੇ ਦਿਲ ਦੀ ਜਾਣਦਾ ਮੇਰਾ ਬਾਬਾ ਨਾਨਕ
18. ਐਵੇਂ ਨੀਂ ਦੁਨੀਆਂ ਪੂਜਦੀ ਬਾਬਾ ਤੇਰੀ ਤਸਵੀਰ ਨੂੰ - ਹਰਨੂਰ ਸਿੰਘ
19. ਮਸਤਾਨਾ ਜੋਗੀ - ਕੰਵਰ ਗਰੇਵਾਲ
20. ਆਰ ਨਾਨਕ ਪਾਰ ਨਾਨਕ - ਦਿਲਜੀਤ ਦੁਸਾਂਝ
21. ਭੈਣ ਨਾਨਕੀ ਕਹੇ ਵੀਰ ਦਾ ਨਾਨਕ ਰੱਖਣਾ ਨਾਂ - ਵੀਤ ਬਲਜੀਤ
22. ਬਲਿਓ ਚਿਰਾਗ - ਮਨਪ੍ਰੀਤ ਸਿੰਘ
23.ਸਿੱਧੀ ਬੱਸ ਨਨਕਾਣੇ ਨੂੰ - ਮਨਮੋਹਨ ਵਾਰਿਸ, ਕਮਲ ਹੀਰ, ਸੰਗਤਾਰ
24. ਚੇਲੇ ਫੜੀ ਰਬਾਬ- ਤਨਵੀਰ ਸੰਧੂ



ਕੁਝ ਪੰਜਾਬੀ ਗੀਤਾਂ ਵਿੱਚ ਬਾਬਾ ਨਾਨਕ ਜੀ ਦੀ ਸਖਸ਼ੀਅਤ ਨੂੰ ਵਡਿਆਉਣ ਦੇ ਨਾਲ-ਨਾਲ ਇੱਕ ਅਰਜ਼ ਇਹ ਕੀਤੀ ਜਾਂਦੀ ਹੈ ਕਿ ਬਾਬਾ ਤੂੰ ਮੁੜ ਇਸ ਧਰਤੀ 'ਤੇ ਫੇਰਾ ਪਾ। ਇਥੇ ਸਭ ਕੁਝ ਵਿਗੜ ਗਿਆ ਹੈ ਜਾਂ ਅਸੀਂ ਵਿਗਾੜ ਲਿਆ ਹੈ, ਤੂੰ ਆ ਤੇ ਆ ਕੇ ਸਭ ਕੁਝ ਠੀਕ ਕਰ ਜਾ।ਭਟਕੀ ਲੋਕਾਈ ਨੂੰ ਰਾਹ ਦਿਖਾ। ਇਹ ਅਰਜ਼ ਯਮਲੇ ਜੱਟ ਦੁਆਰਾ ਗਾਏ ਗੀਤ ਤੋਂ ਸ਼ੁਰੂ ਹੋ ਜਾਂਦੀ ਹੈ ;

ਸਤਿਗੁਰ ਨਾਨਕ ਆਜਾ ਸੰਗਤ ਰਹੀ ਪੁਕਾਰਦੀ
ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ

ਜਾਂ

ਭੁੱਲ ਭੁਲੇਖੇ ਮੁੜ ਕੇ ਫੇਰਾ ਪਾ ਜਾਵੀਂ
ਚਾਰੇ ਕੂਟ ਹਨ੍ਹੇਰਾ ਜੋਤ ਜਗਾ ਜਾਵੀਂ
ਬਾਣੀ ਦੀ ਥਾਂ ਫੈਸ਼ਨ ਚੜ੍ਹੀ ਖੁਮਾਰੀ ਏ
ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਹੈ

ਇਸੇ ਤਰ੍ਹਾਂ ਲੋਕ ਬੋਲੀ ਕਾਵਿ-ਰੂਪ ਤੋਂ ਉਸਾਰਿਆ ਗਿਆ ਗੀਤ 'ਆਵੀਂ ਬਾਬਾ ਨਾਨਕਾ ਤੂੰ ਆਵੀਂ ਬਾਬਾ ਨਾਨਕਾ / ਏਹੋ ਜਿਹੀਆਂ ਖੁਸ਼ੀਆਂ ਲਿਆਵੀਂ ਬਾਬਾ ਨਾਨਕਾ' ਰਵਿੰਦਰ ਗਰੇਵਾਲ ਦੁਆਰਾ ਵੀ ਗਾਇਆ ਗਿਆ।

ਵੱਖ-ਵੱਖ ਸਮਿਆਂ 'ਤੇ ਆਏ ਕੁਝ ਗੀਤਾਂ ਜਿਵੇਂ ਕਿ 'ਬਾਬੇ ਨਾਨਕ ਦਾ ਘਰ ਕਿਹੜਾ', 'ਉੱਚਾ ਦਰ ਬਾਬੇ ਨਾਨਕ ਦਾ', 'ਇਕ ਬਾਬਾ ਨਾਨਕ ਸੀ', 'ਭੈਣ ਨਾਨਕੀ ਦਾ ਵੀਰ ਤਨ ਮਨ ਦਾ ਫ਼ਕੀਰ, ਬਾਬਾ ਤੇਰੀ ਤਸਵੀਰ ਨੂੰ, ਮਸਤਾਨਾ ਜੋਗੀ, ਆਰ ਨਾਨਕ ਪਾਰ ਨਾਨਕ, ਬਲਿਓ ਚਰਾਗੁ, ਵਿੱਚ ਬਾਬੇ ਨਾਨਕ ਦੀ ਸਖਸ਼ੀਅਤ ਦੀ ਵਡਿਆਈ ਦੇ ਨਾਲ ਨਾਲ ਬਾਬਾ ਜੀ ਨਾਲ ਜੁੜੇ ਦਾਰਸ਼ਨਿਕ ਸਵਾਲਾਂ ਦੇ ਸਨਮੁੱਖ ਵੀ ਖੜੋਇਆ ਗਿਆ ਹੈ। ਇਹ ਗੀਤ ਗੁਰੂ ਨਾਨਕ ਜੀ ਦੇ ਜੀਵਨ ਨਾਲ ਸੰਬੰਧਤ ਸਾਖੀਆਂ ਤੇ ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹਨ।

ਜਿਥੇ ਨੂਰ ਵੱਸਦਾ ਜਿਥੇ ਪਿਆਰ ਵੱਸਦਾ
ਸੱਚੇ ਸੌਦਿਆਂ ਦਾ ਜਿਸ ਥਾਂ ਵਿਹਾਰ ਵੱਸਦਾ
ਉਥੇ ਸਮਝੋ ਕਿ ਆਪ ਕਰਤਾਰ ਵੱਸਦਾ
ਉਹੀਓ ਬਾਬੇ ਨਾਨਕ ਦਾ ਡੇਰਾ (ਫਿਲਮ, ਗੁਰੂ ਮਾਨਿਓ ਗ੍ਰੰਥ, 1977)

ਕਿਤੇ ਕਿਤੇ ਇਹਨਾਂ ਗੀਤਾਂ ਦੇ ਰਚਨਹਾਰੇ ਸ਼ਬਦਾਂ ਰਾਹੀਂ ਗੁਰੂ ਸਾਹਿਬ ਦੀ ਸਖਸ਼ੀਅਤ ਦੀ ਪਰਿਕਰਮਾ ਕਰਦਿਆਂ ਕਰਦਿਆਂ ਬ੍ਰਹਿਮੰਡੀ ਸੁਰਤ ਵਿੱਚ ਲੀਨ ਹੋ ਗਏ ਵੀ ਜਾਪਦੇ ਹਨ। ਅਜੋਕੇ ਦੌਰ ਵਿੱਚ ਸ਼ਬਦਾਂ ਦੀ ਚੋਣ ਪੱਖੋਂ ਗੁਰੂ ਸਾਹਿਬ ਬਾਰੇ ਹਰਮਨਜੀਤ ਦੁਆਰਾ ਲਿਖੇ ਗੀਤ 'ਆਰ ਨਾਨਕ ਪਾਰ ਨਾਨਕ' ਤੇ 'ਬਲਿਓ ਚਰਾਗੁ' ਵਿਸ਼ੇਸ਼ ਧਿਆਨ ਖਿੱਚਦੇ ਹਨ।

ਤੂੰ ਨੂਰ ਦਾ ਫੁਟਦਾ ਚਸ਼ਮਾ ਏਂ, ਤੂੰ ਰੌਸ਼ਨੀਆਂ ਦੀ ਰੇਖਾ ਏਂ
ਇਕ ਤੇਰਾ ਹੀ ਦਰਬਾਰ ਸੱਚਾ, ਬਾਕੀ ਸਭ ਭਰਮ ਭੁੱਲੇਖਾ ਏ
ਤੇਰਾ ਸ਼ਬਦ ਸੁਣਾਂ ਵੈਰਾਗ ਹੋਵੇ, ਤਨ ਮਨ ਬਦਲਣ ਵੇਗ ਬਾਬਾ
(ਆਰ ਨਾਨਕ ਪਾਰ ਨਾਨਕ)

ਜਾਂ

ਹਵਾਵਾਂ 'ਚ ਸੁੱਤਾ ਤੂੰ ਰੇਸ਼ਮ ਜਗਾਇਆ
ਉਣੀਂਦੇ ਥਲਾਂ ਨੂੰ ਗਲੇ ਲਾ ਸਵਾਇਆ
ਤੂੰ ਪਾਣੀ 'ਚ ਘੁਲ਼ ਕੇ ਮੈਦਾਨਾ 'ਚ ਆਇਆ
ਤੂੰ ਹਰਿਆ ਤੂੰ ਫਲਿਆ ਤੂੰ ਲਿਖਿਆ ਤੂੰ ਗਾਇਆ
(ਬਲਿਓ ਚਰਾਗੁ)

ਜਿਹੜੇ ਦੋ ਗੀਤਾਂ ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ ਉਹ ਹਨ ; 'ਸਿੱਠਣੀਆਂ ਗੁਰੂ ਨਾਨਕ ਦੇਵ ਜੀ' - ਸੁਰਿੰਦਰ ਕੌਰ, ਪ੍ਰਕਾਸ਼ ਕੌਰ
'ਨਾਨਕ ਵੀਰਾ ਤੈਨੂੰ ਘੋੜੀ ਚੜ੍ਹੇਨਿਆਂ' - ਬੀਬੀ ਰਣਜੀਤ ਕੌਰ

ਇਹ ਦੋਵੇਂ ਗੀਤ ਲੋਕ-ਕਾਵਿ ਦੀਆਂ ਵੰਨਗੀਆਂ ਹਨ। ਇਹ ਗੀਤ ਕਾਫੀ ਪੁਰਾਣੇ ਵੀ ਹਨ। 'ਸਿੱਠਣੀਆਂ ਗੁਰੂ ਨਾਨਕ ਦੇਵ ਜੀ' ਵਿਸ਼ਾ ਗੁਰੂ ਸਾਹਿਬ ਦੇ ਸਾਹੁਰਿਆਂ ਦਾ ਘਰ ਹੈ। ਜਿਥੇ ਗੁਰੂ ਸਾਹਿਬ ਦੀਆਂ ਸਾਲੀਆਂ ਵੱਲੋਂ ਗੁਰੂ ਸਾਹਿਬ ਦੇ ਬਚਪਨ ਤੋਂ ਵਿਆਹ ਤੱਕ ਦੇ ਜੀਵਨ ਬਿਰਤਾਂਤ 'ਚੋਂ ਹਵਾਲੇ ਲੈ ਕੇ ਗੁਰੂ ਸਾਹਿਬ ਨਾਲ ਹਾਸਾ ਮਖੌਲ ਕੀਤਾ ਜਾ ਰਿਹਾ ਹੈ ;

ਸਾਡੇ 'ਤੇ ਵਿਹੜੇ ਜੰਞ ਨਾਨਕ ਦੀ ਆਈ ਏ
ਅਸਾਂ 'ਤੇ ਸੁਣਿਆਂ ਮੁੰਡਾ ਰੂਪ ਇਲਾਹੀ ਏ
ਮੁੱਖ 'ਤੇ ਡਿੱਠਾ ਅਸਾਂ ਨਈਂ
ਮੁੱਖ 'ਤੇ ਡਿੱਠਾ ਅਸਾਂ ਨਈਂ , ਵੇ ਲਾੜਿਆ
ਸਿਹਰਾ ਹਟਾ ਕੇ ਜਰਾ ਬਈਂ...
ਪਾਂਧੇ ਨੂੰ ਸੁਣਿਆਂ ਮੁੰਡਾ ਆਇਆ ਪੜ੍ਹਾ ਕੇ
ਬਣ ਗਿਆ ਗੂੰਗਾ ਅੱਜ ਸਾਡੇ ਕੋਲ ਆ ਕੇ
ਗੱਲ ਕੋਈ ਆਉਂਦੀ ਨਈਂ...

ਲੋਕ-ਕਾਵਿ ਵੰਨਗੀ ਦਾ ਹੀ ਦੂਜਾ ਗੀਤ ' ਨਾਨਕ ਵੀਰਾ ਤੈਨੂੰ ਘੋੜੀ ਚੜ੍ਹੇਨੀਆਂ' ਵਿੱਚ ਵੀ ਬਾਬੇ ਨਾਨਕ ਦੇ ਵਿਆਹ ਦਾ ਹੀ ਦ੍ਰਿਸ਼ ਉਭਰਦਾ ਹੈ ਜਿਸ ਵਿੱਚ ਭੈਣ ਵੱਲੋਂ ਵੀਰ ਦੇ ਵਿਆਹ 'ਤੇ ਸ਼ਗਨ ਕੀਤੇ ਜਾ ਰਹੇ ਹਨ।

ਪੰਜਾਬੀ ਗੀਤਾਂ ਵਿੱਚ ਨਨਕਾਣਾ ਸਾਹਿਬ

ਜਿਵੇਂ ਕਿ ਪਹਿਲਾਂ ਗੱਲ ਕੀਤੀ ਜਾ ਚੁੱਕੀ ਹੈ ਕਿ ਜਿਥੇ ਪੰਜਾਬੀ ਗੀਤਾਂ ਵਿੱਚ ਬਾਬਾ ਨਾਨਕ ਜੀ ਕੇਂਦਰ ਵਿੱਚ ਹਨ ਉਥੇ ਨਨਕਾਣਾ ਸਾਹਿਬ ਜੀ ਦਾ ਸਿੱਖ ਸੰਗਤਾਂ ਤੋਂ ਦੂਰ ਹੋਣ ਦਾ ਦਰਦ ਵੀ ਕੇਂਦਰ ਵਿੱਚ ਹੈ। ਨਨਕਾਣਾ ਸਾਹਿਬ ਨੂੰ ਵਿਸ਼ੇ ਵਜੋਂ ਕਈ ਗੀਤਾਂ ਵਿੱਚ ਗਾਇਆ ਗਿਆ ਤੇ ਸੰਗਤਾਂ ਦੇ ਦਰਦ ਨੂੰ ਫਿਲਮਾਇਆ ਵੀ ਗਿਆ। ਇਹਨਾਂ ਗੀਤਾਂ ਵਿੱਚ ਜਿਥੇ ਬਟਵਾਰੇ ਦਾ ਦਰਦ ਲਿਖਿਆ ਜਾਂਦਾ ਹੈ ਉੱਥੇ ਨਾਲ ਹੀ ਕਰਤਾਰਪੁਰ ਤੱਕ ਜਾਣ ਦੇ ਰਾਹ ਸਦਾ ਖੁੱਲ੍ਹੇ ਰਹਿਣ ਦੀਆਂ ਅਰਦਾਸਾਂ ਕੀਤੀਆਂ ਜਾਂਦੀਆਂ ਹਨ।ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਵੱਲੋਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਵੀ ਇਸ ਸਥਾਨ 'ਤੇ ਹੀ ਸੌਂਪੀ ਗਈ ਸੀ, ਜਿਨ੍ਹਾਂ ਨੂੰ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਆਖ਼ਿਰ 'ਚ ਗੁਰੂ ਨਾਨਕ ਦੇਵ ਜੀ ਇਸੇ ਸਥਾਨ 'ਤੇ ਹੀ ਜੋਤੀ ਜੋਤਿ ਸਮਾਏ ਸਨ।

ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਦੁਆਰਾ ਰਚਿਤ ਪੁਸਤਕ 'ਸਿੱਖ ਇਤਿਹਾਸ' ਵਿੱਚ 'ਕਰਤਾਰਪੁਰ' ਸਬੰਧੀ ਜਾਣਕਾਰੀ ਹੇਠਾਂ ਦਿੱਤੇ ਅਨੁਸਾਰ ਦਰਜ ਹੈ:

ਪੰਨਾਂ 9 : ਹੁਣ ਗੁਰੂ ਜੀ ਨੇ ਪੰਜਾਬ ਤੋਂ ਬਾਹਰ ਇੱਕ ਹੋਰ ਲੰਮੀ ਉਦਾਸੀ ਤੇ ਜਾਣ ਦਾ ਵਿਚਾਰ ਬਣਾਇਆ ਪਰ ਜਾਣ ਤੋਂ ਪਹਿਲਾਂ ਉਹ ਆਪਣੇ ਪਰਿਵਾਰ ਲਈ, ਜਿਹੜਾ ਉਨ੍ਹਾਂ ਦੇ ਸਹੁਰੇ ਦੇ ਨਾਲ ਪਖੋਕੇ ਪਿੰਡ ਵਿੱਚ ਰਹਿ ਰਿਹਾ ਸੀ, ਇੱਕ ਘਰ ਦਾ ਪ੍ਰਬੰਧ ਕਰਨਾ ਚਾਹੁੰਦੇ ਸਨ। ਰਾਵੀ ਦਰਿਆ ਦੇ ਸੱਜੇ ਕੰਢੇ ਉੱਤੇ ਪਖੋਕੇ ਤੋਂ ਬਿਲਕੁਲ ਸਾਹਮਣੇ ਉਨ੍ਹਾਂ ਇੱਕ ਨਵੇਂ ਨਗਰ ਦੀ ਨੀਂਹ ਰਖੀ। ਇਹ ਥਾਂ ਉਨ੍ਹਾਂ ਦੇ ਇੱਕ ਲਾਹੌਰ ਨਿਵਾਸੀ ਚੇਲੇ ਕਰੋੜੀ ਨੇ ਭੇਟ ਕੀਤੀ ਸੀ। ਇਸ ਥਾਂ ਦਾ ਨਾਂ ਕਰਤਾਰਪੁਰ ਅਰਥਾਤ ਕਰਤਾਰ (ਵਾਹਿਗੁਰੂ) ਦਾ ਨਗਰ ਰਖਿਆ ਗਿਆ।ਕਰਤਾਰਪੁਰ ਸਾਹਿਬ ਪਾਕਿਸਤਾਨ ਵਿੱਚ ਹੈ ਅਤੇ ਦੋਵਾਂ ਮੁਲਕਾਂ ਨੇ ਨਾਨਕ ਨਾਮ ਲੇਵਾ ਦੀ ਸਹੂਲਤ ਲਈ ਭਾਰਤ ਦੇ ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਵਿਚਾਲੇ ਨਵੰਬਰ 2019 ਵਿੱਚ ਕੋਰੀਡੋਰ ਦਾ ਉਦਘਾਟਨ ਹੋਇਆ ਸੀ।

ਕੁਝ ਇੱਕ ਗੀਤ ਇਤਿਹਾਸਕ ਘਟਨਾਵਾਂ ਦਾ ਬਿਆਨ ਕਰਦੇ ਕਰਦੇ ਇਹ ਗੱਲ ਸਪੱਸ਼ਟ ਕਰਦੇ ਹਨ ਕਿ ਕਿਸੇ ਖਾਸ ਸਾਜਿਸ਼ ਅਧੀਨ ਹੀ ਬਹੁ-ਗਿਣਤੀ ਸਿੱਖ ਸੰਗਤਾਂ ਨੂੰ ਨਨਕਾਣਾ ਸਾਹਿਬ ਤੋਂ ਦੂਰ ਕੀਤਾ ਗਿਆ ਹੈ।

ਜਬਰ ਜੁਲਮ ਦੀ ਜਾਲਮਾਂ ਨੇ ਹੱਦ ਮੁਕਾਈ
ਹੋਏ ਪਿਆਸੇ ਖ਼ੂਨ ਦੇ ਬਈ ਭਾਈ ਭਾਈ
ਕੀਤੀ ਇਲਤ ਫਰੰਗੀਆਂ ਕੀ ਵਰਤਿਆ ਭਾਣਾ
ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ
(ਅਮਰ ਸਿੰਘ ਚਮਕੀਲਾ)

ਨਨਕਾਣਾ ਸਾਹਿਬ ਨਾਲ ਸੰਬੰਧਤ ਅਜਿਹੇ ਕਈ ਹੋਰ ਗੀਤ ਹਨ ਜਿਹੜੇ ਸਵਾਲ ਉਠਾਂਉਂਦੇ ਹਨ, ਅਰਦਾਸ ਕਰਦੇ ਹਨ, ਇਧਰਲੇ ਤੇ ਉਧਰਲੇ ਪੰਜਾਬ ਦੀ ਸੁੱਖ ਮੰਗਦੇ ਹਨ ;

ਜਿਥੇ ਬਾਬੇ ਜਨਮ ਲਿਆ ਉਹ ਕੈਸੀ ਥਾਂ ਹੋਣੀ
ਪੁੱਛੂਗਾ ਹਰ ਬੱਚਾ ਪੀੜ੍ਹੀ ਜਦੋਂ ਅਗਾਂਹ ਹੋਣੀ
ਕਹਿਣਾ ਪਊਗਾ ਰਸਤਾ ਏ ਬੰਦ ਓਸ ਟਿਕਾਣੇ ਦਾ
ਨਹੀਂ ਭੁੱਲਣਾ ਦੁੱਖ ਸੰਗਤਾਂ ਨੂੰ ਵਿਛੜੇ ਨਨਕਾਣੇ ਦਾ
(ਮਨਮੋਹਨ ਵਾਰਿਸ)

ਇਸ ਤੋਂ ਇਲਾਵਾ ਐਸੈ ਹੀ ਕੁਝ ਹੋਰ ਗੀਤ ਵੀ ਹਨ ;
'ਮੇਰੇ ਨੈਣ ਤਰਸਦੇ ਰਹਿੰਦੇ ਨੇ ਨਨਕਾਣ ਵੇਖਣ ਨੂੰ' - ਸੁਰਜੀਤ ਭੁੱਲਰ
'ਜੇ ਕੋਲ ਹੁੰਦਾ ਨਨਕਾਣਾ ਤਾਂ ਮੱਥਾ ਟਟਕਣ ਜਾਣਾ ਸੀ/ ਆਪ ਮਿਲਾਊ ਬਾਬਾ ਨਾਨਕ ਵਿਛੜੀਆਂ ਰੂਹਾਂ ਨੂੰ' - ਮਿਸ ਪੂਜਾ, ਅਮਰ ਅਰਸ਼ੀ

**(ਬਾਕੀ ਸਫ਼ਾ 30 'ਤੇ)**





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

9 ਅਗਸਤ 1922 'ਤੇ ਵਿਸ਼ੇਸ਼

# ਮੋਰਚਾ ਗੁਰੂ ਕਾ ਬਾਗ

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿੱਚ ਹਮੇਸ਼ਾ ਚਰਚਾ ਦਾ ਵਿਸ਼ਾ ਰਹੇ ਹਨ। ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿੱਚ ਇੱਕ ਸਮਾਜ ਸੁਧਾਰ ਲਹਿਰ ਹੈ, ਇੱਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ ਸੱਚ ਨਿਆਂ ਸਵੈ ਮਾਣ, ਸਵੈ ਰਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫ਼ੌਜੀ ਖ਼ਾਲਸਾ ਤਿਆਰ ਹੋਇਆ, ਜਿਸ ਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖ਼ਾਲਸਾ ਰਾਜ ਸਥਾਪਿਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਅ ਲਾਉਣ ਦੀ ਸਾਜਿਸ ਰਚਾ ਲਈ। ਜਿਸ ਵਿੱਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜਾ ਕਰਵਾ ਲਿਆ। ਜਿੰਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯੈਸੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿੱਚੋਂ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇੱਕ ਤੋਂ ਬਾਅਦ ਇੱਕ ਮੋਰਚਾ ਅੰਗਰੇਜੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ , ਤਰਨ ਤਾਰਨ, ਜੈਤੋ ਮੋਰਚਾ, ਗੁਰੂ ਕਾ ਬਾਗ ਮੋਰਚਾ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿੱਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲਿਆ।



ਇਹਨਾਂ ਮੋਰਚਿਆਂ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁੱਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ 'ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸਥਾਪਿਤ ਹਨ। ਇਹਨਾਂ ਗੁਰਧਾਮਾਂ ਦੇ ਨਾਉਂ ਕਾਫ਼ੀ ਜ਼ਮੀਨ ਸੀ, ਮਹੰਤ ਸੁੰਦਰ ਦਾਸ ਦਾ ਕਬਜਾ ਸੀ। ਜੋ ਇੱਕ ਦੁਰਾਚਾਰੀ ਅਤੇ ਅਯੈਸੀ ਸੀ। ਉਸ ਨੂੰ ਅੰਗਰੇਜਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਈ. ਨੂੰ ਵਾਪਰੇ ਨਨਕਾਣਾਂ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ. ਨੂੰ ਸਾਕਾ ਗੁਰੂ ਦਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹੋਂ ਬੋਲਦੀ ਤਸਵੀਰ ਹੈ।

ਇੱਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜ਼ੁਰਮਾਨਾ ਕਰ ਦਿੱਤਾ। ਇਸ ਘਟਨਾਂ ਦੇ ਨਾਲ ਹੀ ਮੋਰਚਾ 'ਗੁਰੂ ਕਾ ਬਾਗ' ਆਰੰਭ ਹੋਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁਰ ਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਿਆ, ਜਿਸ ਨੂੰ ਪੁਲਿਸ ਫੜ ਕੇ ਦੂਰ ਦੁਰਾਡੇ ਛੱਡ ਆਉਂਦੀ ਸੀ, ਜਦੋਂ ਗ੍ਰਿਫਤਾਰੀਆਂ ਦੀ ਗਿਣਤੀ ਵੱਧਦੀ ਗਈ, ਤਾਂ ਪੁਲਿਸ ਦੀ ਸਖਤੀ ਵੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ , ਘੁਕੇਵਾਲੀ, ਲਸਕਰੀ, ਨੰਗਲ, ਜਗਦੇਵ ਕਲਾਂ ਵਿੱਚ ਸਿੱਖਾਂ ਦਾ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁਟਮਾਰ ਹੋਈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਵਿੱਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧਰੂਅ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜਥਾ ਫਿਰ 100 ਦਾ ਜਥਾ ਭੇਜਿਆ ਜਾਣ ਲਗਿਆ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਹਨਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿੱਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਹਨਾਂ 'ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ 'ਤੇ ਹੰਡਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਂਸਲਾ ਕਰਕੇ ਫਿਰ ਉਠਦੇ , ਮਾਰ ਖਾਣ ਲਈ ਛਾਤੀਆ ਤਾਣ ਦਿੰਦੇ। ਪੁਲਿਸ ਨੇ ਡਾਗਾਂ ਨਾਲ ਹੀ ਬੱਸ ਨਹੀਂ ਕੀਤੀ, ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ 'ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿੱਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜੀ ਹਕੂਮਤ ਦੇ ਵਹਿਸ਼ੀਪੁਣੇ ਅਣਮਨੁੱਖੀ ਤਸ਼ਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿੱਚ ਜਨਤਾ ਅਤੇ ਨੇਤਾ ਗੁਰੂ ਕੇ ਬਾਗ ਪਹੁੰਚਣ ਲੱਗੇ, ਜਿਹਨਾਂ ਵਿੱਚ ਮਦਨ ਮੋਹਨ ਮਾਲਵੀਆ, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੂਨੀ ਚੰਦ, ਮਲਕ ਲਾਲ ਖਾਨ, ਸਯਦ ਅਤਾਉਲਾ ਸ਼ਾਹ, ਪ੍ਰੋਂ ਰੁੱਚੀ ਰਾਮ ਸਾਹਨੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦ, ਡਾ. ਅਨਸਾਰੀ, ਭਾਈ ਜੋਧ ਸਿੰਘ, ਸੀ.ਐਫ. ਐਨਡਰੀਊ, ਸ਼ੰਕਰ ਅਚਾਰੀਆ, ਪੰਡਿਤ ਮੋਤੀ ਲਾਲ ਨਹਿਰੂ, ਸਰੋਜਨੀ ਨਾਉਡੋ ਆਦਿ ਤੋਂ ਇਲਾਵਾ ਅਖਬਾਰ ਨਵੀਸ ਸਨ। ਸਭ ਨੇ ਅੰਗਰਜੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਕ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ.ਐਫ. ਐਨਡਰੀਊ ਨੇ ਇੱਕ ਮਸੀਹਾ ਸੂਲੀ ਚੜਦੇ ਸੁਣਿਆ ਸੀ। ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਲੋਕਾਂ ਨੂੰ ਵੇਖ ਕੇ ਰੋ ਪਿਆ। ਉਸਨੇ ਅਖਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜੀ ਸਰਕਾਰ ਦਾ ਅਣਮਨੁੱਖ ਤਸ਼ੱਦਦ ਹੈ। ਇਹ ਇੱਕ ਹਿਰਦੇਵੇਦਕ ਘਟਨਾ ਹੈ ਜੋ ਇੱਕ ਅੰਗਰੇਜ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜੀ ਫ਼ਿਲਮਸਾਜ ਏ.ਐਲ., ਵਰਗਸ ਨੇ ਇਸ ਦਰਦਨਾਕ ਦ੍ਰਿਸ਼ ਦੀ ਫ਼ਿਲਮ ਵੀ ਬਣਾਈ। ਸਰ ਐਡਵਰਡ ਮੈਕਾਲਿਫ਼ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸ ਦੇ ਦਖਲ ਨਾਲ ਸਿੰਘਾਂ 'ਤੇ ਡਾਗਾਂ ਵਰਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆ ਦਾ ਦੌਰ 17 ਨਵੰਬਰ 1922 ਤਕ ਚਲਿਆ। ਅਕਤੂਬਰ ਦੇ ਪਹਿਲੇ ਹਫ਼ਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹਲ ਲਈ ਗਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜੁੰਮਾਂ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾਅ ਹੋ ਗਏ ਤੇ ਮੋਰਚਾ ਸਫਲ ਹੋਇਆ। ਇਸ ਸ਼ਾਂਤਮਈ ਮੋਰਚੇ ਵਿੱਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫਤਾਰ ਹੋਏ ਸਨ। ਜਿਹਨਾਂ ਵਿੱਚ ਕਰੀਬ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਫੈਨ ਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ , ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾ ਲਈ ਰਾਹ ਪੱਧਰਾ ਹੋ ਗਿਆ। ਲੋਕਾਂ ਵਿੱਚ ਜਨਤਕ ਤੌਰ 'ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜੀ ਹਕੂਮਤ ਦੇ ਖ਼ਿਲਾਫ਼ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਦੂਲਿਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿੱਚ ਪ੍ਰਦਰਸ਼ਤ ਗੁਣਾਂ ਨੂੰ ਅਪਨਾਉਣ ਦੀ ਪ੍ਰੇਣਾ ਮਿਲਦੀ ਹੈ। ਇਹ ਇੱਕ ਗੌਰਵਮਈ ਸਫਲ ਇਤਿਹਾਸਿਕ ਮੋਰਚਾ ਹੋ ਨਿਬੜਿਆ।



## 10 ਅਗਸਤ ਨੂੰ ਜਨਮ ਦਿਨ 'ਤੇ ਵਿਸ਼ੇਸ਼ ਲੇਖ

# ਕਵੀਸ਼ਰੀ ਦਾ ਸਿਰਨਾਵਾਂ ਬਾਬੂ ਰਜਬ ਅਲੀ



ਸੁਖਵਿੰਦਰ ਸਿੰਘ ਮੁੱਲਾਂਪੁਰ

ਬਾਬੂ ਰਜਬ ਅਲੀ ਦਾ ਜਨਮ ਪਿਤਾ ਧਮਾਲੀ ਖਾਂ ਅਤੇ ਮਾਤਾ ਜਿਊਣੀ ਦੀ ਕੁਖੋਂ ਪਿੰਡ ਸਾਹੋਕੇ ਜ਼ਿਲ੍ਹਾ ਮੋਗਾ ਵਿਖੇ 10 ਅਗਸਤ 1894 ਨੂੰ ਰਾਜਪੂਤ ਪ੍ਰੀਵਾਰ ਵਿੱਚ ਹੋਇਆ।

ਬਾਬੂ ਰਜਬ ਅਲੀ ਹੋਰੀ ਪੰਜ ਭੈਣ ਭਰਾ ਸਨ। ਵੱਡੀਆਂ ਚਾਰ ਭੈਣਾਂ ਬੀਬੀ ਭਾਗੀ, ਬੀਬੀ ਸਿਯਾਦੀ, ਬੀਬੀ ਲਾਲੀ ਅਤੇ ਬੀਬੀ ਰਯਾਦੀ ਸਨ ਤੇ ਸਭ ਤੋਂ ਛੋਟਾ ਬਾਬੂ ਰਜਬ ਅਲੀ ਸੀ। ਛੋਟਾ ਹੋਣ ਕਰਕੇ ਸਾਰੇ ਇਸ ਨੂੰ ਲਾਡ ਪਿਆਰ ਕਰਦੇ ਸਨ। ਜਦੋਂ ਰਜਬ ਅਲੀ ਪੰਜ ਸਾਲ ਦਾ ਹੋਇਆ ਤਾਂ ਪਿੰਡ ਤੋਂ ਡੇਢ ਮੀਲ ਦੀ ਦੂਰੀ 'ਤੇ ਪਿੰਡ ਬੰਬੀਬਾ ਵਿੱਚ ਪੜ੍ਹਨ ਲਾ ਦਿੱਤਾ। ਇਸ ਦਾ ਪਿਤਾ ਧਮਾਲੀ ਖਾਂ ਰਜਬ ਅਲੀ ਨੂੰ ਮੋਡਿਆਂ 'ਤੇ ਬਿਠਾਲ ਕੇ ਸਕੂਲ ਲੈਕੇ ਆਇਆ ਜਾਇਆ ਕਰਦਾ ਸੀ ਸੱਥ ਵਿੱਚ ਬੈਠੇ ਵਿਆਕਤੀਆਂ ਵਿਚੋ ਕਿਸੇ ਨੇ ਕਹਿ ਦਿੱਤਾ, ਧਮਾਲੀ! ਕਿਓ ਇਤਨੀ ਔਖ ਸੌਖ ਭਰਦਾ ਏ ਵੱਡਾ ਹੋ ਕੇ ਇਹਨੇ ਕਿਹੜਾ ਬਾਬੂ ਲੱਗਣਾ? ਧਮਾਲੀ ਨੇ ਕਿਹਾ, ਜੇਕਰ ਮੇਰੀ ਜਿੰਦਗੀ ਰਹਿ ਗਈ ਇਸ ਨੂੰ ਬਾਬੂ ਵੀ ਬਣਾ ਦੇਊ। ਧਮਾਲੀ ਖਾਂ ਨੇ ਇਹ ਗੱਲ ਸੱਚ ਕਰ ਵਿਖਾਈ।

ਉਥੋਂ ਰਜਬ ਅਲੀ ਪੰਜ ਜਮਾਤਾਂ ਪਾਸ ਕਰਕੇ ਅੱਠਵੀਂ ਜਮਾਤ ਮੋਗੇ ਤੋਂ ਅਤੇ 1912 ਵਿੱਚ ਦਸਵੀਂ ਜਮਾਤ ਬਰਜਿੰਦਰਾ ਹਾਈ ਸਕੂਲ ਫਰੀਦਕੋਟ ਤੋਂ ਚੰਗੇ ਨੰਬਰਾਂ ਵਿੱਚ ਪਾਸ ਕੀਤੀ। ਗੁਜਰਾਤ ਵਿੱਚ ਰਸੂਲੋਂ ਉਵਰਸੀਅਰ ਦਾ ਡਿਪਲੋਮਾ ਪਾਸ ਕੀਤਾ। ਆਪਣੀ ਕਵਿਤਾ ਵਿੱਚ ਇਸ ਦਾ ਜਿਕਰ ਇਸ ਤਰਾਂ ਕੀਤਾ ਹੈ-

o- ਪੰਜ ਪੜ੍ਹਿਆ ਬੰਬੀਹੇ ਜੀ, ਸਾਹੋ ਤੋਂ ਡੇਢ ਮੀਲ ਪਿਆਰਾ, ਸਕੂਲ ਬਬੀਹੋਂ।
ਮੋਗੇ ਅੱਠ ਜਮਾਤਾ, ਮੈਟ੍ਰਿਕ ਕੋਟ ਫਰੀਦੋਂ ਕੀਤੀ, ਦੇਸ਼ ਕੁਲ ਜਾਣੇ।
ਬਾਬੂ ਬਣਿਆ ਰਸੂਲੋਂ ਜੀ, ਮੇਰੀ ਉਮਰ ਐਸ਼ ਨਾਲ ਬੀਤੀ, ਬੜੇ ਸੁਖ ਮਾਣੇ।

ਬਾਬੂ ਰਜਬ ਅਲੀ ਵਧੀਆ ਅਥਲੀਟ ਅਤੇ ਕ੍ਰਿਕਟ ਦਾ ਕਪਤਾਨ ਸੀ ਹੋਰ ਵੀ ਕਈ ਖੇਡਾਂ ਦਾ ਵਧੀਆ ਖਿਡਾਰੀ ਸੀ।

ਉਵਰਸੀਰੀ ਪਾਸ ਕਰਕੇ ਨਹਿਰੀ ਵਿਭਾਗ ਵਿੱਚ ਉਵਰਸੀਰ ਦੀ ਨਿਯੁਕਤੀ 'ਬੰਗਲਾ ਗੋਹਾਟੀ' ਤਹਿਸੀਲ ਮਰਦਾਨ ਜ਼ਿਲ੍ਹਾ ਪੇਸ਼ਾਵਰ ਤੋਂ ਹੋਈ। ਨਹਿਰੀ ਵਿਭਾਗ ਵਿੱਚ ਉਵਰਸੀਰ ਨੂੰ ਬਾਬੂ ਜੀ ਕਿਹਾ ਜਾਂਦਾ ਸੀ। ਇਸ ਕਰਕੇ ਇਸ ਦੇ ਨਾਮ ਨਾਲ ਬਾਬੂ ਲੱਗ ਗਿਆ। ਪਿਸ਼ਾਵਰ ਦਾ ਜਿਕਰ ਉਹਨਾਂ ਆਪਣੀ ਪਹਿਲੀ ਰਚਨਾਂ 'ਹੀਰ ਰਜਬ ਅਲੀ' ਵਿੱਚ ਇੰਝ ਕੀਤਾ ਹੈ-

o- ਜ਼ਿਲ੍ਹਾ ਪਿਸ਼ਾਵਰ ਨਹਿਰ ਵਿੱਚ ਭਰਤੀ,ਦੌਲਤ ਪਾਣੀ ਵਾਂਗ ਵਰਤੀ
ਬਹੁਤ ਬਹਾਰਾਂ ਮਾਣੀਆ, ਸੁਰਖ ਮਖ਼ਮਲਾ ਵਰਗੇ ਫਿਰਨ ਪਠਾਣ ਪਠਾਣੀਆ

1914 ਵਿੱਚ ਬਾਬੂ ਰਜਬ ਅਲੀ ਨੇ ਆਪਣੀ ਪਹਿਲੀ ਰਚਨਾਂ ਹੀਰ ਰਜਬ ਅਲੀ ਲਿਖ ਕੇ ਕਵੀਸ਼ਰੀ ਵਿੱਚ ਪ੍ਰਵੇਸ਼ ਕੀਤਾ। ਇਥੋਂ ਬਦਲੀ ਕਰਵਾ ਕੇ 1915 ਵਿੱਚ ਉਸ ਨੇ ਮਾਲਵੇ ਵਿੱਚ ਸਰਹੰਦ ਬਰਾਂਚ ਨਹਿਰ 'ਤੇ ਨਹਿਰੀ ਕੋਠੀ ਤੋ ਨੌਕਰੀ ਸ਼ੁਰੂ ਕੀਤੀ। ਇਥੋਂ ਨੌਕਰੀ ਛੱਡ ਕੇ ਉਸ ਨੇ ਲੰਮਾ ਸਮਾਂ ਫੌਜ਼ ਵਿਚੱ ਇੰਨਜੀਨੀਅਰ ਦੇ ਤੌਰ 'ਤੇ ਨੌਕਰੀ ਕੀਤੀ। ਉਥੋਂ ਆ ਕੇ ਫਿਰ ਨਹਿਰੀ ਵਿਭਾਗ ਵਿੱਚ ਸਰਹੰਦ ਨਹਿਰ 'ਤੇ ਨੌਕਰੀ ਕਰ ਲਈ। ਉਹ ਨਹਿਰੀ ਸਰਕਾਰੀ ਬੰਗਲੇ ਵਿੱਚ ਰਹਿੰਦੇ ਸਨ ਕੁਝ ਸਮੇ ਬਾਅਦ ਪਿੰਡ ਗੇੜਾ ਮਾਰ ਜਾਂਦੇ ਬਾਬੂ ਜੀ ਨੇ ਪਿੰਡ ਦੇ ਬਹੁਤ ਲੋਕਾਂ ਨੂੰ ਰੋਜ਼ਗਾਰ ਦਿਵਾਇਆ। ਨੌਕਰੀ ਦੌਰਾਨ ਸਾਰੇ ਮਾਲਵੇ ਦੇ ਇਲਾਕੇ ਨੂੰ ਜਾਨਣ ਲੱਗ ਪਏ ਸਨ।

ਇਹਨਾਂ ਨੇ ਆਪਣੇ ਸਕੂਲ ਦੇ ਮੁੱਖ ਅਧਿਆਪਕ ਪੰਡਤ ਰਾਮ ਨਿਵਾਸ ਤੋਂ ਕਾਵਿ ਬੋਧ ਪ੍ਰਾਪਤ ਕੀਤਾ। ਪੰਜਾਬੀ, ਫ਼ਾਰਸੀ, ਉਰਦੂ ਅਤੇ ਪਿੰਗਲ ਦਾ ਚੰਗੀ ਤਰਾਂ ਗਿਆਨ ਪ੍ਰਾਪਤ ਕੀਤਾ।

1921 ਵਿੱਚ ਬਾਬੂ ਜੀ ਨੇ ਪ੍ਰਸਿੱਧ ਕਵੀਸ਼ਰ ਮਾਨ ਸਿੰਘ ਨੂੰ ਪੱਗ ਦੀ ਰਸਮ ਨਾਲ ਉਸਤਾਦ ਧਾਰਿਆ। ਬਾਬੂ ਜੀ ਨੇ ਇਸਲਾਮ ਧਰਮ ਅਨੁਸਾਰ ਚਾਰ ਵਿਆਹ ਰਚਾਏ। ਉਸ ਦੀਆਂ ਪਤਨੀਆਂ ਬੀਬੀ ਭਾਗੋ, ਬੀਬੀ ਫਾਤਮਾ, ਬੀਬੀ ਰਹਿਮਤ ਅਤੇ ਬੀਬੀ ਦੋਲਤਾਂ ਸਨ। ਇਸ ਦੇ ਘਰ ਚਾਰ ਪੁੱਤਰਾਂ ਆਕਲ ਖਾਂ, ਸ਼ਮਸ਼ੇਰ ਖਾਂ, ਅਦਾਲਤ ਖਾਂ, ਅਲੀ ਸਰਦਾਰ ਅਤੇ ਦੋ ਬੇਟੀਆਂ ਸ਼ਮਸ਼ਾਦ ਬੇਗਮ ਅਤੇ ਗੁਲਜ਼ਾਰ ਬੇਗਮ ਨੇ ਜਨਮ ਲਿਆ।

ਬਾਬੂ ਜੀ ਦੀ ਦੂਸਰੀ ਸ਼ਾਦੀ ਪਿੰਡ ਗੰਧੜ ਦੀ ਬੀਬੀ ਫਾਤਮਾ ਨਾਲ ਹੋਈ ਜੋ ਮਰ ਗਈ ਸੀ। ਤੀਸਰੀ ਸ਼ਾਦੀ ਅਬੋਹਰ ਨੇੜੇ ਪਿੰਡ ਕਾਲਾ ਟਿੱਬਾ ਦੀ ਬੀਬੀ ਰਹਿਮਤ ਨਾਲ ਹੋਈ ਸੀ। 1940 ਵਿੱਚ ਬਾਬੂ ਜੀ ਨੇ ਆਪਣੀ ਰਿਹਾਇਸ਼ ਕਾਲਾ ਟਿੱਬਾ ਵਿਖੇ ਕਰ ਲਈ ਦੇਸ਼ ਦੀ ਵੰਡ1947 ਤੱਕ ਫਿਰ ਉੱਥੇ ਹੀ ਰਹੇ। 1947 ਵਿੱਚ ਦੇਸ਼ ਆਜ਼ਾਦ ਹੋ ਗਿਆ। ਗੋਰੇ ਦੇਸ਼ ਛੱਡ ਕੇ ਚੱਲੇ ਗਏ ਜਾਂਦੇ ਹੋਏ ਲੋਕਾਂ ਦੀ ਮੰਗ ਤੇ ਧਰਮ ਅਨੁਸਾਰ ਦੇਸ਼ ਦੋ ਟੋਟੇ ਕਰ ਗਏ ਲੋਕਾਂ ਦੀਆਂ ਵੰਡੀਆਂ ਪੈ ਗਈਆਂ। ਇਸ ਹਲਚਲ ਦਾ ਸ਼ਿਕਾਰ ਬਾਬੂ ਰਜਬ ਅਲੀ ਨੂੰ ਵੀ ਪਰਿਵਾਰ ਸਮੇਤ ਹੋਣਾ ਪਿਆ ਉਹ ਆਪਣੇ ਪਿੰਡ ਸਾਹੋ ਕੇ ਛੱਡ ਕੇ ਨਹੀਂ ਜਾਣਾ ਚਾਹੁੰਦਾ ਸੀ ਪਰ ਜਬਰਨ ਪਾਕਿਸਤਾਨ ਜਾਣਾ ਪਿਆ। ਉੱਥੇ ਉਸ ਨੂੰ ਚੱਕ ਨੰਬਰ ਬੱਤੀ ਜ਼ਿਲ੍ਹਾ ਉਕਾੜੇ ਵਿੱਚ ਚਾਲੀ ਏਕੜ ਜਮੀਨ ਅਤੇ ਘਰ ਅਲਾਟ ਹੋ ਗਿਆ। ਇਸ ਦਾ ਜਿਕਰ ਉਸ ਨੇ ਇਕ ਕਵਿਤਾ ਵਿੱਚ ਵੀ ਕੀਤਾ ਹੈ। ਉੱਥੇ ਰਹਿ ਕੇ ਆਪਣੇ ਪਿੰਡ ਮਿਲਣ ਆਉਣ ਦੀ ਤਾਂਗ ਹਮੇਸ਼ਾ ਦਿਲ ਵਿੱਚ ਰੱਖਦਾ ਸੀ। 11 ਫ਼ਰਵਰੀ 1965 ਨੂੰ ਪਾਕਿਸਤਾਨ ਸਰਕਾਰ ਨੇ ਭਾਰਤ ਆਉਣ ਲਈ ਵੀਜ਼ਾ ਲਗਾ ਦਿੱਤਾ। ਬਾਬੂ ਜੀ ਆਪਣੇ ਛੋਟੇ ਪੁੱਤਰ ਸ਼ਮਸ਼ੇਰ ਖਾਂ ਨਾਲ 15 ਮਾਰਚ 1965 ਨੂੰ ਇਕ ਮਹੀਨੇ ਖ਼ਾਤਰ ਭਾਰਤ ਆਏ। ਜਦ ਉਸ ਦੇ ਆਉਣ ਦੀ ਖ਼ਬਰ ਪਿੰਡ ਸਾਹੋਕੇ ਪੁੱਜੀ ਤਾਂ ਸਾਰਾ ਪਿੰਡ ਖੁਸ਼ੀ ਵਿੱਚ ਝੂਮ ਉਠਿਆ। ਬਾਬੂ ਰਜਬ ਅਲੀ ਦੇ ਪਿੰਡ ਪਹੁੰਚਣ ਤੋਂ ਪਹਿਲਾਂ ਉਡੀਕ ਵਿੱਚ ਪਿੰਡ ਦੇ ਲੋਕ, ਸ਼ਗਿਰਦ ਅਤੇ ਪ੍ਰਸੰਸਕ ਖੜੇ ਸਨ। ਬਾਬੂ ਜੀ ਨੂੰ ਪਿੰਡ ਦੇ ਚਾਰ ਪੰਜ ਬੰਦੇ ਮੂਹਰੇ ਜਾ ਕੇ ਫਿਰੋਜ਼ਪੁਰ ਤੋ ਪਿੰਡ ਲੈ ਕੇ ਆਏ। ਆਉਣ 'ਤੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ। ਸ਼ਗਿਰਦਾਂ ਨੇ ਆਪੋ ਆਪਣੇ ਲਿਖੇ ਛੰਦ ਗਾ ਕੇ ਬਾਬੂ ਜੀ ਦੀ ਉਪਮਾ ਕੀਤੀ। ਉਹਨਾਂ ਕੋਲ ਸਨਮਾਨ ਵਜੋਂ ਬਹਤ ਸਾਰੀਆਂ ਪੱਗਾਂ ਅਤੇ ਨਕਦ ਰੁਪਏ ਇਕੱਠੇ ਹੋ ਗਏ ਪਰ ਬਾਬੂ ਜੀ ਨੇ ਸਾਰੀ ਰਾਸ਼ੀ ਉੱਥੇ ਹੀ ਦਾਨ ਕਰ ਦਿੱਤੀ। ਬਾਬੂ ਜੀ ਦੇ ਕੋਲ ਰੋਜ਼ਾਨਾਂ ਸ਼ਗਿਰਦਾਂ ਦੇ ਲਗਭਗ ਪੰਜਾਹ ਜੱਥੇ ਰਹਿੰਦੇ ਸਨ ਜਿੰਨਾਂ ਦੀ ਗਿਣਤੀ ਲਗਭਗ ਡੇਢ ਸੌ ਬਣਦੀ ਸੀ। ਬਾਬੂ ਜੀ ਦੇ ਸਰੋਤੇ ਅਤੇ ਪਿੰਡ ਦੇ ਵਿਅਕਤੀ ਸਾਰੇ ਰਲਾ ਕੇ ਪੰਜ ਕੁ ਸੌ ਦਾ ਇਕੱਠ ਬਣ ਜਾਂਦਾ ਸੀ। ਪਿੰਡ ਦੇ ਘਰ ਇਤਨੇ ਬੰਦਿਆਂ ਨੂੰ ਰੋਟੀ ਪਾਣੀ ਖਵਾਉਣ ਦੀ ਸੇਵਾ ਦਾ ਸਮਾਂ ਮੰਗ ਕੇ ਲੈਂਦੇ ਸਨ। ਰੋਜਾਨਾ ਵੱਖਰੇ ਘਰ ਰੋਟੀ ਖਵਾਉਣ ਦਾ ਮੌਕਾ ਦਿੱਤਾ ਜਾਂਦਾ। ਰੋਟੀ ਖਵਾਉਣ ਵਾਲੇ ਜਿਆਦਾ ਘਰ ਸਨ ਪਰ ਬਾਬੂ ਜੀ ਕੋਲ ਟਾਇਮ ਘੱਟ ਸੀ। ਪਿੰਡ ਦੇ ਲੋਕ ਰਜਬ ਅਲੀ ਨੂੰ ਪਿਆਰ ਦਿੰਦੇ ਕਹਿ ਰਹੇ ਸਨ ਬਾਬੂ ਜੀ ਸਾਡੀ ਦੇਹਲੀ ਉੱਪਰ ਇਕ ਵਾਰ ਪੈਰ ਜਰੂਰ ਰੱਖ ਕੇ ਜਾਵੋ। ਇਸ ਕਰਕੇ ਹਰ ਘਰ ਵਿੱਚ ਬਾਬੂ ਜੀ ਲੋਕਾਂ ਨੂੰ ਮਿਲ ਕੇ ਗਏ। ਇਹਨਾਂ ਦੀ ਹਾਜ਼ਰੀ ਵਿੱਚ ਪਿੰਡ ਵਿੱਚ ਇਕ ਭਾਰੀ ਮੇਲਾ ਵੀ ਕਰਵਾਇਆ ਗਿਆ।



ਭਾਰਤ ਪਾਕਿਸਤਾਨ ਦੀ ਰਣਕੱਛ ਖੇਤਰ ਵਿੱਚ ਲੜਾਈ ਲੱਗ ਜਾਣ ਕਰਕੇ 26 ਮਾਰਚ ਨੂੰ ਗਿਆਰਾਂ ਦਿਨ ਬਾਅਦ ਹੀ ਵਾਪਸ ਮੁੜਨਾ ਪਿਆ। ਜਦ ਉਹ ਸਵੇਰ ਵੇਲੇ ਸਾਹੋਕੇ ਤੋਂ ਤੁਰਨ ਲੱਗੇ ਤਾਂ ਸਾਰਾ ਪਿੰਡ ਖੜ੍ਹਾ ਵਿਰਲਾਪ ਕਰ ਰਿਹਾ ਸੀ।

ਬਾਬੂ ਜੀ ਇਸਲਾਮ ਧਰਮ ਨਾਲ ਸਬੰਧ ਰੱਖਦੇ ਸੀ ਪਰ ਉਹਨਾਂ ਨੇ ਸਭ ਧਰਮਾ 'ਤੇ ਲਿਖਿਆ। ਪੰਜਵੇ ਪਾਤਿਸ਼ਾਹ ਦੀ ਸ਼ਹੀਦੀ, ਬਾਬਾ ਦੀਪ ਸਿੰਘ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਬੰਦਾ ਸਿੰਘ ਬਹਾਦਰ, ਦਸ ਗੁਰੂ ਸਾਹਿਬਾਨ ਆਦਿ ਪ੍ਰਸੰਗ ਅਤੇ ਕਵੀਸ਼ਰੀ ਲਿਖੀ। ਪ੍ਰਹਿਲਾਦ ਭਗਤ, ਕ੍ਰਿਸ਼ਨ ਅਵਤਾਰ ਸਬੰਧੀ ਵੀ ਲਿਖਿਆ। ਬਾਬੂ ਜੀ ਨੇ ਲਗਭਗ 85 ਕਿੱਸੇ ਲਿਖੇ। ਬਹੱਤਰ ਕਲਾ ਛੰਦ ਅਤੇ ਹੋਰ ਬਹੁਤ ਸਾਰੇ ਛੰਦ ਪੰਜਾਬੀ ਸਾਹਿਤ ਨੂੰ ਦੇਣ ਹੈ। ਬਾਬੂ ਜੀ ਨੇ ਬਹੁਤਾ ਸਾਹਿਤ ਪੰਜਾਬੀ ਵਿੱਚ ਅਤੇ ਮਾਲਵੇ ਖ਼ਾਤਰ ਲਿਖਿਆ। ਬਾਬੂ ਜੀ ਦੀਆਂ ਰਚਨਾਵਾਂ ਤੇ ਬਹੁਤ ਸਾਰੇ ਵਿਦਿਆਰਥੀ ਪੀ.ਐਚ.ਡੀ ਕਰ ਰਹੇ ਹਨ।

ਕਵੀਸ਼ਰ ਸੁਖਵਿੰਦਰ ਸਿੰਘ ਪੱਕਾ ਕਲਾਂ ਨੇ ਉਹਨਾਂ ਦੀ ਜਿੰਦਗੀ ਅਤੇ ਕੰਮਾਂ ਤੇ ਸੰਗਮ ਪਬਲੀਕੇਸ਼ਨਜ਼ ਸਮਾਣਾ ਰਾਹੀ ਕਈ ਕਿਤਾਬਾਂ ਛਪਵਾਈਆਂ ਜਿਵੇ-ਅਨਮੋਲ ਰਜਬ ਅਲੀ, ਅਣਖੀਲਾ ਰਜਬ ਅਲੀ, ਅਨੋਖਾ ਰਜਬ ਅਲੀ, ਰੰਗੀਲਾ ਰਜਬ ਅਲੀ, ਅਲਬੇਲਾ ਰਜਬ ਅਲੀ, ਦਸ਼ਮੇਸ਼ ਮਹਿਮਾ, ਬਾਬੂ ਰਜਬ ਅਲੀ ਦੇ ਕਿੱਸੇ।

ਇਕੱਲੇ ਕਵੀਸ਼ਰਾਂ ਨੇ ਹੀ ਬਾਬੂ ਰਜਬ ਅਲੀ ਨੂੰ ਨਹੀ ਗਾਇਆ ਪਰ ਇਸ ਦੀ ਚੱਲੀ ਕਲਮ ਦੇ ਯਾਦੂ ਨੂੰ ਕਈ ਕਲਾਕਾਰਾਂ ਨੇ ਆਪਣੀ ਆਵਾਜ਼ ਵਿਚ ਗਾ ਕੇ ਵੀ ਸ਼ੋਹਰਤ ਖੱਟੀ। ਮਹੁੰਮਦ ਸਦੀਕ ਅਤੇ ਰਣਜੀਤ ਕੌਰ ਨੇ ਬਾਬੂ ਜੀ ਦਾ ਲਿਖਿਆ ਗੀਤ ਗਾਇਆ..

-ਰਾਣੀ ਸੁੰਦਰਾਂ ਮਹਿਲ 'ਤੇ ਚੜ੍ਹ ਕੇ
ਭੁੱਖ ਦਿਲ ਚੋਂ ਪਿਆਰ ਵਾਲੀ ਰੜਕੇ
ਸੁਭਾ ਉਠ ਕੇ ਪਹਿਰ ਦੇ ਤੜਕੇ
- ਲੈ ਖ਼ਬਰ ਨਿਆਣੀ ਦੀ, ਬਾਬਲਾ ਦਰਦ ਵੰਡਾ ਲੈ ਧੀ ਦੇ

ਇਹ ਗੀਤ ਬੀਬੀ ਰਣਜੀਤ ਕੌਰ ਦਾ ਗਾਇਆ ਹੋਇਆ ਹੈ।

ਸਤਿੰਦਰ ਸਰਤਾਜ ਪੰਜਾਬੀ, ਉਰਦੂ ਵੱਖ ਵੱਖ ਭਸ਼ਾਵਾਂ ਦੇ ਮੰਨ ਪਸੰਦ ਸ਼ਾਇਰਾਂ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ, ਪੰਜਾਬੀ ਵਿੱਚ ਸ਼ਾਇਰ ਬਾਬੂ ਰਜਬ ਅਲੀ ਮੈਨੂੰ ਬਹੁਤ ਪਸੰਦ ਹੈ। ਮੈਨੂੰ ਉਸ ਦੀ ਕਵੀਸ਼ਰੀ ਬਹੁਤ ਵਧੀਆ ਲਗਦੀ ਹੈ। ਮੈਨੂੰ ਉਹਨਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਯਾਦ ਹਨ। ਰਣਜੀਤ ਬਾਵਾ ਦਾ ਕਹਿਣਾ ਹੈ, ਮੈਂ ਛੋਟਾ ਹੁੰਦਾ ਬਾਬੂ ਰਜਬ ਅਲੀ ਦੀਆਂ ਰਚਨਾਵਾਂ ਬਹੁਤ ਸੁਣਦਾ ਹੁੰਦਾ ਸੀ ਮੇਰੇ ਮਨ ਦੀ ਤਮੰਨਾ ਸੀ ਇਹਨਾਂ ਨੂੰ ਗਾ ਕੇ ਸ਼ੌਂਕ ਪੂਰਾ ਕਰਾ ਮੈਂ ਹੁਣ ਬਾਬੂ ਜੀ ਦੀਆਂ ਰਚਨਾਵਾਂ ਗਾ ਰਿਹਾ ਹਾਂ।

ਬਾਬੂ ਰਜਬ ਅਲੀ ਨੇ ਪਾਕਿਸਤਾਨ ਜਾ ਕੇ ਜਿਤਨੀ ਰਚਨਾਂ ਕੀਤੀ ਉਸ ਵਿੱਚ ਮਾਲਵੇ ਦਾ ਵਿਯੋਗ ਪਿੰਡ ਦੀ ਮਿੱਟੀ ਦਾ ਵਿਯੋਗ ਲਿਖਿਆ ਹੈ ਉਥੇ ਜਾ ਕੇ ਇਕ ਕਿਤਾਬ ਉਜਾੜਾ ਵੀ ਲਿਖੀ। ਉੱਥੇ ਜਾਕੇ ਮਨ ਨਾ ਲਾਉਣ ਦੀ ਇਕ ਰਚਨਾਂ-

- ਮੰਨ ਲਈ ਜੋ ਕਰਦਾ ਰੱਬ ਪਾਕਿ ਏ।
ਆਉਂਦੀ ਯਾਦ ਵਤਨ ਦੀ ਖ਼ਾਕ ਏ।
ਟੁੱਟ ਫੁੱਟ ਟੁੱਕੜੇ ਬਣ ਗਏ ਦਿਲ ਦੇ।
ਹਾਏ! ਮੈ ਭੁੱਜ ਗਿਆ ਵਾਂਗੂ ਖਿੱਲ ਦੇ।
ਭੜਥਾ ਬਣ ਗਈ ਦੇਹੀ ਐ।
ਵਿਛੜੇ ਯਾਰ ਪਿਆਰੇ, ਬਣੀ ਮਸੀਬਤ ਕੇਹੀ ਐ।
- ਮੈਨੂੰ ਉਠਦੇ ਬੈਠਦੈ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ

ਬਾਬੂ ਜੀ ਨੇ ਮੌਤ ਬਾਰੇ ਇੰਝ ਲਿਖਿਆ ਸੀ-

- ਰਜਬ ਅਲੀ ਜਿੰਦਗੀ ਚਾਰ ਦਿਨ ਦੀ
ਢੈਹ ਜਾਊ ਉਸਰਿਆ ਬੁਰਜ ਸਰੀਰ ਦਾ ਜੀ

ਬਾਬੂ ਰਜਬ ਅਲੀ 6 ਜੂਨ 1979 ਨੂੰ ਪਾਕਿਸਤਾਨ ਵਿੱਚ ਰੱਬ ਨੂੰ ਪਿਆਰਾ ਹੋ ਗਿਆ ਸੀ। ਉਸ ਦੀ ਯਾਦਗਰ ਉਸ ਦੇ ਪਿੰਡ ਸਾਹੋਕੇ ਜ਼ਿਲ੍ਹਾ ਮੋਗਾ ਵਿੱਚ ਬਣਾਈ ਹੋਈ ਹੈ। ਉੱਥੇ 6 ਜੂਨ ਨੂੰ ਬਾਬੂ ਰਜਬ ਅਲੀ ਨੂੰ ਯਾਦ ਕੀਤਾ ਜਾਦਾ ਉੱਥੇ ਬਹੁਤ ਸਾਰੇ ਕਵੀਸ਼ਰ ਪਹੁੰਚਦੇ ਹਨ। ਪਾਕਿਸਤਾਨ ਵਿਚ ਵੀ ਉਸ ਨੂੰ ਬੜੇ ਪਿਆਰ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।







TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035










# ਬੇਰਹਿਮੀ ਨਾਲ ਤਬਾਹ ਕੀਤਾ ਜਾ ਰਿਹਾ ਹੈ ਹਿਮਾਲਿਆ ਨੂੰ

## ਕਈ ਸਵਾਲ ਖੜੇ ਕਰ ਰਿਹਾ ਹੈ ਹੜ੍ਹਾਂ ਦਾ ਕਹਿਰ

ਭਾਰਤ ਦੇ ਹਿਮਾਲਿਆ ਖੇਤਰ ਵਿੱਚ ਵਿਕਾਸ ਦੇ ਨਾਂਅ ’ਤੇ ਮਨੁੱਖ ਵੱਲੋਂ ਪਿਛਲੇ ਸਮੇਂ ਦੌਰਾਨ ਜੋ ਛੇੜਛਾੜ ਕੀਤੀ ਗਈ, ਉਸ ਕਾਰਨ ਕੁਦਰਤ ਨਾਰਾਜ਼ ਹੋ ਗਈ ਅਤੇ ਕੁਦਰਤ ਨੇ ਮਨੁੱਖ ਤੋਂ ਬਦਲਾ ਲੈਣਾ ਸ਼ੁਰੂ ਕਰ ਦਿੱਤਾ। ਗੁੱਸੇ ਵਿੱਚ ਆਈ ਕੁਦਰਤ ਦਾ ਖਮਿਆਜ਼ਾ ਵੀ ਮਨੁੱਖ ਨੂੰ ਹੀ ਭੁਗਤਣਾ ਪੈ ਰਿਹਾ ਹੈ। ਭਾਵੇਂ ਕਿ ਕੁਦਰਤ ਅਤੇ ਵਾਤਾਵਰਣ ਦੀ ਸਾਂਭ ਸੰਭਾਂਲ ਲਈ ਵੱਖ ਵੱਖ ਸਮੇਂ ਸੈਮੀਨਾਰ ਕਰਵਾਏ ਜਾਂਦੇ ਹਨ ਅਤੇ ਕਈ ਕਿਸਮਾਂ ਦੇ ਦਾਅਵੇ ਅਤੇ ਵਾਅਦੇ ਕੀਤੇ ਜਾਂਦੇ ਹਨ ਪਰ ਇਹ ਸਭ ਕੁਝ ਹਵਾ ਹਵਾਈ ਹੀ ਹੁੰਦਾ ਹੈ ਅਤੇ ਮਨੁੱਖ ਵੱਲੋਂ ਕੁਦਰਤ ਨਾਲ ਖਿਲਵਾੜ ਲਗਾਤਾਰ ਜਾਰੀ ਰਹਿੰਦਾ ਹੈ। ਉਸ ਤੋਂ ਬਾਅਦ ਕੁਦਰਤ ਆਪਣਾ ਗੁੱਸਾ ਦਿਖਾਉਂਦੀ ਹੈ।

ਵਿਸ਼ਵ ਪੱਧਰ ’ਤੇ ਜਲਵਾਯੂ ਪਰਿਵਰਤਨ ਨੇ ਆਪਣਾ ਕਰੂਰ ਚਿਹਰਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਹਿਮਾਚਲ ਪ੍ਰਦੇਸ਼ ’ਚ ਜੁਲਾਈ ’ਚ 200 ਫੀਸਦੀ ਜ਼ਿਆਦਾ ਬਾਰਿਸ਼ ਹੋਈ ਹੈ। ਉੱਤਰਾਖੰਡ ਦਾ ਵੀ ਇਹੀ ਹਾਲ ਹੈ। ਹਿਮਾਚਲ ਦੀ ਮੰਡੀ, ਕੁੱਲੂ, ਚੰਬਾ, ਸ਼ਿਮਲਾ, ਸਿਰਮੌਰ ਵਿੱਚ ਜਾਨ-ਮਾਲ ਦੀ ਅਚਾਨਕ ਹੋਈ ਤਬਾਹੀ ਦਿਲ ਕੰਬਾਊ ਹੈ। ਕਈ ਥਾਵਾਂ ’ਤੇ ਕੁਦਰਤ ਦੀ ਕਰੋਪੀ ਕਾਰਨ ਲੋਕ ਬੇਵੱਸ ਮਹਿਸੂਸ ਕਰ ਰਹੇ ਹਨ। ਸਰਕਾਰ ਇਸ ਦਾ ਇਲਾਜ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਸਾਲ ਦਰ ਸਾਲ ਵਧਦਾ ਹੜ੍ਹਾਂ ਦਾ ਕਹਿਰ ਕਈ ਸਵਾਲ ਖੜ੍ਹੇ ਕਰ ਰਿਹਾ ਹੈ।

ਜਲਵਾਯੂ ਪਰਿਵਰਤਨ ਦੇ ਪ੍ਰਭਾਵ ਦੀ ਭਵਿੱਖਬਾਣੀ ਕਈ ਸਾਲਾਂ ਤੋਂ ਕੀਤੀ ਜਾ ਰਹੀ ਹੈ, ਪਰ ਹਿਮਾਲਿਆ ਵਰਗੇ ਨਾਜ਼ੁਕ ਪਹਾੜੀ ਖੇਤਰ ਵਿੱਚ ਉਚਿਤ ਸਾਵਧਾਨੀ ਨਹੀਂ ਵਰਤੀ ਗਈ ਹੈ। ਬਰਸਾਤ ਦੇ ਖ਼ਤਰਿਆਂ ਤੋਂ ਜਾਣੂ ਕਰਵਾਉਣ ਲਈ ‘ਸੈਰ ਸਪਾਟਾ ਸੂਚਨਾ ਕੇਂਦਰਾਂ’ ਦਾ ਨੈੱਟਵਰਕ ਸਰਗਰਮ ਕੀਤਾ ਜਾਵੇ। ਲਾਰਜੀ ਅਤੇ ਪੰਡੋਹ ਡੈਮਾਂ ਤੋਂ ਅਚਾਨਕ ਪਾਣੀ ਛੱਡਣਾ ਵੀ ਮੰਡੀ ਵਿੱਚ ਇਸ ਤਬਾਹੀ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ।

ਡੈਮਾਂ ਦੀ ਉਸਾਰੀ ਸਮੇਂ ਹੜ੍ਹ ਕੰਟਰੋਲ ਵਿੱਚ ਡੈਮਾਂ ਦੀ ਭੂਮਿਕਾ ਦਾ ਵੱਡੇ ਪੱਧਰ ’ਤੇ ਪ੍ਰਚਾਰ ਕੀਤਾ ਗਿਆ ਸੀ, ਪਰ ਇਸ ਦੇ ਉਲਟ ਦੇਖਣ ਨੂੰ ਮਿਲ ਰਿਹਾ ਹੈ। ਡੈਮਾਂ ਵਿੱਚੋਂ ਅਚਾਨਕ ਅਤੇ ਵੱਡੀ ਮਾਤਰਾ ਵਿੱਚ ਛੱਡਿਆ ਜਾ ਰਿਹਾ ਪਾਣੀ ਅਚਾਨਕ ਹੜ੍ਹਾਂ ਦਾ ਕਾਰਨ ਬਣ ਰਿਹਾ ਹੈ। ਮੀਂਹ ਪੈਣ ਤੋਂ ਪਹਿਲਾਂ ਡੈਮਾਂ ਨੂੰ ਖਾਲੀ ਰੱਖਿਆ ਜਾਵੇ ਤਾਂ ਜੋ ਹੜ੍ਹਾਂ ਦੇ ਪਾਣੀ ਨੂੰ ਰੋਕਿਆ ਜਾ ਸਕੇ ਪਰ ਵੱਧ ਤੋਂ ਵੱਧ ਬਿਜਲੀ ਪੈਦਾ ਕਰਨ ਲਈ ਡੈਮ ਭਰੇ ਰਹਿੰਦੇ ਹਨ। ਜਦੋਂ ਮੀਂਹ ਪੈਣ ’ਤੇ ਪਾਣੀ ਡੈਮ ਲਈ ਖ਼ਤਰਾ ਪੈਦਾ ਕਰਨ ਦੇ ਪੱਧਰ ’ਤੇ ਪਹੁੰਚਣਾ ਸ਼ੁਰੂ ਕਰ ਦਿੰਦਾ ਹੈ ਤਾਂ ਅਚਾਨਕ ਇੰਨਾ ਪਾਣੀ ਛੱਡ ਦਿੱਤਾ ਜਾਂਦਾ ਹੈ ਕਿ ਡੈਮ ਤੋਂ ਬਿਨਾਂ ਹੜ੍ਹ ’ਚ ਵੀ ਨਹੀਂ ਆਉਂਦਾ। ਇਨ੍ਹਾਂ ਮਾਮਲਿਆਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਡੈਮ ਪ੍ਰਸ਼ਾਸਨ ਨੂੰ ਅਜਿਹਾ ਕਰਨ ਦੇ ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ।



ਡੈਮਾਂ ਰਾਹੀਂ ਹੜ੍ਹ ਕੰਟਰੋਲ ਦੀ ਭੂਮਿਕਾ ਨੂੰ ਸਰਗਰਮ ਕੀਤਾ ਜਾਣਾ ਚਾਹੀਦਾ ਹੈ। ਇੱਕ ਹੋਰ ਵੱਡੀ ਸਮੱਸਿਆ ਸੜਕ ਨਿਰਮਾਣ ਵਿੱਚ ਲਾਪਰਵਾਹੀ ਹੈ। ਉਸਾਰੀ ਕਾਰਜਾਂ ਦੌਰਾਨ ਛੱਡਿਆ ਗਿਆ ਮਲਬਾ ਨਿਰਧਾਰਤ ਥਾਵਾਂ, ਡੰਪਿੰਗ ਸਾਈਟਾਂ ’ਤੇ ਸੁੱਟਣ ਦੀ ਬਜਾਏ ਇਧਰ-ਉਧਰ ਸੁੱਟਿਆ ਜਾਂਦਾ ਹੈ ਅਤੇ ਇਹੀ ਮਲਬਾ ਹੜ੍ਹਾਂ ਦੀ ਮਾਰ ਨੂੰ ਕਈ ਗੁਣਾ ਵਧਾਉਣ ਦਾ ਕਾਰਨ ਬਣ ਜਾਂਦਾ ਹੈ। ਇੱਕ ਵਾਰ ਜਦੋਂ ਮਲਬਾ ਢਲਾਣਾਂ ਤੋਂ ਹੇਠਾਂ ਖਿਸਕਣਾ ਸ਼ੁਰੂ ਕਰ ਦਿੰਦਾ ਹੈ, ਤਾਂ ਇਹ ਆਪਣੇ ਨਾਲ ਹੋਰ ਮਲਬਾ ਇਕੱਠਾ ਕਰ ਲੈਂਦਾ ਹੈ, ਜਿਸ ਨਾਲ ਭਾਰੀ ਤਬਾਹੀ ਹੁੰਦੀ ਹੈ। ਜਦੋਂ ਇਹ ਮਲਬਾ ਨਦੀ-ਨਾਲੇ ਤੱਕ ਪਹੁੰਚਦਾ ਹੈ ਤਾਂ ਦਰਿਆ ਦਾ ਪਾਣੀ ਵਧ ਜਾਂਦਾ ਹੈ ਅਤੇ ਜਿਹੜੇ ਇਲਾਕੇ ਪਹਿਲਾਂ ਕਦੇ ਹੜ੍ਹਾਂ ਦੀ ਮਾਰ ਹੇਠ ਨਹੀਂ ਆਏ ਸਨ, ਉਹ ਵੀ ਹੁਣ ਹੜ੍ਹਾਂ ਦੀ ਮਾਰ ਹੇਠ ਆ ਜਾਂਦੇ ਹਨ। ਸੜਕ ਬਣਾਉਣ ਵੇਲੇ ਪਾਣੀ ਦੀ ਨਿਕਾਸੀ ਦਾ ਵੀ ਧਿਆਨ ਨਹੀਂ ਰੱਖਿਆ ਜਾਂਦਾ। ਸੜਕ ਦੇ ਕਿਨਾਰੇ ਬਣੇ ਨਾਲਿਆਂ ਵਿੱਚੋਂ ਪਾਣੀ ਇਕੱਠਾ ਹੋ ਕੇ ਕਿਸੇ ਥਾਂ ਛੱਡ ਦਿੱਤਾ ਜਾਂਦਾ ਹੈ, ਜਿਸ ਕਾਰਨ ਜ਼ਮੀਨ ਦੀ ਖੋਦਾਈ ਵਧ ਜਾਂਦੀ ਹੈ। ਸੜਕ ਦਾ ਨਿਰਮਾਣ ਸਹੀ ਪਹਾੜੀ ਪਹੁੰਚ ਤੋਂ ‘ਕੱਟ ਅਤੇ ਭਰਨ’ ਤਕਨੀਕ ਨਾਲ ਕੀਤਾ ਜਾਣਾ ਚਾਹੀਦਾ ਹੈ। ਪਹਾੜਾਂ ਵਿੱਚ ਸੜਕਾਂ ਦੇ ਵਿਕਲਪਾਂ ’ਤੇ ਵੀ

(ਬਾਕੀ ਸਫ਼ਾ 31 ’ਤੇ)

# ਵਾਤਾਵਰਨ ਪੱਖੀ ਜੀਵਨ ਸ਼ੈਲੀ ਅਪਨਾਉਣ ਦੀ ਲੋੜ



## ਕੁਦਰਤ ਦੇ ਨਿਯਮਾਂ ਦੀ ਨਾ ਕੀਤੀ ਜਾਵੇ ਉਲੰਘਣਾ

ਦੁਨੀਆਂ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ ’ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣਿਆ ਹੋਇਆ ਹੈ।

ਕਿਸੇ ਨੇ ਠੀਕ ਹੀ ਕਿਹਾ ਹੈ ਕਿ ‘ਅਸੀਂ ਬਦਲਾਂਗੇ ਤਾਂ ਯੁੱਗ ਬਦਲ ਜਾਵੇਗਾ’। ਅਸਲ ਵਿੱਚ ਜੇਕਰ ਅਸੀਂ ਦੁਨੀਆਂ ਜਾਂ ਯੁੱਗ ਨੂੰ ਬਦਲਣਾ ਚਾਹੁੰਦੇ ਹਾਂ ਤਾਂ ਇਸ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਕਰਨੀ ਪਵੇਗੀ। ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਕੁਦਰਤ ਦੇ ਅਨੁਸਾਰ ਢਾਲ ਲਵਾਂਗੇ ਤਾਂ ਵਾਤਾਵਰਨ ਆਪਣੇ ਆਪ ਸੁਰੱਖਿਅਤ ਹੋ ਜਾਵੇਗਾ ਕਿਉਂਕਿ ਅਸੀਂ ਕੁਦਰਤ ਦੇ ਮਾਲਕ ਨਹੀਂ ਸਗੋਂ ਬਾਕੀ ਜੀਵਾਂ ਵਾਂਗ ਇਸ ਦਾ ਹਿੱਸਾ ਹਾਂ। ਅਸੀਂ ਕੁਦਰਤ ਨੂੰ ਆਪਣੇ ਅਨੁਸਾਰ ਨਹੀਂ ਚਲਾ ਸਕਦੇ ਅਤੇ ਜੇਕਰ ਅਸੀਂ ਖੁਸ਼ਹਾਲ ਅਤੇ ਸੁਰੱਖਿਅਤ ਜੀਵਨ ਬਤੀਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਕੁਦਰਤ ਦੇ ਅਨੁਸਾਰ ਚੱਲਣਾ ਪਵੇਗਾ।



ਅੱਜ ਸਾਡੇ ਸਾਹਮਣੇ ਵਾਤਾਵਰਣ ਦੇ ਕਈ ਵੱਡੇ ਮੁੱਦੇ ਹਨ ਜੋ ਗੰਭੀਰ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਦਬਾਅ ਜਲਵਾਯੂ ਤਬਦੀਲੀ ਦਾ ਮੁੱਦਾ ਹੈ। ਇਹ ਸਮੱਸਿਆ ਮੁੱਖ ਤੌਰ ’ਤੇ ਮਨੁੱਖੀ ਗਤੀਵਿਧੀਆਂ ਤੋਂ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਜ਼ਿੰਮੇਵਾਰ ਠਹਿਰਾਉਂਦੀਹੈ। ਇਹ ਸਮੱਸਿਆ ਵਧਦੇ ਗਲੋਬਲ ਤਾਪਮਾਨ, ਬਦਲਦੇ ਮੌਸਮ ਦੇ ਪੈਟਰਨ, ਸਮੁੰਦਰੀ ਪੱਧਰ ਦੇ ਵਧਣ ਅਤੇ ਹੋਰ ਮਾੜੇ ਪ੍ਰਭਾਵਾਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ।

ਇਸ ਕਾਰਨ ਕੁਦਰਤੀ ਮੁਸੀਬਤਾਂ ਵਧ ਰਹੀਆਂ ਹਨ। ਖੇਤੀਬਾੜੀ, ਲੌਗਿੰਗ, ਸ਼ਹਿਰੀਕਰਨ ਅਤੇ ਹੋਰ ਉਦੇਸ਼ਾਂ ਲਈ ਵੱਡੇ ਪੱਧਰ ’ਤੇ ਜੰਗਲਾਂ ਦੀ ਕਟਾਈ ਕਾਰਨ ਆਕਸੀਜਨ ਦਾ ਸਭ ਤੋਂ ਵੱਡਾ ਭੰਡਾਰ, ਜੰਗਲਾਂ ਦਾ ਰਕਬਾ ਸੁੰਗੜਦਾ ਜਾ ਰਿਹਾ ਹੈ। ਨਤੀਜੇ ਵਜੋਂ ਜੰਗਲੀ ਜੀਵਾਂ ਦੇ ਨਿਵਾਸ ਸਥਾਨ ਦਾ ਨੁਕਸਾਨ, ਜੈਵ ਵਿਭਿੰਨਤਾ ਵਿੱਚ ਗਿਰਾਵਟ ਅਤੇ ਵਾਤਾਵਰਣ ਵਿੱਚ ਕਾਰਬਨ ਡਾਈਆਕਸਾਈਡ ਦੇ ਵਧੇ ਹੋਏ ਪੱਧਰ ਹਨ। ਜੈਵ ਵਿਭਿੰਨਤਾ ਦਾ ਤੇਜ਼ੀ ਨਾਲ ਨੁਕਸਾਨ ਵੀ ਇੱਕ ਗੰਭੀਰ ਮੁੱਦਾ ਹੈ। ਮਨੁੱਖੀ ਗਤੀਵਿਧੀਆਂ ਜਿਵੇਂ ਕਿ ਨਿਵਾਸ ਸਥਾਨਾਂ ਦਾ ਵਿਨਾਸ਼, ਪ੍ਰਦੂਸ਼ਣ, ਜ਼ਿਆਦਾ ਸ਼ੋਸ਼ਣ ਅਤੇ ਜਲਵਾਯੂ ਪਰਿਵਰਤਨ ਜੰਗਲੀ ਜੀਵਾਂ ਦੀ ਆਬਾਦੀ ਅਤੇ ਨਿਵਾਸ ਸਥਾਨਾਂ ਦੇ ਗਿਰਾਵਟ ਦਾ ਕਾਰਨ ਬਣ ਰਹੇ ਹਨ। ਇਹ ਵੀ ਮਨੁੱਖੀ-ਜੰਗਲੀ ਜੀਵ-ਜੰਤੂਆਂ ਦੇ ਵਧਦੇ ਸੰਘਰਸ਼ ਦਾ ਇੱਕ ਕਾਰਨ ਹੈ।

ਦੁਨੀਆ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ ’ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣੀ ਹੋਈ ਹੈ। ਇਸ ਦਾ ਮਨੁੱਖੀ ਸਿਹਤ, ਵਾਤਾਵਰਣ ਅਤੇ ਜੰਗਲੀ ਜੀਵਣ ’ਤੇ ਮਾੜਾ ਪ੍ਰਭਾਵ ਪੈਂਦਾ ਹੈ।

ਉਦਯੋਗਿਕ ਗਤੀਵਿਧੀਆਂ, ਆਵਾਜਾਈ ਅਤੇ ਜੈਵਿਕ ਈਂਧਨ ਦੇ ਜਲਣ ਦੇ ਕਾਰਨ ਹਵਾ ਦੀ ਮਾੜੀ ਗੁਣਵੱਤਾ ਮਨੁੱਖੀ ਸਿਹਤ ’ਤੇ ਨੁਕਸਾਨਦੇਹ ਪ੍ਰਭਾਵ ਪਾਉਂਦੀ ਹੈ ਅਤੇ ਸਾਹ ਦੀਆਂ ਬਿਮਾਰੀਆਂ ਅਤੇ ਹੋਰ ਸਿਹਤ ਸਮੱਸਿਆਵਾਂ ਨੂੰ ਵਧਾ ਰਹੀ ਹੈ।

ਉਚਿਤ ਪ੍ਰਬੰਧਨ ਅਤੇ ਸੰਭਾਲ ਤੋਂ ਬਿਨਾਂ, ਜੈਵਿਕ ਈਂਧਨ, ਖਣਿਜ ਅਤੇ ਤਾਜ਼ੇ ਪਾਣੀ ਸਮੇਤ ਕੁਦਰਤੀ ਸਰੋਤਾਂ ਦੀ ਬਹੁਤ ਜ਼ਿਆਦਾ ਖਪਤ, ਸਰੋਤਾਂ ਦੀ ਕਮੀ ਸਾਨੂੰ ਭਵਿੱਖ ਦੇ ਸੰਕਟ ਵੱਲ ਲੈ ਜਾ ਰਹੀ ਹੈ।

ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਬਦਲੀਏ ਤਾਂ ਵਾਤਾਵਰਣ ਦੇ ਅਸੰਤੁਲਨ ਕਾਰਨ ਅਸੀਂ ਜਿਸ ਗੰਭੀਰ ਸੰਕਟ ਵੱਲ ਵਧ ਰਹੇ ਹਾਂ, ਉਸ ਨੂੰ ਰੋਕਿਆ ਜਾ ਸਕਦਾ ਹੈ ਅਤੇ

(ਬਾਕੀ ਸਫ਼ਾ 31 ’ਤੇ)

ਬੰਗਾਲੀ ਕਹਾਣੀ

ਰਾਬਿੰਦਰਨਾਥ ਟੈਗੋਰ

# ਡਾਕ ਬਾਬੂ

ਡਾਕ ਬਾਬੂ ਨੇ ਆਪਣੀ ਨੌਕਰੀ ਉਲਾਪੁਰ ਪਿੰਡ ਵਿੱਚ ਸ਼ੁਰੂ ਕੀਤੀ। ਪਿੰਡ ਤਾਂ ਨਿੱਕਾ ਜਿਹਾ ਸੀ ਪਰ ਇਕ ਗੋਰੇ ਨੇ ਲਾਜਵਰ (ਨੀਲ) ਦਾ ਕਾਰਖਾਨਾ ਲਾ ਲਿਆ ਜਿਸ ਵਾਸਤੇ ਡਾਕਖਾਨੇ ਦਾ ਪ੍ਰਬੰਧ ਹੋ ਗਿਆ।

ਆਪਣਾ ਇਹ ਬਾਬੂ ਕਲਕੱਤੇ ਦਾ ਸੀ। ਦੂਰ ਦੇ ਇਸ ਪਿੰਡ ਵਿੱਚ ਉਸ ਦੀ ਹਾਲਤ ਪਾਣੀ ਵਿਚੋਂ ਨਿਕਲੀ ਮੱਛੀ ਵਰਗੀ ਸੀ। ਉਸ ਦਾ ਦਫ਼ਤਰ ਅਤੇ ਰਹਿਣ ਵਾਲਾ ਕਮਰਾ ਫੂਸ ਦੀ ਛੱਤ ਵਾਲੀ ਹਨੇਰੀ ਛੰਨ ਜਿਹੀ ਸੀ। ਨੇੜੇ ਹਰੇ ਰੰਗ ਦੇ ਪਾਣੀ ਵਾਲਾ ਛੱਪੜ, ਛੱਪੜ ਦੁਆਲੇ ਸੰਘਣੀਆਂ ਝਾੜੀਆਂ, ਵੇਲਾਂ, ਬੂਟੇ।

ਲਾਜਵਰ ਕਾਰਖਾਨੇ ਦੇ ਮੁਲਾਜ਼ਮਾਂ ਵਾਸਤੇ ਮਨੋਰੰਜਨ ਨਾਮ ਦੀ ਕੋਈ ਚੀਜ਼ ਨਹੀਂ ਸੀ। ਮਜ਼ਦੂਰਾਂ ਨਾਲ ਗੱਲਬਾਤ ਵੀ ਕੀ ਹੋ ਸਕਦੀ ਹੈ। ਕਲਕੱਤੇ ਦਾ ਇਹ ਮੁੰਡਾ ਅਜਨਬੀਆਂ ਨਾਲ ਘੁਲਣਾ-ਮਿਲਣਾ ਜਾਣਦਾ ਵੀ ਨਹੀਂ ਸੀ। ਅਣਜਾਣੇ ਬੰਦਿਆਂ ਵਿੱਚ ਜਾਂ ਤਾਂ ਉਹ ਆਪਣੇ ਆਪ ਨੂੰ ਉਨ੍ਹਾਂ ਤੋਂ ਵਧੀਆ ਸਮਝਣ ਲਗਦਾ, ਜਾਂ ਬੇਚੈਨ ਹੋ ਜਾਂਦਾ। ਨਾ ਤਾਂ ਜ਼ਿਆਦਾ ਕੋਈ ਕੰਮ ਹੁੰਦਾ ਕਿ ਰੁਝਿਆ ਰਹੇ, ਨਾ ਉਸ ਦਾ ਕੋਈ ਮੇਲੀ-ਗੇਲੀ ਸੀ।

ਕਦੇ-ਕਦੇ ਤੁਕਬੰਦੀ ਕਰਨ ਲੱਗ ਜਾਂਦਾ। ਪੱਤਿਆਂ ਦੀ ਸਰ-ਸਰਾਹਟ ਅਤੇ ਬੱਦਲਾਂ ਦੀ ਤੋਰ ਜੀਵਨ ਵਿੱਚ ਖੇੜੇ ਲਿਆਉਣ ਵਾਸਤੇ ਕਾਫੀ ਹਨ, ਉਸ ਦੀਆਂ ਕਵਿਤਾਵਾਂ ਵਿਚਲੇ ਖਿਆਲ ਕੁਝ ਇਸ ਤਰ੍ਹਾਂ ਦੇ ਹੁੰਦੇ, ਪਰ ਕਦੇ-ਕਦੇ ਉਹਦੇ ਦਿਲ ਵਿਚ ਆਉਂਦਾ ਕਿ ਪਰੀ ਕਹਾਣੀਆਂ ਵਿਚਲਾ ਜਿੰਨ ਇਕੋ ਹੁਝਕੇ ਨਾਲ ਦਰਖਤ, ਪੱਤੇ, ਸਾਰਾ ਕੁਝ ਹੂੰਝ ਕੇ ਲੈ ਜਾਵੇ ਤੇ ਪੱਕੀਆਂ ਸੜਕਾਂ ਦੁਆਲੇ ਐਨੀਆਂ ਉਚੀਆਂ-ਉਚੀਆਂ ਇਮਾਰਤਾਂ ਬਣਾ ਦਏ ਕਿ ਬੱਦਲ ਉਨ੍ਹਾਂ ਦੀ ਓਟ ਵਿਚ ਦਿਸਣ ਹੀ ਨਾ। ਮਜ਼ਾ ਆ ਜਾਏ ਫਿਰ ਤਾਂ।

ਤਨਖਾਹ ਥੋੜੀ ਸੀ। ਆਪਣਾ ਖਾਣਾ ਆਪ ਪਕਾਉਂਦਾ,ਵਿਚੋਂ ਬਚਦਾ ਰਤਨੀ ਨੂੰ ਦੇ ਦਿੰਦਾ। ਪਿੰਡ ਦੀ ਇਹ ਯਤੀਮ ਕੁੜੀ ਰਤਨੀ ਉਸ ਦੇ ਨਿੱਕੇ ਮੋਟੇ ਕੰਮ ਕਰ ਦਿੰਦੀ।

ਸ਼ਾਮੀ ਪਸ਼ੂ-ਵਾੜਿਆਂ ਵਿਚੋਂ ਜਦੋਂ ਧੂੰਏਂ ਦੇ ਕੁੰਡਲ ਉਪਰ ਉਠਣ ਲਗਦੇ ਤੇ ਬੀਂਡੇ ਹਰ ਇੱਕ ਝਾੜੀ ਵਿਚ ਗਾਉਣ ਲਗਦੇ, ਆਜੜੀਆਂ ਦੇ ਗੀਤਾਂ ਦੀਆਂ ਅਜੀਬ ਤਿੱਖੀਆਂ ਧੁਨਾਂ ਸੁਣਦੀਆਂ ਤਾਂ ਬਾਂਸਾਂ ਦੇ ਪੱਤਿਆਂ ਦੀ ਸਰ-ਸਰਾਹਟ ਸੁਣਦਾ ਹੋਇਆ ਕੋਈ ਬੰਦਾ ਖੌਫਜ਼ਦਾ ਵੀ ਹੋ ਸਕਦਾ ਸੀ। ਡਾਕ ਬਾਬੂ ਆਪਣਾ ਨਿੱਕਾ ਦੀਵਾ ਬਾਲ ਕੇ 'ਵਾਜ ਮਾਰਦਾ- ਰਤਨੀ!

ਇਹ ਆਵਾਜ਼ ਸੁਣਨ ਵਾਸਤੇ ਰਤਨੀ ਬਾਹਰ ਕੰਧ ਨਾਲ ਲੱਗੀ ਬੈਠੀ ਹੁੰਦੀ, ਤੇ ਉਠ ਕੇ ਤੁਰੰਤ ਅੰਦਰ ਜਾਣ ਦੀ ਥਾਂ ਪੁੱਛਦੀ- ਤੁਸੀਂ ਮੈਨੂੰ ਬੁਲਾਇਆ ਦਾਦਾ?

-ਕੀ ਕਰਦੀ ਸੀ? ਬਾਬੂ ਪੁੱਛਦਾ।

-ਮੈਂ ਚੁੱਲ੍ਹੇ ਵਿੱਚ ਅੱਗ ਬਾਲ ਦੇਵਾਂ। ਰਤਨੀ ਆਖ ਦਿੰਦੀ।

ਚੁੱਲ੍ਹਾ ਭਖਾਉਣ ਲਗਦੀ ਤਾਂ ਬਾਬੂ ਕੁਝ ਇਸ ਤਰ੍ਹਾਂ ਗੱਲ ਤੋਰਦਾ- ਤੈਨੂੰ ਆਪਣੀ ਮਾਂ ਬਾਰੇ ਯਾਦ ਹੈ ਕੁਝ? ਗੱਲ ਸ਼ੁਰੂ ਕਰਨ ਵਾਸਤੇ ਇਹੋ ਤਰੀਕਾ ਠੀਕ ਸੀ। ਪਿਤਾ ਉਸ ਨੂੰ ਵਧੀਕ ਪਿਆਰ ਕਰਦਾ ਸੀ, ਇਸ ਲਈ ਉਸ ਦੀਆਂ ਗੱਲਾਂ ਕੁਝ ਜ਼ਿਆਦਾ ਯਾਦ ਸਨ। ਦਿਨ ਭਰ ਕੰਮ ਮੁਕਾ ਕੇ ਉਸ ਦਾ ਪਿਤਾ ਤਰਕਾਲਾਂ ਪਈਆਂ ਤੋਂ ਘਰ ਪਰਤਦਾ, ਤਸਵੀਰਾਂ ਵਾਂਗੂੰ ਇਕ-ਦੋ ਤਰਕਾਲਾਂ ਬਾਕੀਆਂ ਨਾਲੋਂ ਵਧੀਕ ਸਾਫ ਦਿਸਦੀਆਂ। ਬਾਬੂ ਦੇ ਕਦਮਾਂ ਨੇੜੇ ਉਹ ਚੌਕੜੀ ਮਾਰ ਕੇ ਬੈਠ ਜਾਂਦੀ, ਯਾਦਾਂ ਦੇ ਕਾਫਲੇ ਤੁਰਦੇ ਆਉਂਦੇ। ਉਹਦਾ ਨਿੱਕਾ ਜਿਹਾ ਭਰਾ ਵੀ ਸੀ ਤੇ ਬੱਦਲਵਾਈ ਦੇ ਦਿਨ ਛੱਪੜ ਦੇ ਕੰਢੇ ਬੈਠ ਕੇ ਉਹ ਦੋਵੇਂ ਜਣੇ ਮੱਛੀਆਂ ਫੜਨ ਦੀ ਝੂਠੀ-ਮੂਠੀ ਖੇਡ ਖੇਡਿਆ ਕਰਦੇ। ਨਿੱਕੀਆਂ-ਨਿੱਕੀਆਂ ਘਟਨਾਵਾਂ ਵਿਚੋਂ ਵੱਡੀਆਂ-ਵੱਡੀਆਂ ਯਾਦਾਂ ਨਿੱਕਲੀ ਜਾਂਦੀਆਂ। ਗੱਲਾਂ ਕਰਦਿਆਂ-ਕਰਦਿਆਂ ਕਦੇ ਤਾਂ ਏਨੀ ਦੇਰ ਹੋ ਜਾਂਦੀ ਕਿ ਖਾਣਾ ਬਣਾਉਣ ਦੀ ਘੌਲ ਹੋ ਜਾਂਦੀ। ਰਤਨੀ ਕਾਹਲੀ-ਕਾਹਲੀ ਅੱਗ ਬਾਲ ਕੇ ਸਵੇਰ ਦੀਆਂ ਬਚੀਆਂ ਪਈਆਂ ਰੋਟੀਆਂ ਗਰਮ ਕਰ ਕੇ, ਮੱਖਣ ਰੱਖ ਕੇ ਬਾਬੂ ਨੂੰ ਫੜਾ ਦਿੰਦੀ, ਕੁਝ ਆਪ ਖਾ ਲੈਂਦੀ।

ਇਸ ਵੱਡੀ ਸਾਰੀ ਛੰਨ ਦੇ ਕੋਨੇ ਵਿੱਚ ਪਏ ਬੈਂਚ ਉਪਰ ਬੈਠਾ ਬਾਬੂ ਵੀ ਕਦੀ ਕਦਾਈਂ ਕਲਕੱਤੇ ਆਪਣੇ ਘਰ ਪੁੱਜ ਜਾਂਦਾ; ਮਾਂ, ਭੈਣਾਂ



ਇਸ ਬਣਵਾਸ ਵਿੱਚ ਯਾਦ ਆਉਂਦੀਆਂ। ਦਿਲ ਉਦਾਸ ਹੋ ਜਾਂਦਾ। ਇਨ੍ਹਾਂ ਬਾਰੇ ਇਸ ਨਿੱਕੀ ਕੁੜੀ ਨਾਲ ਤਾਂ ਗੱਲਾਂ ਆਰਾਮ ਨਾਲ ਕਰ ਸਕਦਾ ਸੀ, ਪਰ ਫੈਕਟਰੀ ਦੇ ਮਜ਼ਦੂਰਾਂ ਨਾਲ ਕੋਈ ਗੱਲ ਨਹੀਂ ਹੋ ਸਕਦੀ। ਉਹਨੂੰ ਇਉਂ ਭੁਲੇਖਾ ਪੈਂਦਾ ਜਿਵੇਂ ਇਹ ਕੁੜੀ ਉਹਦੇ ਘਰ ਦੇ ਸਾਰੇ ਜੀਆਂ ਨੂੰ ਜਾਣਦੀ ਹੈ। ਇਹ ਗੱਲ ਹੈ ਵੀ ਸੱਚ ਸੀ, ਸੁਣ-ਸੁਣ ਕੇ ਕੁੜੀ ਦੇ ਨਿੱਕੇ ਦਿਲ ਵਿੱਚ ਬਾਬੂ ਦੇ ਘਰ ਦੇ ਜੀਆਂ ਦੀਆਂ ਤਸਵੀਰਾਂ ਬਣ ਗਈਆਂ ਸਨ।

ਬਾਰਸ਼ ਰੁਕੀ ਤਾਂ ਇਕ ਦੁਪਹਿਰ ਠੰਢੀ ਹਵਾ ਵਗ ਰਹੀ ਸੀ, ਪਰ ਕਦੀ-ਕਦੀ ਪੱਤਿਆਂ ਅਤੇ ਸੰਘਣੇ ਘਾਹ ਵਿਚੋਂ ਦੀ ਹਵਾ ਦਾ ਗਰਮ ਬੁੱਲਾ ਥੱਕੀ ਹੋਈ ਧਰਤੀ ਦਾ ਹਉਕਾ ਲਗਦਾ। ਇਕ ਪੰਛੀ ਦੇਰ ਤੱਕ ਲਗਾਤਾਰ ਕੁਦਰਤ ਦੇ ਕੰਨ ਵਿੱਚ ਆਪਣੀ ਨਿੱਕੀ ਚੁੰਜ ਰਾਹੀਂ ਸ਼ਿਕਾਇਤਾਂ ਲਾਉਂਦਾ ਰਿਹਾ।

ਬਾਬੂ ਕੋਲ ਕਰਨ ਵਾਸਤੇ ਕੁਝ ਨਹੀਂ ਸੀ। ਤਾਜ਼ੇ ਧੋਏ ਹੋਏ ਪੱਤਿਆਂ ਦੀ ਸਰ-ਸਰਾਹਟ ਅਤੇ ਖਾਲੀ ਹੋਏ ਬੱਦਲਾਂ ਦੀ ਵਾਪਸੀ, ਦੇਖਣ ਵਾਲੇ ਨਜ਼ਾਰੇ ਸਨ। ਡਾਕ ਬਾਬੂ ਦੇਖ ਰਿਹਾ ਸੀ ਤੇ ਸੋਚ ਰਿਹਾ ਸੀ- ਕਾਸ਼! ਕੋਈ ਆਪਣਾ, ਕੋਈ ਦਿਲ ਦੀ ਗੱਲ ਕਰਨ ਸੁਣਨ ਵਾਲਾ, ਨੇੜੇ-ਤੇੜੇ ਹੁੰਦਾ।

ਚਹਿ-ਚਹਾਉਂਦੇ ਪੰਛੀ ਦਾ ਅਤੇ ਸਰ-ਸਰ ਕਰਦੇ ਪੱਤਿਆਂ ਦਾ ਹਾਲ ਵੀ ਇਹੋ ਸੀ। ਛੋਟੀ ਨੌਕਰੀ ਕਰਦੇ ਬਾਬੂ ਦੀ ਵੇਦਨਾ ਜਾਣਨ-ਸੁਣਨ ਵਾਲਾ ਕੋਈ ਨਹੀਂ ਸੀ।

ਹਉਕਾ ਲੈ ਕੇ ਬਾਬੂ ਨੇ 'ਵਾਜ ਮਾਰੀ- ਰਤਨੀ!

ਅਮਰੂਦ ਦੇ ਦਰਖਤ ਹੇਠ ਲੱਤਾਂ ਨਿਸਾਲੀ ਬੈਠੀ ਰਤਨੀ, ਕੱਚੇ ਅਮਰੂਦ ਖਾਣ ਵਿੱਚ ਮਗਨ ਸੀ।

ਮਾਸਟਰ ਦੀ ਆਵਾਜ਼ ਸੁਣ ਕੇ ਫਟਾਫਟ ਉਠੀ ਤੇ ਕਿਹਾ- ਮੈਨੂੰ ਬੁਲਾਇਐ ਦਾਦਾ?

-ਸੋਚ ਰਿਹਾ ਸੀ ਤੈਨੂੰ ਪੜ੍ਹਨਾ ਸਿਖਾ ਦਿਆ ਕਰਾਂ।

ਦੁਪਹਿਰ ਬਾਅਦ ਸਾਰਾ ਸਮਾਂ ਉਹ ਅੱਖਰਾਂ ਦੀ ਪਛਾਣ ਕਰਵਾਉਂਦਾ ਰਿਹਾ। ਥੋੜੇ ਦਿਨਾਂ ਵਿੱਚ ਉਹ ਦੋ-ਦੋ ਅੱਖਰ ਜੋੜਨੇ ਸਿੱਖ ਗਈ।

ਲਗਦਾ ਸੀ ਝੜੀ ਮੁੱਕਣ ਨਹੀਂ ਲੱਗੀ। ਨਹਿਰਾਂ, ਛੱਪੜ ਟੋਏ ਸਭ ਨੱਕੋ-ਨੱਕ ਭਰੇ ਹੋਏ। ਦਿਨ-ਰਾਤ ਕਣੀਆਂ ਦੀ ਤੜ-ਤੜ ਤੇ ਡੱਡੂਆਂ ਦੀ ਗੜੈਂ-ਗੜੈਂ ਸੁਣਾਈ ਦਿੰਦੀ। ਰਾਹ ਬੰਦ ਹੋ ਗਏ ਸਨ ਤੇ ਕੁਝ ਖਰੀਦਣ ਲਈ ਜਾਣਾ ਪੈ ਜਾਂਦਾ ਤਾਂ ਟੇਢੇ-ਮੇਢੇ ਹੋ ਕੇ ਛਾਲਾਂ ਮਾਰ-ਮਾਰ ਪਾਣੀ ਉਪਰੋਂ ਲੰਘਣਾ ਪੈਂਦਾ।

ਸਵੇਰ ਦੀ ਸੰਘਣੀ ਬੱਦਲਵਾਈ ਹੇਠ ਇਹ ਨਿੱਕੀ ਵਿਦਿਆਰਥਣ ਦਰਵਾਜੇ ਦੇ ਬਾਹਰ ਉਡੀਕਦੀ ਰਹੀ ਕਿ 'ਵਾਜ ਸੁਣੇਗੀ, ਪਰ ਦੇਰ ਤੱਕ ਕੋਈ ਆਵਾਜ਼ ਨਾ ਸੁਣੀ ਤਾਂ ਆਪਣਾ ਫਟਿਆ ਪੁਰਾਣਾ ਕਾਇਦਾ ਫੜੀ ਹੌਲੀ ਦੇਣੀ ਅੰਦਰ ਲੰਘ ਆਈ। ਮਾਸਟਰ ਨੂੰ ਚਟਾਈ 'ਤੇ ਲੇਟਿਆ ਹੋਇਆ ਦੇਖ ਕੇ ਪੱਬਾਂ ਭਾਰ, ਬਿਨਾਂ ਖੜਾਕ ਕਰਨ ਦੇ ਵਾਪਸ ਜਾਣ ਲੱਗੀ ਤਾਂ 'ਵਾਜ ਆਈ- ਰਤਨੀ।

-ਸੌਂ ਰਹੇ ਸੀ ਦਾਦਾ?

-ਮੈਂ ਠੀਕ ਨਹੀਂ ਅੱਜ। ਦੇਖ ਮੇਰਾ ਮੱਥਾ ਕਿਵੇਂ ਤਪ ਰਿਹੈ।

ਬਣਵਾਸ ਵਿੱਚ, ਉਦਾਸ ਬੱਦਲਵਾਈ ਵਿੱਚ ਉਹਨੂੰ ਨਾਜ਼ੁਕ ਹੱਥਾਂ ਦੀ ਛੁਹ ਚਾਹੀਦੀ ਸੀ। ਕੋਈ ਮੱਥਾ ਘੁੱਟੇ ਤੇ ਚੂੜੀਆਂ ਦੀ ਖਣਕਾਰ ਸੁਣਾਈ ਦੇਵੇ; ਮਾਂ, ਭੈਣ ਜਾਂ ਕਿਸੇ ਵੀ ਔਰਤ ਦਾ ਸਾਥ ਚਾਹੀਦਾ ਸੀ। ਬਣਵਾਸ ਮੰਗਲਮਈ ਹੋ ਗਿਆ ਜਦੋਂ ਰਤਨੀ ਨਿੱਕੀ ਛੋਕਰੀ ਨਾ ਰਹੀ। ਅਚਾਨਕ ਜਿਵੇਂ ਉਹ ਵੱਡੀ ਸਾਰੀ ਹੋ ਗਈ ਹੋਵੇ, ਪਿੰਡ ਦੇ ਵੈਦ ਕੋਲੋਂ ਦਵਾਈ ਲੈ ਆਈ। ਜਿਸ ਵੇਲੇ ਜੋ ਗੋਲੀ ਦੇਣੀ ਹੈ, ਦੇਣ ਵਾਸਤੇ ਰਾਤ ਭਰ ਸਰ੍ਹਾਣੇ ਨੇੜੇ ਬੈਠੀ ਜਾਗਦੀ ਰਹੀ। ਥੋੜੀ-ਥੋੜੀ ਦੇਰ ਬਾਅਦ ਪੁੱਛਦੀ- ਕੁਝ ਆਰਾਮ ਆਇਆ ਦਾਦਾ? ਫਰਕ ਪਿਆ?

ਕਮਜ਼ੋਰ ਜਿਸਮ ਮੰਜੇ ਤੋਂ ਉਠਣ ਲੱਗਾ, ਬੋਲਿਆ- ਹੱਦ ਈ ਹੋ ਗਈ। ਬਸ ਹੁਣ ਬਦਲੀ ਕਰਾਉਣੀ ਹੈ ਇਥੋਂ। ਉਸ ਨੇ ਆਪਣਾ ਫੈਸਲਾ ਸੁਣਾਇਆ। ਕਲਕੱਤੇ ਦਫ਼ਤਰ ਭੇਜਣ ਲਈ ਉਸ ਨੇ ਬੈਠ ਕੇ ਅਰਜ਼ੀ ਲਿਖੀ ਤੇ ਸਿਹਤਮੰਦ ਥਾਂ ਨਾ ਹੋਣ ਦੇ ਆਧਾਰ 'ਤੇ ਬਦਲੀ ਵਾਸਤੇ ਬੇਨਤੀ ਕੀਤੀ।

ਬਿਮਾਰ-ਪੁਰਸ਼ੀ ਦੀ ਆਪਣੀ ਡਿਊਟੀ ਨਿਭਾਅ ਕੇ ਇਹ ਨਿੱਕੀ ਨਰਸ ਫਿਰ ਦਰਵਾਜੇ ਦੇ ਬਾਹਰ ਆਪਣੇ ਟਿਕਾਣੇ 'ਤੇ ਪਰਤ ਆਈ, ਪਰ ਉਸ ਨੇ ਸੱਦਣ ਵਾਲੀ 'ਵਾਜ ਨਹੀਂ ਸੁਣੀ। ਝੀਤਾਂ ਵਿਚੋਂ ਦੇਖਦੀ, ਕਦੇ ਬਾਬੂ ਮੇਜ਼ ਕੁਰਸੀ ਡਾਹੀ ਕੁਝ ਲਿਖਣ ਲੱਗਾ ਹੈ, ਕਦੀ ਚਟਾਈ 'ਤੇ ਲੇਟਿਆ ਪਿਐ, ਤੇ ਖਾਲੀ-ਖਾਲੀ ਅੱਖਾਂ ਨਾਲ ਇਧਰ-ਉਧਰ ਦੇਖਦੈ। ਪੁਰਾਣੇ ਪਾਠਾਂ ਨੂੰ ਰੱਟਾ ਲਾਈ ਗਈ, ਜਦੋਂ 'ਵਾਜ ਪਈ ਤੋਂ ਅੰਦਰ ਜਾਏਗੀ ਤਾਂ ਦੋ-ਦੋ ਅਖਰ ਜੋੜ ਕੇ ਸੁਣਾਉਣੇ ਹੋਣਗੇ ਨਾ। ਹਫ਼ਤੇ ਬਾਅਦ ਇਕ ਸ਼ਾਮ ਆਵਾਜ਼ ਸੁਣੀ। ਖੁਸ਼-ਖੁਸ਼ ਰਤਨੀ ਕਮਰੇ ਅੰਦਰ ਗਈ- ਮੈਨੂੰ 'ਵਾਜ ਮਾਰੀ ਦਾਦਾ?

ਬਾਬੂ ਨੇ ਕਿਹਾ- ਸਵੇਰ ਮੈਂ ਚਲਾ ਜਾਵਾਂਗਾ ਰਤਨੀ।

-ਕਿਥੇ ਜਾਓਗੇ ਦਾ?

-ਘਰ ਜਾਊਂਗਾ। ਕਲਕੱਤੇ।

-ਤੇ ਮੁੜੋਗੇ ਕਦੋਂ?

-ਹੁਣ ਨੀ ਮੈਂ ਆਉਣਾ।

ਰਤਨੀ ਨੇ ਅਗਲਾ ਸਵਾਲ ਨਹੀਂ ਪੁੱਛਿਆ। ਬਾਬੂ ਨੇ ਖੁਦ ਹੀ ਦੱਸਿਆ ਕਿ ਬਦਲੀ ਵਾਲੀ ਉਹਦੀ ਅਰਜ਼ੀ ਮਨਜ਼ੂਰ ਨਹੀਂ ਹੋਈ, ਅਸਤੀਫਾ ਦੇ ਦਿੱਤਾ ਹੈ। ਹੁਣ ਘਰ ਜਾਣਾ ਹੈ।

ਦੇਰ ਤੱਕ ਦੋਵੇਂ ਚੁੱਪ ਰਹੇ। ਦੀਵਾ ਧੀਮਾ-ਧੀਮਾ ਬਲਦਾ ਰਿਹਾ। ਚੋਂਦੀ ਛੱਤ ਵਿਚੋਂ ਹੇਠਾਂ ਰੱਖੇ ਘੜੇ ਵਿੱਚ ਡਿਗਦੀ ਬੂੰਦ ਦੀ ਆਵਾਜ਼ ਰੁਕ-ਰੁਕ ਕੇ ਆਉਂਦੀਰਹੀ। ਟੱਪ-ਟੱਪ ਟੱਪ-ਟੱਪ।

ਰਤਨੀ ਉਠੀ, ਚੁੱਲ੍ਹੇ ਵਿੱਚ ਅੱਗ ਬਾਲਣ ਵਾਸਤੇ ਰਸੋਈ ਵੱਲ ਗਈ। ਉਸ ਦੇ ਹੱਥਾਂ ਵਿੱਚ ਪਹਿਲਾਂ ਵਾਂਗ ਫੁਰਤੀ ਨਹੀਂ ਅੱਜ। ਉਸ ਦੇ ਨਿੱਕੇ ਜਿਹੇ ਸਿਰ ਵਿੱਚ ਕਈ ਕਿਸਮ ਦੇ ਨਵੇਂ ਖਿਆਲਾਂ ਦੀ ਆਵਾਜਾਈ ਹੁੰਦੀ ਰਹੀ। ਬਾਬੂ ਨੇ ਖਾਣਾ ਖਾ ਲਿਆ ਤਾਂ ਅਚਾਨਕ ਕੁੜੀ ਨੇ ਕਿਹਾ- ਮੈਨੂੰ ਵੀ ਆਪਣੇ ਨਾਲ ਲੈ ਜਾਓ ਦਾਦਾ।

ਬਾਬੂ ਹੱਸ ਪਿਆ- ਤੈਨੂੰ ਲਿਜਾਵਾਂ? ਕਮਾਲ ਐ!

ਪਹਿਲਾਂ ਜਾਗਦਿਆਂ, ਫਿਰ ਸੁਫਨਿਆਂ ਵਿੱਚ ਉਸ ਨੂੰ ਹੱਸਦੇ ਬਾਬੂ ਦਾ ਇਕ ਵਾਕ ਲਗਾਤਾਰ ਸੁਣਾਈ ਦੇਈ ਗਿਆ- ਕਮਾਲ ਐ!

ਸਵੇਰ ਵੇਲੇ ਬਾਬੂ ਉਠਿਆ, ਇਸ਼ਨਾਨ ਵਾਸਤੇ ਪਾਣੀ ਦਾ ਘੜਾ ਭਰਿਆ ਪਿਆ ਸੀ। ਪੇਂਡੂਆਂ ਵਾਂਗ ਦਰਿਆ ਵਿੱਚ ਛਾਲ ਮਾਰਨ ਦੀ ਥਾਂ ਉਹ ਸ਼ਹਿਰੀਆਂ ਵਾਂਗ ਘੜੇ ਦੇ ਪਾਣੀ ਨਾਲ ਨਹਾਉਂਦਾ ਸੀ। ਕੁੜੀ ਪੁੱਛ ਨਾ ਸਕੀ ਕਦੋਂ ਕੁ ਜਾਣਾ ਹੈ, ਇਸ ਕਰ ਕੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਸ ਨੇ ਘੜੇ ਭਰ ਦਿੱਤੇ। ਕੀ ਪਤਾ ਦਾਦਾ ਨੂੰ ਕਦੋਂ ਲੋੜ ਪੈ ਜਾਵੇ। ਨਹਾਉਣ ਤੋਂ ਬਾਅਦ 'ਵਾਜ ਆਈ- ਰਤਨੀ।

ਬਿਨਾਂ ਖੜਾਕ ਕਰਨ ਦੇ ਲੰਘ ਆਈ। ਮਾਸਟਰ ਦੇ ਮੂੰਹ ਵਲ ਖਾਮੋਸ਼ ਦੇਖਦੀ ਰਹੀ ਕਿ ਕੀ ਹੁਕਮ ਹੈ। ਮਾਸਟਰ ਨੇ ਕਿਹਾ- ਮੇਰੇ ਜਾਣ ਪਿਛੋਂ ਘਬਰਾਈਂ ਨਾ ਰਤਨੀ। ਮੇਰੀ ਥਾਉਂ ਜਿਹੜਾ ਬੰਦਾ ਆਵੇਗਾ, ਮੈਂ ਉਹਨੂੰ ਕਹੂੰਗਾ ਤੇਰਾ ਖਿਆਲ ਰੱਖੇ।

ਇਹ ਸ਼ਬਦ ਦਿਆਲੂ ਲਗਦੇ ਹਨ, ਪਰ ਕੁੜੀ ਦੇ ਦਿਲ ਦੀਆਂ ਕੌਣ ਜਾਣੇ।

ਰਤਨੀ ਨੇ ਬੜੀ ਵਾਰ ਆਪਣੇ ਬਾਬੂ ਤੋਂ ਝਿੜਕਾਂ ਖਾਧੀਆਂ ਸਨ, ਪਰ ਉਸ ਨੇ ਬੁਰਾ ਨਹੀਂ ਮਨਾਇਆ ਸੀ। ਬਾਬੂ ਦੇ ਇਨ੍ਹਾਂ ਦਿਆਲੂ ਲਫ਼ਜ਼ਾਂ ਨੂੰ ਉਹ ਬਰਦਾਸ਼ਤ ਨਾ ਕਰ ਸਕੀ, ਫੁਟ-ਫੁਟ ਕੇ ਰੋਈ- ਨਹੀਂ ਨਹੀਂ। ਕਿਸੇ ਕੋਲ ਮੇਰੀ ਗੱਲ ਕਰਨ ਦੀ ਲੋੜ ਨ੍ਹੀਂ। ਮੈਂ ਇਥੇ ਰਹਿਣਾ ਈ ਨ੍ਹੀਂ ਹੁਣ।

ਬਾਬੂ ਸੁੰਨ ਹੋ ਗਿਆ। ਇਸ ਤਰ੍ਹਾਂ ਦੀ ਰਤਨੀ ਤਾਂ ਉਸ ਨੇ ਕਦੀ ਦੇਖੀ ਨਹੀਂ ਸੀ।

ਨਵਾਂ ਮੁਲਾਜ਼ਮ ਆ ਗਿਆ, ਤੇ ਉਸ ਨੂੰ ਚਾਰਜ ਦੇ ਦਿੱਤਾ। ਤੁਰਨ ਤੋਂ ਪਹਿਲਾਂ ਰਤਨੀ ਨੂੰ ਬੋਲ ਮਾਰਿਆ- ਤੇਰੇ ਵਾਸਤੇ ਥੋੜਾ ਕੁ ਇਹ। ਤੇਰੇ ਕੰਮ ਆਏਗਾ। ਇਹ ਕਹਿ ਕੇ ਉਸ ਨੇ ਸਫਰ ਵਾਸਤੇ ਥੋੜੇ ਪੈਸੇ ਰੱਖ ਕੇ ਬਾਕੀ ਮਹੀਨੇ ਦੀ ਸਾਰੀ ਤਨਖਾਹ ਜੇਬ ਵਿਚੋਂ ਕੱਢ ਕੇ ਰਤਨੀ ਵੱਲ ਹੱਥ ਵਧਾਇਆ।

-ਓ ਦਾਦਾ, ਮੈਂ ਹੱਥ ਜੋੜਦੀ ਆਂ। ਮੈਨੂੰ ਨ੍ਹੀਂ ਚਾਹੀਦਾ ਕੁਝ। ਮੇਰਾ ਭੋਰਾ ਫਿਕਰ ਨਾ ਕਰ। ਇਹ ਕਹਿ ਕੇ ਉਹ ਦੌੜ ਕੇ ਨਜ਼ਰੋਂ ਉਹਲੇ ਹੋ ਗਈ।

ਹਉਕਾ ਲੈ ਕੇ ਬਾਬੂ ਨੇ ਬੈਗ ਚੁੱਕਿਆ, ਮੋਢੇ 'ਤੇ ਛਤਰੀ ਟਿਕਾਈ, ਇਕ ਆਦਮੀ ਨੂੰ ਰੰਗ-ਬਰੰਗਾ ਟਰੰਕ ਚੁਕਾ ਕੇ ਘਾਟ ਵੱਲ ਤੁਰ ਪਿਆ।

ਜਦੋਂ ਬੈਠ ਗਿਆ, ਬੇੜੀ ਠਿਲ੍ਹ ਪਈ, ਧਰਤੀ ਦੇ ਹੰਝੂਆਂ ਵਾਂਗ ਨਦੀ ਵਗਦੀ ਦੇਖੀ, ਚੱਪੂਆਂ ਦੀਆਂ ਸਿਸਕੀਆਂ ਸੁਣੀਆਂ ਤਾਂ ਦਿਲ ਬੈਠਣ ਲੱਗਾ। ਦੁੱਖ ਨਾਲ ਪੀੜਤ ਕੁੜੀ ਦਾ ਚਿਹਰਾ ਉਸ ਨੂੰ ਖਾਮੋਸ਼ ਧਰਤੀ ਮਾਂ ਦੇ ਮੂੰਹ ਵਰਗਾ ਲੱਗਾ। ਇਕ ਵਾਰੀ ਉਹਨੇ ਸੋਚਿਆ, ਵਾਪਸ ਜਾ ਕੇ ਸੰਸਾਰ ਵੱਲੋਂ ਤਿਆਗੇ ਇਸ ਅੰਬਰੀ ਅੰਡੇ ਨੂੰ ਲੈ ਆਵਾਂ, ਪਰ ਬਾਦਬਾਨਾਂ ਵਿੱਚ ਤਾਂ ਹਵਾ ਭਰ ਚੁੱਕੀ ਸੀ। ਬੇੜੀ ਤਾਂ ਮੰਝਧਾਰ ਤੱਕ ਅੱਪੜ ਗਈ ਸੀ। ਪਿੰਡ ਦੂਰ ਪਿੱਛੇ ਰਹਿ ਗਿਆ ਸੀ, ਧੁੱਪੇ ਜਲਦੇ ਖੇਤ ਸਾਫ ਦਿਸ ਰਹੇ ਸਨ।

ਤੇਜ਼ ਵਗਦੇ ਦਰਿਆ ਦੀ ਛਾਤੀ ਉਪਰੋਂ ਦੀ ਲੰਘਦੇ ਬਾਬੂ ਦੇ ਦਿਲ ਵਿਚ ਧਰਤੀ ਉਪਰ ਵਾਪਰਦੇ ਮਿਲਾਪ ਅਤੇ ਵਿਜੋਗ ਬਾਬਤ, ਮੌਤ ਬਾਬਤ ਅਣਗਿਣਤ ਦਾਰਸ਼ਨਿਕ ਖਿਆਲ ਆਏ, ਜਿਥੋਂ ਗਏ ਮੁਸਾਫਰ ਵਾਪਸ ਨਹੀਂ ਪਰਤਦੇ।

ਪਰ ਰਤਨੀ ਕੋਲ ਕੋਈ ਫਲਸਫਾ ਨਹੀਂ ਸੀ। ਹੰਝੂਆਂ ਦੇ ਹੜ੍ਹ ਅੱਖਾਂ ਵਿਚ ਚੁੱਕੀ ਉਹ ਡਾਕਖਾਨੇ ਦੁਆਲੇ ਫਿਰਦੀ ਰਹੀ। ਉਹਦੇ ਦਿਲ ਵਿਚ ਅਜੇ ਵੀ ਆਸ ਅੜੀ ਬੈਠੀ ਸੀ- ਸ਼ਾਇਦ ਦਾਦਾ ਵਾਪਸ ਆ ਈ ਜਾਏ, ਆਸ ਉਸ ਦਾ ਰਿਸ਼ਤਾ ਡਾਕਖਾਨੇ ਨਾਲੋਂ ਟੁੱਟਣ ਨਹੀਂ ਸੀ ਦਿੰਦੀ।

ਮਿੰਨੀ ਕਹਾਣੀ

## ਮਾਂ ਦਾ ਹਿਰਦਾ

ਪਰਸੋਤਮ ਲਾਲ ਸਰੋਏ

ਗੁਰਤੇਜ਼ ਬੜੀ ਦੇਰ ਬਾਅਦ ਜਗਮੋਹਣ ਨੂੰ ਮਿਲਿਆ। ਦੋਵੇਂ ਬੜੇ ਚਾਅ ਨਾਲ ਗਲੇ ਲੱਗ ਕੇ ਮਿਲੇ। ਬਸ ਫਿਰ ਕੀ ਸੀ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਗਮੋਹਣ ਯਾਰ ਕਲ ਦੀ ਪੰਜਾਬੀ ਅਖ਼ਬਾਰ ਵਿੱਚ ਇੱਕ ਖ਼ਬਰ ਪੜੀ ਏ? ਕਿਹੜੀ ਗੁਰਤੇਜ਼। ਓਹੀ ਯਾਰ! ਇੱਕ ਕੁੱਤੀ ਨੇ ਬਿੱਲੀ ਦੇ ਬੱਚੇ ਨੂੰ ਦੁੱਧ ਪਿਆਇਆ। ਹਾਂ ਯਾਰ ਮੈਂ ਵੀ ਇਸ ਖ਼ਬਰ ਨੂੰ ਪੜ ਕੇ ਦੰਗ ਰਹਿ ਗਿਆ ਸੀ। ਫਿਰ ਵੀ ਮਾਂ ਬੋਹੜ ਦੀ ਛਾਂ ਹੁੰਦੀ ਏ ਨਾ ਜਗਮੋਹਣ। ਹਾਂ ਗੁਰਤੇਜ਼। ਉਸ ਬੇਚਾਰੀ ਤੋਂ ਬਿੱਲੀ ਦੇ ਬੱਚੇ ਦੀ ਭੁੱਖ ਦੇਖੀ ਨਹੀਂ ਗਈ ਹੋਣੀ। ਤਦੇ ਤਾਂ ਉਸ ਨੂੰ ਉਸ ਬੱਚੇ ਉੱਪਰ ਤਰਸ ਆ ਗਿਆ ਹੋਣੈ ਤੇ ਮੋਹ ਵਿੱਚ ਭਿੱਜੀ ਹੋਈ ਬੇਚਾਰੀ ਨੇ ਆਪਣੀ ਨਸ਼ਲ ਦੀ ਪ੍ਰਵਾਹ ਕੀਤੇ ਬਗੈਰ ਹੀ ਉਸ ਬਿੱਲੀ ਦੇ ਬੱਚੇ ਨੂੰ ਦੁੱਧ ਪਿਆ ਦਿੱਤਾ। ਪਰ ਜਗਮੋਹਣ ਕਈ ਵਾਰ ਤਾਂ ਇਹ ਵੀ ਸੁਣਨ-ਪੜਨ ਨੂੰ ਮਿਲਿਆ ਬਈ ਇੱਕ ਮਾਂ ਨੇ ਆਪਣੇ ਨਵ- ਜਨਮੇਂ ਬੱਚੇ ਨੂੰ ਨਹਿਰ ਵਿੱਚ ਸੁੱਟ ਦਿੱਤਾ ਜਾਂ ਫਿਰ ਝਾੜੀਆਂ ਵਿੱਚ ਲਿਟਾ ਕੇ ਉੱਥੋ ਚਲੀ ਗਈ। ਕੀ ਉਨ੍ਹਾਂ ਮਾਂਵਾਂ ਦਾ



ਕਲੇਜ਼ਾ ਨਹੀਂ ਹੁੰਦਾ? ਕੀ ਜਾਨਵਰਾਂ ਵਿੱਚ ਇਨਸਾਨਾਂ ਤੋਂ ਵੱਧ ਸਮਝ ਹੈ? ਇਹ ਗੱਲ ਸੁਣ ਕੇ ਜਗਮੋਹਣ ਚੁੱਪ ਕਰ ਗਿਆ। ਉਹ ਹੁਣ ਗੁਰਤੇਜ਼ ਨੂੰ ਇਸਦਾ ਕਾਰਨ ਸਮਝਾਉਣ ਵਿੱਚ ਆਪਣੇ ਆਪ ਨੂੰ ਅਸਮਰਥ ਮਹਿਸੂਸ ਕਰ ਰਿਹਾ ਸੀ।

# ਮੇਰੀ ਕਲਮ



## ਕਦੀ ਜੰਗਲਾਂ ਦੇ ਅੰਦਰ



ਸੁਰਜੀਤ ਪਾਤਰ



ਕਦੀ ਜੰਗਲਾਂ ਦੇ ਅੰਦਰ,
ਕਦੀ ਪਰਬਤਾਂ ਦੇ ਦੁਆਰੇ
ਸਦੀਆਂ ਤੋਂ ਵਾ ਦੇ ਬੁੱਲੇ,
ਫਿਰਦੇ ਨੇ ਮਾਰੇ ਮਾਰੇ
ਤਪਦਾ ਏ ਤਪਿਆ ਸੂਰਜ,
ਸਾਗਰ 'ਚ ਡੁੱਬ ਨਾ ਸਕਿਆ
ਪਾਣੀ ਸਮੁੰਦਰਾਂ ਦਾ,
ਤਪ ਕੇ ਮਿਲਣ ਨੂੰ ਉਡਿਆ
ਡਿਗਿਆ ਪਹਾੜਾਂ ਉਤੇ,
ਬਣ ਕੇ ਬਰਫ਼ ਦੇ ਤੂੰਬੇ
ਕਿੰਜ ਸ਼ਾਂਤ ਹੋ ਰਹੇ ਨੇ,
ਉਹਦੇ ਕਾਲਜੇ ਦੇ ਲੂੰਬੇ
ਧਰਤੀ ਹਜ਼ਾਰ ਦੁਖੜੇ,
ਸੀਨੇ ਦੇ ਵਿਚ ਲੁਕੋਂਦੀ
ਅੰਦਰ ਲੁਕੇ ਜਲਾਂ ਵਿੱਚ,
ਅੱਖੀਆਂ ਡੁਬੋ ਕੇ ਰੋਂਦੀ

ਕਦੀ ਪਾੜ ਕੇ ਕਲੇਜਾ,
ਫੁਟਦੀ ਏ ਤੇਜ਼ ਜੁਆਲਾ
ਟੁਟਦੇ ਨੇ ਕੜ ਸਬਰ ਦੇ,
ਖਾਂਦਾ ਏ ਦਿਲ ਉਛਾਲਾ
ਜੋ ਸਹਿ ਲਿਆ ਏ ਸਦੀਆਂ,
ਇਕ ਦਿਵਸ ਨਾ ਸਹੇਗਾ
ਸਦੀਆਂ ਦੀ ਅਣਕਹੀ ਨੂੰ,
ਇਕ ਹਾਦਸਾ ਕਹੇਗਾ
ਇਹ ਨੇੜਤਾ ਦੀ ਸੱਧਰ,
ਤੇ ਦੂਰੀਆਂ ਦਾ ਮਸਲਾ
ਸੰਯੋਗ ਦਾ ਇਹ ਸੁਪਨਾ,
ਤੇ ਵਿਯੋਗ ਦਾ ਇਹ ਅਸਲਾ
ਅਟਕੇ ਨੇ ਰੂਪ ਸਾਰੇ,
ਇਕ ਦੂਸਰੇ ਸਹਾਰੇ
ਜੇ ਕੋਸ਼ਿਸ਼ ਨਹੀਂ ਤਾਂ ਕੀ ਨੇ,
ਇਹ ਜਹਾਨ ਦੇ ਖਲਾਰੇ

## ਡੁਬ ਕੇ ਜੋ ਤਾਰੂ ਸਮੁੰਦਰ ਵਿੱਚ

ਪ੍ਰਿੰਸੀਪਲ ਤਖ਼ਤ ਸਿੰਘ



ਡੁਬ ਕੇ ਜੋ ਤਾਰੂ ਸਮੁੰਦਰ ਵਿੱਚ ਕਿਤੇ ਰਹਿ ਜਾਣਗੇ।
ਪਾਣੀਆਂ ਉੱਤੇ ਉਨ੍ਹਾਂ ਦੇ ਨਾਂ ਲਿਖੇ ਰਹਿ ਜਾਣਗੇ।
ਪੰਛੀਆਂ ਉੱਪਰ ਤਾਂ ਲਾ ਦਿੱਤੇ ਤੂੰ ਪਹਿਰੇ, ਪਰ ਜੋ ਗੀਤ,
ਚੜ੍ਹ ਗਏ ਪੌਣਾਂ ਦੇ ਮੂੰਹ, ਕੀ ਅਣਸੁਣੇ ਰਹਿ ਜਾਣਗੇ।
ਆਪਣੀ ਧੁਨ ਵਿੱਚ ਮਸਤ ਚੁੱਕਣਗੇ ਸਿਰਾਂ ਤੇ ਟੀਸੀਆਂ,
ਸੰਸਿਆਂ ਮਾਰੇ ਗੁਫ਼ਾਵਾਂ ਵਿੱਚ ਤੜੇ ਰਹਿ ਜਾਣਗੇ।
ਪਲ ਕੁ ਪੱਥਰ ਵਾਂਗ ਇਉਂ ਵੱਜਾਂਗਾ ਆਪਣੇ ਆਪ ਨੂੰ,
ਫੁੱਲ ਅਚੰਭੇ ਵਿੱਚ ਜੁਗਾਂ ਤੀਕਰ ਪਏ ਰਹਿ ਜਾਣਗੇ।
ਆਸ ਸੀ ਤੈਨੂੰ ਨ ਮੈਂ ਹੀ ਸੀ ਕਦੇ ਇਹ ਸੋਚਿਆ,
ਫਾਸਿਲੇ ਸਾਡੇ ਵਿਚਾਲੇ ਵੀ ਅੜੇ ਰਹਿ ਜਾਣਗੇ।
ਵਾਗ਼ ਛੱਡ ਦਿੱਤੀ ਗਈ ਢਿੱਲੀ ਜਦੋਂ ਤੂਫ਼ਾਨ ਦੀ,
ਵੇਖੀਏ ਦੀਵੇ ਕਿਵੇਂ ਬੁਝਣੋਂ ਬਚੇ ਰਹਿ ਜਾਣਗੇ।
ਇੱਕ ਅਗੰਮੀ 'ਵਾਜ਼ ਖਿੱਚ ਏਨੀ ਮਨਾਂ ਨੂੰ ਪਾਏਗੀ,
ਪੰਛੀਆਂ ਨੂੰ ਬਿਰਛ ਉਡਣੋਂ ਰੋਕਦੇ ਰਹਿ ਜਾਣਗੇ।
ਮੇਰੇ ਸੁਪਨੇ ਹੂਬਹੂ ਪਾਣੀ ਦੇ ਸ਼ੀਸ਼ੇ ਵਾਂਗ ਸਨ,
ਟੁਕੜੇ ਟੁਕੜੇ ਹੋਣਗੇ ਫਿਰ ਵੀ ਜੁੜੇ ਰਹਿ ਜਾਣਗੇ।
ਸਾਡੇ ਸਿਰ, ਤੇ ਕਰਨ ਜੋ ਮੌਜਾਂ ਸਿਰੋਂ ਛੰਡੋ ਪਰ੍ਹਾਂ,
ਆਪੇ ਮਜਬੂਰਨ ਹਵਾ ਵਿੱਚ ਚੀਥ ਦੇ ਰਹਿ ਜਾਣਗੇ।
ਮਨਚਲੇ ਪੁੱਜ ਜਾਣਗੇ,ਆਕਾਸ਼ ਗੰਗਾ ਤੋਂ ਵੀ ਪਾਰ,
ਸੋਚਦੇ ਰਹਿਣੈ ਜਿੰਨ੍ਹਾਂ ਨੇ ਸੋਚਦੇ ਰਹਿ ਜਾਣਗੇ।

## ਝੜਦੇ ਨਾ ਪੱਤ ਵੇਖ ਤੂੰ ਖਿੜਦੇ ਗੁਲਾਬ

ਡਾ. ਜਗਤਾਰ



ਝੜਦੇ ਨਾ ਪੱਤ ਵੇਖ ਤੂੰ ਖਿੜਦੇ ਗੁਲਾਬ ਦੇਖ ।
ਦੇ ਗਈ ਹਿਯਾਤ ਮੌਤ ਨੂੰ ਕੈਸਾ ਜਵਾਬ ਦੇਖ ।
ਅੰਦਰੋਂ ਫ਼ਟੀ ਨਾ ਹੋਵੇ ਜਾਂ ਪਹਿਲੋਂ ਈ ਕਿਸੇ ਪੜ੍ਹੀ,
ਜੈਕਟ ਤੇ ਐਵੇਂ ਰੀਝ ਨਾ ਅੰਦਰੋਂ ਕਿਤਾਬ ਦੇਖ ।
ਹੈ ਦਰਦ ਬੇਹਿਸਾਬ ਤੇ ਹਾਲੇ ਬੜੀ ਹੈ ਰਾਤ,
ਕਿੰਨੀ ਕੁ ਰਹਿ ਗਈ ਹੈ ਤੂੰ ਅਪਣੀ ਸ਼ਰਾਬ ਦੇਖ ।
ਸੂਰਜ ਦਾ ਰੰਗ ਖੁਰ ਗਿਆ ਸੰਧਿਆ ਦੀ ਝੀਲ ਵਿੱਚ,
ਦਰਦਾਂ ਦੇ ਮਹਿਕ ਉਠੇ ਨੇ ਏਧਰ ਗੁਲਾਬ ਦੇਖ ।
ਤੋਤਾ, ਕਦੇ ਹੈ ਬਾਘ ਤੇ ਖ਼ਰਗੋਸ਼ ਹੈ ਕਦੇ,
ਇਕ ਆਦਮੀ ਦੇ ਕੋਲ ਨੇ ਕਿੰਨੇ ਨਕਾਬ ਦੇਖ ।
ਕਿੰਨੇ 'ਯਜ਼ੀਦ' ਨੇ ਖੜੇ ਕੰਢਿਆਂ ਦੇ ਇਰਦ ਗਿਰਦ,
ਬਣਕੇ 'ਫ਼ਰਾਤ' ਰਹਿ ਗਏ, ਸਤਲੁਜ ਚਨਾਬ ਦੇਖ ।
'ਨਾਜ਼ਮ' ਤੇ 'ਪਾਬਲੋ' ਦੇ ਅੱਜ ਗੀਤਾਂ ਤੇ ਬੰਦਸ਼ਾਂ,
'ਜਗਤਾਰ' ਕੈਸਾ ਆ ਗਿਆ ਹੈ ਇਨਕਲਾਬ ਦੇਖ ।

## ਚੁਰਸਤਾ

ਸੋਹਣ ਸਿੰਘ ਮੀਸ਼ਾ

ਕਿੰਨੀ ਅੰਨ੍ਹੀ ਹੈ ਇਹ ਰਾਤ
ਬੁਝ ਗਏ ਸਾਰੇ ਚਿਰਾਗ,
ਚੌਂਕ ਦੀ ਬੱਤੀ ਬਿਨਾਂ ਚੌਂਕ
ਦੀ ਮਰੀਅਲ ਜਿਹੀ ਬੱਤੀ ਬਿਨਾਂ
ਕਿਰਨ ਚਾਨਣ ਦੀ ਕਿਤੋਂ ਵੀ
ਪਾ ਰਹੀ ਨਾ ਕੋਈ ਝਾਤ।

ਸੁੰਘਿਆ ਇਸ ਨੂੰ ਉਦਾਸੀ-ਸੱਪ ਨੇ
ਸੌਂ ਗਿਆ ਕਿ ਮਰ ਗਿਆ ਇਹ ਸ਼ਹਿਰ ਹੈ ?
ਹੌਕੇ ਭਰਦੀ ਸੋਗ ਦੇ
ਹੈ ਪੌਣ ਸਾਹੋਂ ਉਖੜੀ,
ਫੂਕਰਾਂ ਨੇ ਮਾਰਦੇ ਨ੍ਹੇਰੇ ਦੇ ਨਾਗ,
ਇਸ ਫਿਜ਼ਾ ਦੀ ਰਗ-ਰਗ ਵਿੱਚ ਜ਼ਹਿਰ ਹੈ,
ਕਹਿਰ ਹੈ, ਹਾਏ ਕਹਿਰ ਹੈ।

ਰਾਤ ਕਿੰਨੀ ਸੀਤ ਹੈ।
ਦਿਲ ਕਿਸੇ ਦੀ ਨੁੱਕਰ ਵੀ
ਚਿਣਗ ਬਾਕੀ ਹੈ ਕੋਈ ?
ਭੇਤ ਨਾ ਕੋਈ ਭੇਤ ਨਾ,
ਅਹਿਸਾਸ ਠੰਢਾ ਹੋ ਰਿਹਾ,
ਸੁੰਨ ਹੁੰਦੀ ਜਾ ਰਹੀ ਹੈ ਚੇਤਨਾ।
ਚੌਹੀਂ ਪਾਸੀਂ ਰਾਤ ਅੰਨ੍ਹੀ ਸੀਤ ਹੈ।

ਕਿੰਨਾ ਔਖਾ ਹੈ ਚੁਰਸਤਾ ਛੱਡਣਾ।
ਹਾਏ ਹੱਡਾਂ ਵਿਚ ਸਿੱਕਾ ਭਰ ਗਿਆ।
ਸੱਚ ਤੇ ਪਰਦਾ ਸਿਆਹ
ਤੇ ਸੂਝ ਦੀ ਹੋਈ ਬੇਵਾਹ
ਚੌਂਕ ਦੀ ਮਰੀਅਲ ਜਿਹੀ ਬੱਤੀ
ਕਸੇ ਨੂੰ ਕੀ ਵਿਖਾ ਸਕਦੀ ਏ ਰਾਹ।
ਐਵੇਂ ਹਮਦਰਦੀ ਜਿਹੀ ਜਤਲਾ ਰਹੀ,
ਕੁਝ ਕਹਿੰਦੀ ਕਹਿੰਦੀ ਏ ਥਥਲਾ ਰਹੀ।

ਮੌਤ ਦਾ ਪਹਿਰਾ ਸਹੀ
ਫਿਰ ਵੀ ਆਖਰੀ ਸ਼ਹਿਰ ਹੈ,
ਐ ਮਨਾ, ਚਲ ਫੇਰ
ਕੋਈ ਖਟਖਟਾ ਕੇ ਵੇਖ ਦਰ।
ਨਾ ਸਹੀ ਕੋਈ ਉਮੀਦ
ਪਰ ਕੋਈ ਹੀਲਾ ਤਾਂ ਕਰ।

## ਉਨ੍ਹਾਂ ਨੇ ਸੋਚਕੇ ਦਰਿਆ ਦੇ ਪਹਿਲਾਂ ਪੁਲ ਬਣਾ ਦਿੱਤਾ

ਸਿਰੀ ਰਾਮ ਅਰਸ਼

ਉਨ੍ਹਾਂ ਨੇ ਸੋਚਕੇ ਦਰਿਆ ਦੇ ਪਹਿਲਾਂ ਪੁਲ ਬਣਾ ਦਿੱਤਾ।
ਤੇ ਫਿਰ ਪੁਲ 'ਤੇ ਚਿਰਾਗ਼ੀ ਵਾਸਤੇ ਲੁੱਡਣ ਬਠਾ ਦਿੱਤਾ।
ਜਦੋਂ ਦੇਖੇ ਮੈਂ ਝੱਖੜ ਵਧ ਰਹੇ ਮੇਰੇ ਨਗਰ ਵੱਲ ਨੂੰ,
ਤਦੋਂ ਘਰ ਦੇ ਬਨੇਰੇ 'ਤੇ ਮੈਂ ਇੱਕ ਦੀਵਾ ਜਗਾ ਦਿੱਤਾ।
ਇਹ ਕੈਸੀ ਦੂਰ-ਅੰਦੇਸ਼ੀ ਹੈ ਮੇਰੇ ਰਾਹਬਰੋ! ਦੱਸੋ ?
ਤੁਸੀਂ ਹੱਸਕੇ ਮਜ਼ਾਰਾਂ ਹੇਠਲਾ ਰਕਬਾ ਵਧਾ ਦਿੱਤਾ।
ਖ਼ਿਲਾਫ਼ ਉਨ੍ਹਾਂ ਦੇ ਜਿਨ੍ਹਾਂ ਨੇ ਜੋਸ਼ ਵਿੱਚ ਨਾਅਰੇ ਲਗਾਏ ਸਨ,
ਉਸੇ ਨੇ ਨਾਬਰਾਂ ਦੇ ਜੋਸ਼ ਨੂੰ ਗੂੰਗਾ ਬਣਾ ਦਿੱਤਾ।
ਜਿਹੜੇ ਦਰਬਾਰ ਵਿੱਚ ਜਾ ਕੇ ਸਿਰਾਂ ਦੇ ਮੁੱਲ ਪੈਂਦੇ ਹਨ,
ਵਤਨ ਦੇ ਸੂਰਬੀਰਾਂ ਨੇ ਉਸੇ ਦਰ ਦਾ ਪਤਾ ਦਿੱਤਾ।
ਕਿਵੇਂ ਮੁਫ਼ਲਿਸ ਵਿਚਾਰਾ ਏਸ ਥਾਂ ਕੱਟੇਗਾ ਦਿਨ ਆਪਣੇ,
ਤੁਸੀਂ ਲੋੜੀਂਦੀਆਂ ਵਸਤਾਂ 'ਤੇ ਡਾਢਾ ਕਰ ਲਗਾ ਦਿੱਤਾ।
ਤੁਹਾਡਾ ਸ਼ੁਕਰੀਆ ਰੱਬਾ! ਜੋ ਕਹਿੰਦੇ ਹੋ, ਉਹ ਕਰਦੇ ਹੋ,
ਮੇਰੇ ਵਿੱਛੜੇ ਹੋਏ ਦਿਲਦਾਰ ਦਾ ਚਿਹਰਾ ਮੁੜ ਵਿਖਾ ਦਿੱਤਾ।

## ਰੁੱਖ ਲਗਾਈਏ

ਮਾਸਟਰ ਸੰਜੀਵ ਧਰਮਾਣੀ



ਰੁੱਖ ਲਗਾਈਏ , ਰੁੱਖ ਲਗਾਈਏ ,
ਵਰਖਾ ਦਾ ਤਿਉਹਾਰ ਮਨਾਈਏ ,
ਰੁੱਖ ਲਗਾਈਏ, ਰੁੱਖ ਲਗਾਈਏ,
ਵਾਤਾਵਰਨ ਹਰਾ - ਭਰਾ ਬਣਾਈਏ ,
ਰਹਿਣਗੇ ਰੁੱਖ , ਨਾ ਹੋਣਗੇ ਦੁੱਖ ,
ਮਾਨਵਤਾ ਦਾ ਭਵਿੱਖ ਬਚਾਈਏ ,
ਰੁੱਖ ਲੱਗਾ ਕੇ ਸਾਂਭ - ਸੰਭਾਲ ਕਰੀਏ ,
ਜੀਵ - ਜੰਤੂਆਂ ਤੇ ਮਾਨਵਤਾ ਦਾ ਭਲਾ ਕਰੀਏ ,
ਹੋਣਗੇ ਰੁੱਖ ਤਾਂ ਨਾ ਰਹਿਣਗੇ ਦੁੱਖ ,
ਆਉਣ ਵਾਲੀ ਪੀੜ੍ਹੀ ਦਾ ਭਵਿੱਖ ਬਚਾਈਏ ,
ਰੁੱਖ ਲਗਾਈਏ , ਰੁੱਖ ਲਗਾਈਏ ,
ਆਓ ! ਵਰਖਾ ਦਾ ਤਿਉਹਾਰ ਮਨਾਈਏ ,
ਰੁੱਖ ਲਗਾਈਏ, ਰੁੱਖ ਲਗਾਈਏ ,
ਪੰਛੀਆਂ ਦਾ ਰੈਣ ਬਸੇਰਾ ਬਣਾਈਏ ,
ਰੁੱਖਾਂ ਨਾਲ ਖੁਸ਼ ਹੋਵੇਗੀ ਲੋਕਾਈ ,
ਰੁੱਖ ਕਰਦੇ ਸਭ ਦੀ ਭਲਾਈ ,
ਸਰਦੀ ਤੋਂ ਬਚਾਵਣ,
ਗਰਮੀ ਵਿੱਚ ਦੇਣ ਠੰਢਾਈ ,
ਰੁੱਖ ਐਸੇ ਦਾਤੇ ,
ਜੋ ਕਰਨ ਸਾਰੀ ਕਾਇਨਾਤ ਦੀ ਭਲਾਈ ,
ਰੁੱਖ ਲਗਾ ਕੇ ਪਰਉਪਕਾਰ ਕਮਾਈਏ ,
ਆਪਣਾ ਮਾਨਵਤਾ - ਫਰਜ ਨਿਭਾਈਏ ,
ਕਹਿਣ ਸੱਚ ਸਿਆਣੇ ,
ਰੁੱਖਾਂ ਦੀ ਸੰਭਾਲ ਕਰੋ ,
ਜਿਵੇਂ ਆਪਣੇ ਨਿਆਣੇ
ਲਗਾਈਏ ਵੱਧ ਤੋਂ ਵੱਧ ਰੁੱਖ ,
ਕੱਟੀਏ ਨਾ ਕੋਈ ਵੀ ਰੁੱਖ ,
ਵੰਡੀਏ ਸਭ ਨੂੰ ਸੁੱਖ ,
ਦੂਰ ਕਰੀਏ ਸਭ ਦੇ ਦੁੱਖ ,
ਆਓ ! ਸਾਰੇ ਰੁੱਖ ਲਗਾਈਏ ,
ਵਰਖਾ ਦਾ ਤਿਉਹਾਰ ਮਨਾਈਏ ,
ਧਰਤੀ ਨੂੰ ਹਰਾ - ਭਰਾ ਬਣਾ ਕੇ ,
ਵਾਤਾਵਰਣ ਖੁਸ਼ਹਾਲ ਬਣਾਈਏ ,
ਪ੍ਰਦੂਸ਼ਣ ਨੂੰ ਘੱਟ ਕਰਕੇ ,
ਧਰਤੀ ਨੂੰ ਖ਼ੁਸ਼ਹਾਲ ਬਣਾਈਏ ।

## ਜ਼ਾਲਿਮ ਅਤੇ ਜ਼ੁਲਮ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਜ਼ਾਲਿਮ ਅਤੇ ਜ਼ੁਲਮ ਦਾ, ਰਿਸ਼ਤਾ ਹੈ ਕਿੰਨਾ ਅਜੀਬ,
ਦੋਨੋਂ ਸਦਾ ਹੀ ਲੋਚਦੇ, ਰਹਿਣਾ ਆਪੋ ਵਿੱਚ ਕਰੀਬ।
ਮਜ਼ਲੂਮ ਜੇਕਰ ਨਾ ਮਿਲੇ, ਤਾਂ ਤੜਪ ਜਾਂਦਾ ਹੈ ਜ਼ਾਲਿਮ,
ਕਿਸਮਤ ਨੂੰ ਫਿਰੇ ਕੋਸਦਾ, ਹਾਏ ਮੇਰੇ ਖੋਟੇ ਨਸੀਬ!
ਮਜਬੂਰ ਆਪਣੀ ਜ਼ਾਤ ਤੋਂ, ਹੰਤਾ ਲੱਭੇ ਸਦਾ ਸ਼ਿਕਾਰ,
ਅੱਛਾਈ ਅਤੇ ਬੁਰਾਈ ਦਾ, ਫ਼ਰਕ ਨਾ ਸਮਝੇ ਬਦੀਦ।
ਕਰਮ ਅਤੇ ਭਰਮ ਦੇ, ਨਰੜ ਦੇ ਐਸੇ ਜਾਲ ਵਿੱਚ,
ਸ਼ਾਂਤੀ ਨੂੰ ਜਾਵੇ ਭਾਲਦਾ, ਕੁਕਰਮ ਨਾ ਦੇਖੇ ਪਲੀਤ।
ਚਾਲ ਅਤੇ ਚਲਣ ਦਾ, ਦੁਰਮੇਲ ਕੁਦਰਤ ਪਰਖਦੀ,
ਇੱਕੋ ਵਜੂਦ ਵਿੱਚ ਢਾਲ਼ ਕੇ, ਇੱਕ ਰਫ਼ੀਕ 'ਤੇ ਇੱਕ ਰਕੀਬ।
ਜ਼ੁਲਮ ਰਾਹੀਂ ਨਾਪੇ ਜ਼ਾਲਿਮ, ਸਾਇਆ ਕੋਈ ਪਿਆਰ ਦਾ,
ਅਨੋਖਾ ਪਟਵਾਰੀ ਜ਼ੁਲਮ ਦਾ, ਘੜੀਸੀ ਫਿਰੇ ਅਪਣੀ ਜਰੀਬ।
ਨਾ ਮਿਲੇ ਫਿਰ ਚੈਨ ਉਸਨੂੰ, ਢੋਈ ਨਾ ਕਿਧਰੇ ਲੱਭਦੀ,
ਨਾ ਅਰਸ਼ 'ਤੇ ਨਾ ਫ਼ਰਸ਼ 'ਤੇ, ਬਣੇ ਕੋਈ ਉਸਦਾ ਮੁਰੀਦ।
ਜ਼ਾਲਿਮ ਅਤੇ ਜ਼ੁਲਮ ਦਾ, ਰਿਸ਼ਤਾ ਹੈ ਕਿੰਨਾ ਅਜੀਬ,
ਦੋਨੋਂ ਸਦਾ ਹੀ ਲੋਚਦੇ, ਰਹਿਣਾ ਆਪੋ ਵਿੱਚ ਕਰੀਬ।

# ਪੰਜਾਬੀ ਫ਼ਿਲਮਾਂ ਦਾ ਅਤੀਤ, ਵਰਤਮਾਨ ਤੇ ਭਵਿੱਖ

ਭਾਰਤ ਪਾਕਿ ਦੀ ਵੰਡ ਨਹੀਂ ਸੀ ਹੋਈ ਤਾਂ ਲਾਹੌਰ ਵਿੱਚ ਪੰਜਾਬੀ ਫ਼ਿਲਮਾਂ ਦਾ ਨਿਰਮਾਣ ਹੁੰਦਾ ਸੀ। ਉਨ੍ਹਾਂ ਵੇਲਿਆਂ ਵਿੱਚ ਕੁਝ ਚੰਗੀਆਂ ਫ਼ਿਲਮਾਂ ਵੀ ਸਾਹਮਣੇ ਆਈਆਂ, ਪਰ ਉਸ ਸਮੇਂ ਲਗਪਗ ਇੱਕੋ ਤਰ੍ਹਾਂ ਦੀਆਂ ਫ਼ਿਲਮਾਂ ਬਣਦੀਆਂ ਸਨ ਤੇ ਉਨ੍ਹਾਂ ਦਾ ਗੀਤ ਸੰਗੀਤ ਵੀ ਇੱਕੋ ਜਿਹਾ ਹੁੰਦਾ ਸੀ। ਲਾਹੌਰ ਤੋਂ ਬੰਬਈ ਫ਼ਿਲਮ ਇੰਡਸਟਰੀ ਤਬਦੀਲ ਹੋਣ ਕਰਕੇ ਪੰਜਾਬੀ ਫ਼ਿਲਮਾਂ ਨੂੰ ਕੁਝ ਮੁਸ਼ਕਿਲਾਂ ਆਈਆਂ, ਪਰ ਹੌਲੀ ਹੌਲੀ ਗੱਡੀ ਲੀਹ 'ਤੇ ਆਉਂਦੀ ਗਈ ਜਿਸ ਨਾਲ ਫ਼ਿਲਮ 'ਯਮਲਾ ਜੱਟ', 'ਕੌਡੇ ਸ਼ਾਹ', 'ਮੰਗਤੀ', 'ਪੋਸਤੀ', 'ਹੀਰ ਸਿਆਲ' ਨਹੀਂ ਸਨ ਜਿਸ ਕਰਕੇ ਪਿੰਡਾਂ ਤੇ ਸ਼ਹਿਰਾਂ ਦੀ ਬੋਲੀ ਵਿੱਚ ਵੀ ਕੋਈ ਖ਼ਾਸ ਵਖਰੇਵਾਂ ਵੇਖਣ ਨੂੰ ਨਹੀਂ ਮਿਲਦਾ। ਫ਼ਿਲਮਾਂ ਦੇ ਗੀਤਕਾਰ ਤੇ ਸੰਗੀਤਕਾਰ ਵੀ ਸ਼ਹਿਰੀ ਖੇਤਰਾਂ ਨਾਲ ਹੀ ਸਬੰਧਿਤ ਸਨ, ਜਿਸ ਕਰਕੇ ਇਨ੍ਹਾਂ ਦੀਆਂ ਕਹਾਣੀਆਂ, ਸੰਵਾਦ ਤੇ ਗੀਤ ਵੀ ਸ਼ਹਿਰੀ ਕਿਸਮ ਦੇ ਹੁੰਦੇ ਸਨ, ਪਰ ਹੁੰਦੇ ਬੇਮਿਸਾਲ ਸਨ ਜਿਨ੍ਹਾਂ ਦਾ ਅੱਜ ਵੀ ਕੋਈ ਸਾਨੀ ਨਹੀਂ।

ਦੱਸੀਆਂ ਫ਼ਿਲਮਾਂ ਤੇ ਉਸਤੋਂ ਬਾਅਦ ਆਈਆਂ ਰੰਗਦਾਰ ਫ਼ਿਲਮਾਂ ਨੇ ਵੀ ਪੰਜਾਬੀ ਸਿਨਮਾ ਵਿੱਚ ਕੋਈ ਖ਼ਾਸ ਤਬਦੀਲੀ ਨਾ ਲਿਆਂਦੀ, ਪਰ ਸੱਤਰਵਿਆਂ ਦੇ ਦਹਾਕੇ ਵਿੱਚ ਇੱਕ ਫ਼ਿਲਮਾਂ ਦਾ ਦੌਰ ਚੱਲਿਆ, ਪਰ ਇਹ ਕੋਈ ਖ਼ਾਸ ਜਲਵਾ ਨਾ ਦਿਖਾ ਸਕੀਆਂ, ਸਿਵਾਏ ਦਾਰਾ ਸਿੰਘ ਦੀ ਫ਼ਿਲਮ 'ਨਾਨਕ ਦੁਖੀਆ ਸਭ ਸੰਸਾਰ' ਦੇ। ਪਰ 'ਨਾਨਕ ਨਾਮ ਜਹਾਜ਼ ਹੈ' ਜਿੰਨੀ ਕਾਮਯਾਬੀ ਕਿਸੇ ਵੀ ਫ਼ਿਲਮ ਨੂੰ ਨਹੀਂ ਮਿਲੀ, ਪਰ ਸੁਨੀਲ ਦੱਤ ਤੇ ਰਾਧਾ ਸਲੂਜਾ ਦੀਆਂ ਮੁੱਖ ਭੂਮਿਕਾਵਾਂ ਵਾਲੀ ਫ਼ਿਲਮ 'ਮਨ ਜੀਤੇ ਜਗਜੀਤ' ਨੂੰ ਦਰਸ਼ਕਾਂ ਨੇ ਖ਼ੂਬ ਸਰਾਹਿਆ। ਜੇ ਓਮ ਪ੍ਰਕਾਸ਼ ਨੇ ਰਾਜ ਬੱਬਰ ਨੂੰ ਬਤੌਰ ਹੀਰੋ ਲੈ ਕੇ 'ਆਸਰਾ ਪਿਆਰ ਦਾ' ਬਣਾਈ ਤੇ ਸੋਹਨ ਲਾਲ ਕੰਵਰ ਨੇ ਸੁਭਾਸ਼ ਘਈ ਨੂੰ ਨਾਇਕ ਵਜੋਂ 'ਸ਼ੇਰਨੀ' ਵਿੱਚ ਪੇਸ਼ ਕੀਤਾ। ਇਵੇਂ ਹੀ




ਤੇ 'ਗੁਲ ਬਲੋਚ' ਵਗੈਰਾ ਫ਼ਿਲਮਾਂ ਨੇ ਵੱਖਰੀ ਤੋਰ ਫੜਨੀ ਸ਼ੁਰੂ ਕਰ ਦਿੱਤੀ ਤੇ ਗੀਤ ਸੰਗੀਤ ਵਿੱਚ ਵੀ ਥੋੜ੍ਹਾ ਵਖਰੇਵਾਂ ਪੈਣਾ ਸ਼ੁਰੂ ਹੋ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ 'ਮਦਾਰੀ', 'ਮੁਟਿਆਰ', 'ਭਾਈਆ ਜੀ', 'ਫੁੰਮਣ', 'ਵਣਜਾਰਾ', 'ਫੇਰੇ', 'ਪੀਂਘਾਂ', 'ਹੁਲਾਰੇ', 'ਮੁਕਲਾਵਾ', 'ਸਤਲੁਜ ਦੇ ਕੰਢੇ', 'ਲੱਛੀ', 'ਦੋ ਲੱਛੀਆਂ', 'ਕਿੱਕਲੀ', 'ਗੁੱਡੀ', 'ਸੱਤ ਸਾਲੀਆਂ', 'ਪਰਦੇਸੀ ਢੋਲਾ' ਆਦਿ ਫ਼ਿਲਮਾਂ ਆਮ ਦਰਸ਼ਕਾਂ ਵੱਲੋਂ ਇਸ ਆਈ ਤਬਦੀਲੀ ਕਰਕੇ ਪਸੰਦ ਕੀਤੀਆਂ ਗਈਆਂ। ਇਨ੍ਹਾਂ ਫ਼ਿਲਮਾਂ ਦਾ ਮਾਹੌਲ ਵੀ ਆਮ ਕਰਕੇ ਪਿੰਡਾਂ ਤੇ ਸ਼ਹਿਰਾਂ ਦੇ ਮਿਸ਼ਰਣ ਵਾਲਾ ਹੀ ਹੁੰਦਾ ਸੀ। ਉਦੋਂ ਹਾਲੇ ਸਾਡੇ ਕੋਲ ਕੋਈ ਖ਼ਾਸ ਪੇਂਡੂ ਨਿਰਮਾਤਾ ਤੇ ਨਿਰਦੇਸ਼ਕ ਖ਼ਾਸ ਤਬਦੀਲੀ ਆਈ ਜਦੋਂ ਰਾਮ ਮਹੇਸ਼ਵਰੀ ਦੀ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਨੇ ਸਿਨਮਿਆਂ ਵਿੱਚ ਪ੍ਰਵੇਸ਼ ਕੀਤਾ। ਇਹ ਪਹਿਲੀ ਅਜਿਹੀ ਧਾਰਮਿਕ ਫ਼ਿਲਮ ਸੀ ਜਿਸ ਵਿੱਚ ਸਿੱਖੀ ਸਿਦਕ ਨੂੰ ਨਵੇ ਜ਼ਾਵੀਏ ਤੋਂ ਪੇਸ਼ ਕੀਤਾ ਗਿਆ। ਇਸ ਫ਼ਿਲਮ ਵਿੱਚ ਪ੍ਰਿਥਵੀ ਰਾਜ ਕਪੂਰ, ਸੋਮ ਦੱਤ, ਨਿਸ਼ੀ, ਵਿਮੀ ਤੇ ਆਈ ਐੱਸ ਜੌਹਰ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਫ਼ਿਲਮ ਵਿੱਚ ਸ਼ਰਧਾ ਭਾਵ ਇਸ ਕਦਰ ਭਾਰੂ ਸੀ ਕਿ ਇਸ ਦੀਆਂ ਧਾਰਮਿਕ ਭਾਵਨਾਵਾਂ ਨੇ ਦਰਸ਼ਕਾਂ ਦੀ ਭੀੜ ਨੂੰ ਖਿੱਚਿਆ ਤੇ ਜਦੋਂ ਫ਼ਿਲਮ ਵਿੱਚ ਕੋਈ ਖ਼ਾਸ ਧਾਰਮਿਕ ਭਾਵਨਾ ਉਜਾਗਰ ਹੁੰਦੀ ਸੀ ਤਾਂ ਕਈ ਦਰਸ਼ਕ ਸਕਰੀਨ ਵੱਲ ਪੈਸੇ ਸੁੱਟਣ ਲੱਗਦੇ ਸਨ। ਬੇਸ਼ੱਕ ਇਸ ਤੋਂ ਬਾਅਦ ਵੀ ਅਜਿਹੀਆਂ ਅਭਿਨੇਤਰੀ ਪ੍ਰਿਅੰਕਾ ਚੋਪੜਾ ਨੇ ਅਮਰਿੰਦਰ ਗਿੱਲ ਨੂੰ ਲੈ ਕੇ 'ਸਰਵਣ' ਫ਼ਿਲਮ ਬਣਾਕੇ ਆਪਣੇ ਪੰਜਾਬਣ ਹੋਣ ਦਾ ਕਰਜ਼ ਉਤਾਰਿਆ। ਫ਼ਿਲਮ ਇੰਡਸਟਰੀ ਵੱਡੇ ਫਿਲਮਸਾਜ਼ਾਂ ਤੇ ਸਿਤਾਰਿਆਂ ਨਾਲ ਭਰੀ ਪਈ ਹੈ, ਪਰ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਪੰਜਾਬੀ ਸਿਨਮਾ ਦੀ ਬਾਂਹ ਫੜਣ ਦਾ ਜ਼ੇਰਾ ਨਹੀਂ ਦਿਖਾਇਆ।

'ਕਣਕਾਂ ਦੇ ਓਹਲੇ' ਜਦੋਂ ਆਈ ਤਾਂ ਇਸ ਦਾ ਸਵਾਗਤ ਹੋਇਆ। ਫਿਲਮ ਕਾਲੀ ਚਿੱਟੀ ਸੀ, ਪਰ ਫ਼ਿਲਮ ਨੂੰ ਹਿੱਟ ਕਰਨ ਲਈ ਇਸ ਵਿੱਚ ਧਰਮਿੰਦਰ ਤੇ ਆਸ਼ਾ ਪਾਰਿਖ 'ਤੇ ਫ਼ਿਲਮਾਏ ਇੱਕ ਗੀਤ ਨੂੰ ਰੰਗਦਾਰ ਕਰ ਦਿੱਤਾ ਸੀ। ਇਸ ਉਪਰੰਤ ਇੱਕ




ਹੋਰ ਮੋੜ ਆਇਆ ਜਦੋਂ ਜਗਜੀਤ (ਮਰਹੂਮ) ਦੇ ਨਿਰਦੇਸ਼ਨ ਅਧੀਨ ਇੱਕ ਫ਼ਿਲਮ 'ਪੁੱਤ ਜੱਟਾਂ ਦੇ' ਦਾ ਨਿਰਮਾਣ ਹੋਇਆ। ਇਸ ਫ਼ਿਲਮ ਤੋਂ ਬਾਅਦ ਜੱਟਾਂ ਦੇ ਟਾਈਟਲ ਵਾਲੀਆਂ ਫ਼ਿਲਮਾਂ ਦਾ ਹੜ੍ਹ ਆ ਗਿਆ। ਫਿਰ ਵਰਿੰਦਰ ਮੈਦਾਨ ਵਿੱਚ ਆਇਆ ਤੇ ਉਸ ਨੇ ਬੇਸ਼ੱਕ ਆਪਣੀਆਂ ਬਹੁਤੀਆਂ ਫ਼ਿਲਮਾਂ ਨੂੰ ਟਾਈਟਲ ਤਾਂ ਜੱਟਾਂ ਵਾਲੇ ਨਹੀਂ ਦਿੱਤੇ, ਪਰ ਫ਼ਿਲਮਾਂ ਵਿੱਚ ਜੱਟਾਂ ਦੇ ਕਾਰਨਾਮਿਆਂ ਦੇ ਨਜ਼ਾਰੇ ਜ਼ਰੂਰ ਵੇਖਣ ਨੂੰ ਮਿਲੇ ਜਿਵੇਂ 'ਲੰਬੜਦਾਰਨੀ', 'ਸਰਪੰਚ', 'ਬਟਵਾਰਾ' ਆਦਿ। ਵਰਿੰਦਰ, ਮਿਹਰ ਮਿੱਤਲ, ਨਿਰਮਲ ਰਿਸ਼ੀ, ਯੋਗਰਾਜ ਸਿੰਘ, ਗੁੱਗੂ ਗਿੱਲ, ਸਰਦਾਰ ਸੋਹੀ, ਓਮ ਪੁਰੀ ਆਦਿ ਕਲਾਕਾਰਾਂ ਨੇ ਓਪਰੀ ਜਿਹੀ ਲੱਗਣ ਵਾਲੀ ਪੰਜਾਬੀ ਜ਼ੁਬਾਨ ਨੂੰ ਠੇਠਤਾ ਦਾ ਜਾਮਾ ਪਹਿਨਾਉਂਦਿਆਂ ਨਵੇਂ ਅਰਥ ਪ੍ਰਦਾਨ ਕੀਤੇ। ਵਰਿੰਦਰ ਵਰਗੇ ਫ਼ਿਲਮਸਾਜ਼ਾਂ ਨੇ ਅਖਾੜਾ ਕਲਚਰ ਨੂੰ ਵੀ ਪ੍ਰਮੁੱਖਤਾ ਦੇਣੀ ਆਰੰਭ ਕਰ ਦਿੱਤੀ, ਸਿੱਟੇ ਵਜੋਂ ਮੁਹੰਮਦ ਸਦੀਕ, ਕੁਲਦੀਪ ਮਾਣਕ, ਛਿੰਦਾ, ਨਰਿੰਦਰ ਬੀਬਾ, ਪੰਮੀ ਬਾਈ, ਰਣਜੀਤ ਕੌਰ ਆਦਿ ਨੇ ਵੀ ਫ਼ਿਲਮੀ ਸਕਰੀਨ 'ਤੇ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ।

'ਚੰਨ ਪਰਦੇਸੀ', 'ਲੌਂਗ ਦਾ ਲਿਸ਼ਕਾਰਾ', 'ਮੜ੍ਹੀ ਦਾ ਦੀਵਾ' ਵਰਗੀਆਂ ਸਾਫ਼ ਸੁਥਰੀਆਂ ਫ਼ਿਲਮਾਂ ਦਰਸ਼ਕਾਂ ਵੱਲੋਂ ਪ੍ਰਵਾਨ ਕੀਤੀਆਂ ਗਈਆਂ। ਰੁਮਾਂਟਿਕ ਤੇ ਸਮਾਜਿਕ ਸਰੋਕਾਰਾਂ ਦੀਆਂ ਫ਼ਿਲਮਾਂ ਵੀ ਨਿਰੰਤਰ ਬਣਦੀਆਂ ਰਹੀਆਂ ਜਿਵੇ ਨਿਰਦੇਸ਼ਕ ਹਰੀ ਦੱਤ ਤੇ ਗਾਇਕ ਗੁਰਦਾਸ ਮਾਨ ਦੀ 'ਮਾਮਲਾ ਗੜਬੜ ਹੈ' ਆਈ ਅਤੇ ਬਾਅਦ ਵਿੱਚ

(ਬਾਕੀ ਸਫ਼ਾ 30 'ਤੇ)

## ਪੰਜਾਬ ਦੀ ਬੁਲੰਦ ਸੁਰੀਲੀ ਅਵਾਜ਼ ਲੋਕ ਗਾਇਕਾ

# ਗੁਲਸ਼ਨ ਕੋਮਲ

ਅੰਗਰੇਜ਼ ਸਿੰਘ ਵਿਰਦੀ

ਸੱਠਵਿਆਂ ਦੇ ਦੂਜੇ ਅੱਧ ਤੋਂ ਸ਼ੁਰੂ ਹੋ ਕੇ ਅੱਸੀਵਿਆਂ ਦੇ ਦਹਾਕੇ ਤੱਕ ਦੀ ਗਾਇਕੀ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਸ ਦਹਾਕੇ ਦੀ ਦੋਗਾਣਾ ਗਾਇਕੀ ਨੇ ਪੰਜਾਬੀ ਸੰਗੀਤ ਜਗਤ ਵਿੱਚ ਬਹੁਤ ਪ੍ਰਸਿੱਧੀ ਹਾਸਲ ਕੀਤੀ ਸੀ। ਇਹ ਉਹ ਸਮਾਂ ਸੀ ਜਦੋਂ ਹਰ ਗਾਇਕ ਤੇ ਗਾਇਕਾ ਸੈੱਟ ਬਣਾ ਕੇ ਗਾਇਕੀ ਦੇ ਪਿੜ ਵਿੱਚ ਆਇਆ ਕਰਦੇ ਸਨ। ਅਖਾੜਾ ਗਾਇਕੀ ਦੇ ਉਸ ਦੌਰ ਵਿੱਚ ਪੰਜਾਬੀ ਸੰਗੀਤ ਜਗਤ ਵਿੱਚ ਗੁਲਸ਼ਨ ਕੋਮਲ ਨਾਂ ਦੀ ਇੱਕ ਅਜਿਹੀ ਆਵਾਜ਼ ਨੇ ਦਸਤਕ ਦਿੱਤੀ ਜਿਸ ਦੀ ਸੁਰੀਲੀ ਅਤੇ ਬੁਲੰਦ ਆਵਾਜ਼ ਨੇ ਪੰਜਾਬੀ ਸੰਗੀਤ ਜਗਤ ਦਾ ਧਿਆਨ ਆਪਣੇ ਵੱਲ ਖਿੱਚਿਆ। ਠੇਠ ਪੰਜਾਬੀ ਲਹਿਜੇ ਵਿੱਚ ਗਾਉਣ ਵਾਲੀ ਗੁਲਸ਼ਨ ਕੋਮਲ ਨੇ ਅਣਗਿਣਤ ਹਿੱਟ ਗੀਤ ਪੰਜਾਬੀ ਸੰਗੀਤ ਜਗਤ ਦੀ ਝੋਲੀ ਪਾਏ।

ਸ਼ਹਿਰ ਕਪੂਰਥਲੇ ਦੇ ਰਹਿਣ ਵਾਲੇ ਸ. ਸਾਧੂ ਸਿੰਘ ਵਿਰਦੀ ਅਤੇ ਮਾਤਾ ਕ੍ਰਿਸ਼ਨਾ ਕੁਮਾਰੀ ਦੇ ਘਰ 18 ਮਾਰਚ 1948 ਨੂੰ ਗੁਲਸ਼ਨ ਕੋਮਲ ਦਾ ਜਨਮ ਹੋਇਆ। ਉਸ ਨੂੰ ਸੰਗੀਤ ਨਾਲ ਬਚਪਨ ਤੋਂ ਹੀ ਬਹੁਤ ਲਗਾਓ ਸੀ। ਉਹ ਅਜੇ ਬਹੁਤ ਛੋਟੀ ਸੀ ਜਦੋਂ ਉਸ ਦੇ ਪਿਤਾ ਜੀ ਘਰ ਵਿੱਚ ਇੱਕ ਰੇਡੀਓ ਲੈ ਕੇ ਆਏ ਜਿਸ 'ਤੇ ਵੱਜਦੇ ਲਤਾ ਮੰਗੇਸ਼ਕਰ, ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗੀਤਾਂ ਨੇ ਉਸ ਨੂੰ ਆਪਣੇ ਵੱਲ ਖਿੱਚਿਆ। ਉਹ ਲਤਾ ਮੰਗੇਸ਼ਕਰ ਦੇ ਹਿੰਦੀ ਫਿਲਮੀ ਗੀਤ, ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਪੰਜਾਬੀ ਲੋਕ ਗੀਤ ਬਹੁਤ ਸ਼ੌਕ ਨਾਲ ਸੁਣਦੀ ਸੀ। ਲਤਾ, ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗੀਤਾਂ ਨੂੰ ਗਾਉਣ ਦਾ ਅਭਿਆਸ ਕਰਦੇ ਕਰਦੇ ਹੀ ਬਗੈਰ ਕਿਸੇ ਉਸਤਾਦ ਦੀ ਸੰਗੀਤਕ ਸਿੱਖਿਆ ਗੁਲਸ਼ਨ ਸੁਰ ਅਤੇ ਤਾਲ ਦੀ ਪੱਕੀ ਧਾਰਨੀ ਬਣ ਗਈ। ਕਪੂਰਥਲਾ ਵਿੱਚ ਲੜਕੀਆਂ ਦੇ ਸਕੂਲ ਹਿੰਦੂ ਪੁੱਤਰੀ ਪਾਠਸ਼ਾਲਾ ਵਿੱਚ ਪੜ੍ਹਦਿਆਂ ਗੁਲਸ਼ਨ ਸਕੂਲ ਵਿੱਚ ਹੁੰਦੇ ਸਹਿਵਿੱਦਿਅਕ ਪ੍ਰੋਗਰਾਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੀ ਸੀ।

ਮੈਟ੍ਰਿਕ ਕਰਨ ਉਪਰੰਤ ਗੁਲਸ਼ਨ ਨੇ ਇੱਕ ਪ੍ਰਾਈਵੇਟ ਸਕੂਲ ਵਿੱਚ ਅਧਿਆਪਕਾ ਦੀ ਨੌਕਰੀ ਕਰ ਲਈ। ਵੀਹ ਸਾਲ ਦੀ ਉਮਰ ਵਿੱਚ ਉਸ ਦਾ ਵਿਆਹ ਕਪੂਰਥਲੇ ਦੇ ਕੋਲ ਪੈਂਦੇ ਪਿੰਡ ਨਡਾਲੇ ਦੇ ਰਹਿਣ ਵਾਲੇ ਮਹਿੰਦਰ ਸਿੰਘ ਨਾਲ ਹੋ ਗਿਆ ਜੋ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਕਰਦੇ ਸਨ। ਮਹਿੰਦਰ ਸਿੰਘ ਨੂੰ ਗੀਤਕਾਰੀ ਦਾ ਬੇਹੱਦ ਸ਼ੌਕ ਸੀ ਤੇ ਉਹ ਇੱਕ ਗੀਤਕਾਰ ਵਜੋਂ ਆਪਣੇ ਨਾਂ ਨਾਲ ਤਖ਼ੱਲਸ ਕੋਮਲ ਲਿਖਦਾ ਸੀ ਜਿਸ ਨੂੰ ਬਾਅਦ ਵਿੱਚ ਗੁਲਸ਼ਨ ਨੇ ਵੀ ਅਪਣਾ ਲਿਆ ਤੇ ਗਾਇਕੀ ਦੇ ਖੇਤਰ ਵਿੱਚ ਉਹ ਗੁਲਸ਼ਨ ਕੋਮਲ ਦੇ ਨਾਂ ਵਜੋਂ ਜਾਣੀ ਜਾਣ ਲੱਗੀ।

ਗਾਇਕੀ ਨੂੰ ਕੈਰੀਅਰ ਵਜੋਂ ਅਪਣਾਉਣ ਲਈ ਗੁਲਸ਼ਨ ਦੇ ਪਤੀ ਨੇ ਉਸ ਦਾ ਭਰਪੂਰ ਸਾਥ ਦਿੱਤਾ। ਗੁਲਸ਼ਨ ਨੇ ਗ਼ਜ਼ਲ ਗਾਇਕ ਕੁਲਦੀਪ ਪ੍ਰਦੇਸੀ ਜੋ ਕਿ ਉਸ ਦੇ ਪਤੀ ਦੇ ਚੰਗੇ ਦੋਸਤ ਵੀ ਸਨ, ਨਾਲ ਪਹਿਲੀ ਵਾਰ ਸਟੇਜ 'ਤੇ ਗਾਉਣਾ ਆਰੰਭ ਕੀਤਾ। ਸੰਗੀਤ ਉਸਤਾਦ ਜਸਵੰਤ ਭੰਵਰਾ ਅਤੇ ਰਜਿੰਦਰ ਰਾਜਨ ਦੀ ਦਿੱਤੀ ਹੱਲਾਸ਼ੇਰੀ ਨਾਲ ਗੁਲਸ਼ਨ ਨੂੰ ਬਹੁਤ ਹੌਸਲਾ ਮਿਲਿਆ ਅਤੇ ਗਾਇਕੀ ਵਿੱਚ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਉਹ ਆਪਣੇ ਪਤੀ ਨਾਲ ਪਿੰਡ ਨਡਾਲਾ ਛੱਡ ਕੇ ਪੱਕੇ ਤੌਰ 'ਤੇ ਲੁਧਿਆਣੇ ਆ ਵੱਸੀ। ਲੁਧਿਆਣਾ ਆ ਕੇ ਸ਼ੁਰੂ ਸ਼ੁਰੂ ਵਿੱਚ ਗੁਲਸ਼ਨ ਨੇ ਆਰਕੈਸਟਰਾ ਵਿੱਚ ਗਾਉਣਾ ਸ਼ੁਰੂ ਕੀਤਾ ਜਿਸ ਵਿੱਚ ਹਿੰਦੀ ਫਿਲਮੀ ਗੀਤ ਜ਼ਿਆਦਾ



ਗਾਏ ਜਾਂਦੇ ਸਨ।

ਉਹ ਮਸ਼ਹੂਰ ਗੀਤਕਾਰ ਅਤੇ ਗਾਇਕ ਸਾਜਨ ਰਾਇਕੋਟੀ ਦੇ ਭਰਾ ਯਸ਼ ਲੁਧਿਆਣਵੀ ਨਾਲ ਆਰਕੈਸਟਰਾ ਪਾਰਟੀ ਵਿੱਚ ਬਤੌਰ ਗਾਇਕਾ ਵੱਖ ਵੱਖ ਥਾਂਵਾਂ 'ਤੇ ਸੰਗੀਤਕ ਪ੍ਰੋਗਰਾਮਾਂ ਲਈ ਜਾਂਦੀ ਸੀ। ਇੱਕ ਵਾਰ ਗੁਲਸ਼ਨ ਅਤੇ ਯਸ਼ ਲੁਧਿਆਣਵੀ ਦਿੱਲੀ ਆਰਕੈਸਟਰਾ ਪ੍ਰੋਗਰਾਮ ਲਈ ਗਏ ਤਾਂ ਪ੍ਰੋਗਰਾਮ ਤੋਂ ਵਿਹਲੇ ਹੋ ਕੇ ਗੁਲਸ਼ਨ ਅਤੇ ਯਸ਼ ਲੁਧਿਆਣਵੀ ਨੇ ਸੰਗੀਤਕ ਕੰਪਨੀ ਐੱਚਐੱਮਵੀ ਦੇ ਸਟੂਡੀਓ ਜਾਣ ਦਾ ਮਨ ਬਣਾਇਆ। ਸਟੂਡੀਓ ਪਹੁੰਚ ਕੇ ਇਨ੍ਹਾਂ ਦੀ ਮੁਲਾਕਾਤ ਕੰਪਨੀ ਹੈੱਡ ਜ਼ਹੀਰ ਅਹਿਮਦ ਨਾਲ ਹੋਈ। ਗੁਲਸ਼ਨ ਅਤੇ ਯਸ਼ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਤਿੰਨ ਗੀਤ ਜ਼ਹੀਰ ਅਹਿਮਦ ਨੂੰ ਸੁਣਾਏ ਜੋ ਉਨ੍ਹਾਂ ਨੂੰ ਬੇਹੱਦ ਪਸੰਦ ਆਏ ਜਿਨ੍ਹਾਂ ਵਿੱਚੋਂ ਦੋ ਗੀਤਾਂ ਦੀ ਰਿਕਾਰਡਿੰਗ ਕਰ ਲਈ ਗਈ। ਸੰਨ 1975 ਵਿੱਚ ਰਿਲੀਜ਼ ਹੋਏ ਇਹ ਦੋ ਗੀਤ ਈਪੀ ਤਵੇ ਦੇ ਰੂਪ ਵਿੱਚ ਆਏ ਜਿਸ ਵਿੱਚ ਦੋ ਗੀਤ ਗੁਲਸ਼ਨ ਅਤੇ ਯਸ਼ ਲੁਧਿਆਣਵੀ ਦੇ ਗਾਏ ਹੋਏ ਸਨ ਅਤੇ ਦੋ ਗੀਤ ਕਿਸੇ ਹੋਰ ਗਾਇਕਾਂ ਦੇ। ਗੁਲਸ਼ਨ ਅਤੇ ਯਸ਼ ਦੇ ਇਨ੍ਹਾਂ ਦੋ ਗੀਤਾਂ ਵਿੱਚੋਂ ਇੱਕ ਗੀਤ ਜੋ ਕਾਫ਼ੀ ਪਸੰਦ ਕੀਤਾ ਗਿਆ ਸੀ ਜਿਸ ਦੇ ਬੋਲ ਸਨ 'ਆਹ ਚੱਕ ਆਪਣੀ ਨੱਥ ਮੱਛਲੀ, ਤੇ ਰੂਪ ਆਸਾਡਾ ਮੋੜ ਦੇ।'

ਪਹਿਲਾ ਤਵਾ ਰਿਕਾਰਡ ਹੋਣ ਨਾਲ ਗੁਲਸ਼ਨ ਦੀ ਐੱਚਐੱਮਵੀ ਕੰਪਨੀ ਵਿੱਚ ਪਹਿਚਾਣ ਬਣ ਗਈ। ਇਸ ਨਾਲ ਉਸ ਨੂੰ ਇਹ ਫਾਇਦਾ ਹੋਇਆ ਕਿ ਕਈ ਨਾਮੀ ਪੰਜਾਬੀ ਲੋਕ ਗਾਇਕਾਂ ਨੇ ਉਸ ਨੂੰ ਆਪਣੇ ਨਾਲ ਦੋਗਾਣਾ ਜੋੜੀ ਵਜੋਂ ਗਾਉਣ ਦਾ ਸੱਦਾ ਦਿੱਤਾ। ਇਸੇ ਦੌਰਾਨ ਗਾਇਕੀ ਵਿੱਚ ਆਪਣੇ ਆਪ ਨੂੰ ਪਰਿਪੱਕ ਕਰਨ ਲਈ ਗੁਲਸ਼ਨ ਨੇ ਜਲੰਧਰ ਦੂਰਦਰਸ਼ਨ ਦੇ ਸੰਗੀਤ ਵਿਭਾਗ ਦੇ ਮੁਖੀ ਬਲਬੀਰ ਸਿੰਘ ਕਲਸੀ ਨੂੰ ਬਾਕਾਇਦਾ ਆਪਣਾ ਉਸਤਾਦ ਧਾਰਿਆ ਅਤੇ ਉਨ੍ਹਾਂ ਤੋਂ ਸੰਗੀਤ ਦੀ ਤਾਲੀਮ ਹਾਸਲ ਕੀਤੀ। ਆਪਣੇ ਪਹਿਲੇ ਈਪੀ ਰਿਕਾਰਡ ਆਉਣ ਤੋਂ ਬਾਅਦ ਉਸ ਨੇ ਆਰਕੈਸਟਰਾ ਵਿੱਚ ਗਾਉਣਾ ਛੱਡ ਦਿੱਤਾ ਅਤੇ ਪੰਜਾਬੀ ਲੋਕ ਗਾਇਕੀ ਵਿੱਚ ਆਪਣੇ ਸੰਗੀਤਕ ਸਫ਼ਰ ਦਾ ਆਗਾਜ਼ ਕੀਤਾ ਅਤੇ ਅਖਾੜਾ ਗਾਇਕੀ ਨੂੰ ਪੂਰੀ ਤਰ੍ਹਾਂ ਅਪਣਾ ਲਿਆ। ਛੇਤੀ ਹੀ ਉਸ ਦਾ ਸ਼ੁਮਾਰ ਪੰਜਾਬੀ ਲੋਕ ਗਾਇਕੀ ਦੀਆਂ ਨਾਮਵਰ ਗਾਇਕਾਵਾਂ ਵਿੱਚ ਹੋਣ ਲੱਗਾ।



ਗੁਲਸ਼ਨ ਕੋਮਲ ਨੇ ਪੰਜਾਬੀ ਲੋਕ ਗਾਇਕ ਕੁਲਦੀਪ ਮਾਣਕ ਨਾਲ ਬਹੁਤ ਸਾਰੇ ਦੋਗਾਣੇ ਗਾਏ। ਸੰਨ 1975 ਵਿੱਚ ਕੈਪਕੋ ਇੰਟਰਨੈਸ਼ਨਲ ਕੰਪਨੀ ਦਿੱਲੀ ਵੱਲੋਂ ਇਨ੍ਹਾਂ ਦੀ ਆਵਾਜ਼ ਨੂੰ ਰਿਕਾਰਡ ਕਰਨ ਦਾ ਮਨ ਬਣਾਇਆ ਗਿਆ। ਇਹ ਉਹ ਤਵਾ ਰਿਕਾਰਡ ਸੀ ਜਿਸ ਦੇ ਲਗਭਗ ਸਾਰੇ ਗੀਤ ਬਹੁਤ ਮਕਬੂਲ ਹੋਏ ਸਨ। 'ਜੱਟੀਏ ਜੇ ਹੋਗੀ ਸਾਧਣੀ' ਦੇ ਟਾਈਟਲ ਹੇਠ ਰਿਲੀਜ਼ ਹੋਏ ਇਸ ਤਵੇ ਵਿੱਚ ਗੁਲਸ਼ਨ ਦਾ ਗਾਇਆ ਇੱਕ ਸੋਲੋ ਗੀਤ ਬਹੁਤ ਮਸ਼ਹੂਰ ਹੋਇਆ। ਇਹ ਗੀਤ ਗੁਲਸ਼ਨ ਕੋਮਲ ਦੇ ਗਾਇਕੀ ਕੈਰੀਅਰ ਦਾ ਸਭ ਤੋਂ ਵੱਧ ਪਸੰਦ ਕੀਤਾ ਜਾਣਾ ਵਾਲਾ ਗੀਤ ਬਣਿਆ ਅਤੇ ਨਾਲ ਹੀ ਇਸ ਗੀਤ ਕਰਕੇ ਅੱਜ ਵੀ ਗੁਲਸ਼ਨ ਕੋਮਲ ਨੂੰ ਪਹਿਚਾਣਿਆ ਜਾਂਦਾ ਹੈ। ਇਹ ਸਦਾਬਹਾਰ ਗੀਤ ਗੁਲਸ਼ਨ ਕੋਮਲ ਦੇ ਪਤੀ ਮਹਿੰਦਰ ਸਿੰਘ ਕੋਮਲ ਦਾ ਲਿਖਿਆ ਹੋਇਆ ਸੀ ਤੇ ਇਸ ਦੀ ਧੁਨ ਵੀ ਮਹਿੰਦਰ ਸਿੰਘ ਕੋਮਲ ਨੇ ਹੀ

(ਬਾਕੀ ਸਫ਼ਾ 31 'ਤੇ)

# ਖੇਡਾਂ ਨੂੰ ਉਦਯੋਗ ਦਾ ਦਰਜਾ ਦੇਣ ਨਾਲ ਹੋ ਸਕਦਾ ਹੈ ਖੇਡਾਂ ਦਾ ਵਿਕਾਸ



**ਪੂਰਨ ਚੰਦ**



ਸਕੂਲਾਂ ਵਿੱਚ ਪਹਿਲਾਂ ਇਕ ਪੀਰੀਅਡ ਇਸ ਗੱਲ ਦਾ ਹੋਇਆ ਕਰਦਾ ਸੀ ਕਿ ਸਾਰੇ ਬੱਚਿਆਂ ਨੂੰ ਸਰੀਰਕ ਕਸਰਤ ਕਰਵਾਈ ਜਾਵੇ। ਪੀ.ਟੀ.ਆਈ. ਦੀ ਕਮਾਨ ਵਿੱਚ ਡਰਿੱਲ, ਕਸਰਤ ਅਤੇ ਖੇਡਾਂ ਦੇ ਸਾਧਨਾਂ ਨਾਲ ਵਿਦਿਆਰਥੀਆਂ ਦੀ ਸਿਹਤ ਬਣਾਉਣ ’ਤੇ ਜ਼ੋਰ ਦਿੱਤਾ ਜਾਂਦਾ ਸੀ। ਇਸ ਪੀਰੀਅਡ ਵਿੱਚ ਜਾਣਾ ਜ਼ਰੂਰੀ ਸੀ ਅਤੇ ਨਾ ਜਾਣ ਦਾ ਕੋਈ ਬਹਾਨਾ ਨਹੀਂ ਚੱਲਦਾ ਸੀ । ਅੱਜ ਹਾਲਤ ਇੰਨੀ ਬਦਲੀ ਹੈ ਕਿ ਬੱਚੇ ਮੋਬਾਈਲ ’ਤੇ ਖੇਡਦੇ ਹੋਏ ਵੱਡੇ ਹੋ ਰਹੇ ਹਨ। ਏ.ਸੀ.ਸੀ. ਅਤੇ ਐਨ.ਸੀ.ਸੀ. ਵਿੱਚ ਭਰਤੀ ਹੋਣ ਨਾਲ ਸੈਨਿਕ ਜਿਹੀ ਭਾਵਨਾ ਅਤੇ ਉਸੇ ਦੇ ਅਨੁਸਾਰ ਅਨੁਸ਼ਾਸਨ ਸਿਖਾਇਆ ਜਾਂਦਾ ਸੀ। ਇਹ ਸਭ ਹੁਣ ਹਵਾ-ਹਵਾਈ ਹੋ ਗਿਆ ਹੈ ।

**ਖੇਡ ਸੰਗਠਨਾਂ ਵਿੱਚ ਭ੍ਰਿਸ਼ਟਾਚਾਰ**

ਖੇਡਾਂ ਨੂੰ ਉਦਯੋਗ ਦਾ ਦਰਜਾ ਦਿੱਤੇ ਜਾਣ ਦੀ ਗੱਲ ਇਸ ਲਈ ਕਹੀ ਜਾ ਰਹੀ ਹੈ, ਕਿਉਂਕਿ ਇਹ ਹੀ ਇਕ ਰਸਤਾ ਹੈ ਜਿਸ ਨਾਲ ਖੇਡਾਂ ਨਾਲ ਜੁੜੀਆਂ ਸਮੱਸਿਆਵਾਂ ਦਾ ਹੱਲ ਕੁਝ ਹੱਦ ਤੱਕ ਨਿਕਲ ਸਕਦਾ ਹੈ। ਕਾਰਨ ਇਹ ਵੀ ਹੈ ਕਿ ਖੇਡ ਸੰਗਠਨਾਂ ਵਿੱਚ ਲਗਾਤਾਰ ਭ੍ਰਿਸ਼ਟਾਚਾਰ ਦੇ ਕਿੱਸੇ ਰੋਜ਼ ਸੁਣਾਈ ਦਿੰਦੇ ਹਨ।

ਖੇਡਾਂ ’ਤੇ ਧਿਆਨ ਦੇਣ ਦੀ ਗੱਲ ਪੰਜਾਹ ਦੇ ਦਹਾਕੇ ਵਿੱਚ ਇੱਕ ਸੰਸਥਾ ਬਣਾਉਣ ਤੋਂ ਸ਼ੁਰੂ ਹੋਈ, ਜਿਸ ਵਿੱਚ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਪਹਿਲ ਨਾਲ ਇਸ ਨੂੰ ਪਛਾਣ ਮਿਲੀ। ਉਸ ਤੋਂ ਬਾਅਦ ਤੋਂ ਲੈ ਕੇ ਅੱਜ ਤੱਕ ਹਰ ਖੇਡ ਦਾ ਇਕ ਸੰਗਠਨ ਬਣਾਉਣ ਦੀ ਹੋੜ ਲੱਗ ਗਈ। ਅੱਜ ਦੇਸ਼ ਵਿੱਚ ਸੈਂਕੜੇ ਸੰਗਠਨ ਚੱਲ ਰਹੇ ਹਨ ਅਤੇ ਇਨ੍ਹਾਂ ਦਾ ਇੱਕ ਹੀ ਮਕਸਦ ਹੁੰਦਾ ਹੈ ਕਿ ਕਿਸ ਤਰ੍ਹਾਂ ਵਾਹ ਵਾਹੀ ਲੁੱਟੀ ਜਾਵੇ, ਪੈਸਾ ਕਮਾਉਣ ਦੇ ਆਸਾਨ ਰਸਤੇ ਕੱਢੇ ਜਾਣ ਅਤੇ ਨੇਤਾ ਬਣ ਕੇ ਸਰਕਾਰੀ ਹਲਕਿਆਂ ਵਿੱਚ ਪੈਂਠ ਬਣਾਈ ਜਾਵੇ । ਜਿੰਨੇ ਵੀ ਸੰਗਠਨ ਹਨ, ਉਹਨਾਂ ਸਭ ’ਤੇ ਪੈਸੇ ਦੀ ਦੁਰਵਰਤੋਂ ਅਤੇ ਸਰੀਰਕ ਸ਼ੋਸ਼ਣ ਤੱਕ ਦੇ ਦੋਸ਼ ਲਗਦੇ ਰਹੇ ਹਨ। ਏਸ਼ਿਆਈ ਖੇਡਾਂ ਤੋਂ ਲੈ ਕੇ ਕਾਮਨਵੈਲਥ ਖੇਡਾਂ ਤੱਕ ਜੋ ਕਿ ਦੇਸ਼ ਵਿੱਚ ਆਯੋਜਨ ਹੁੰਦੇ ਰਹੇ ਹਨ, ਉਨ੍ਹਾਂ ਸਾਰਿਆਂ ’ਤੇ ਰਿਸ਼ਵਤਖੋਰੀ ਅਤੇ ਅਨੈਤਿਕਤਾ ਦੀ ਕਾਲਖ ਲਗ ਚੁੱਕੀ ਹੈ । ਸੱਟੇਬਾਜ਼ੀ ਦੇ ਕਿੱਸੇ ਤਾਂ ਹਰ ਕਿਸੇ ਦੀ ਜ਼ੁਬਾਨ ’ਤੇ ਹਨ। ਇਥੋਂ ਤੱਕ ਹੋਇਆ ਹੈ ਕਿ ਅੰਤਰਰਾਸ਼ਟਰੀ ਉਲੰਪਿਕ ਸੰਘ ਨੇ ਭਾਰਤੀ ਉਲੰਪਿਕ ਸੰਘ ’ਤੇ ਭ੍ਰਿਸ਼ਟਾਚਾਰ ਕਾਰਨ ਪਾਬੰਦੀ ਲਗਾ ਦਿੱਤੀ ਸੀ ਅਤੇ ਸਾਡੇ ਖਿਡਾਰੀਆਂ ਨੂੰ ਹੋਰ ਰਸਤੇ ਰਾਹੀਂ ਮੁਕਾਬਲਿਆਂ ਵਿਚ ਹਿੱਸਾ ਲੈਣਾ ਪਿਆ ਸੀ। ਇਨ੍ਹਾਂ ਸੰਗਠਨਾਂ ਦੇ ਕਰਤਾ-ਧਰਤਾ ਜੇਲ੍ਹ ਦੀ ਸ਼ੋਭਾ ਵੀ ਵਧਾਉਂਦੇ ਰਹੇ ਹਨ ਅਤੇ ਉਨ੍ਹਾਂ ਕੋਲ ਬਹੁਤ ਵੱਡੀ ਜਾਇਦਾਦ ਹੋਣ ਦੇ ਸਬੂਤ ਜਗ-ਜ਼ਾਹਿਰ ਹਨ ।

ਅਜਿਹੇ ਲੋਕ ਵੀ ਹਨ ਜੋ ਸੰਗਠਨ ਬਣਾਉਂਦੇ ਹੀ ਇਸ ਲਈ ਹਨ ਕਿ ਵਿਦੇਸ਼ਾਂ ਵਿੱਚ ਮੌਜ਼-ਮਸਤੀ ਕੀਤੀ ਜਾ ਸਕੇ । ਹਾਲ ਦੀ ਇਸ ਘਟਨਾ ਨੂੰ ਲੋਕ ਕਿਵੇਂ ਭੁੱਲ ਸਕਦੇ ਹਨ, ਜਿਸ ਕਾਰਨ ਕੁਸ਼ਤੀ ਵਿੱਚ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲਿਆਂ ਨੂੰ ਸੜਕ ’ਤੇ ਸੰਸਦ ਤੱਕ ਧਰਨਾ ਦੇਣਾ ਪਿਆ ਅਤੇ ਸਰੀਰਕ ਸ਼ੋਸ਼ਣ ਦਾ ਦੋਸ਼ੀ ਖੁੱਲ੍ਹੇ ਆਮ ਘੁੰਮਦਾ ਰਿਹਾ ਅਤੇ ਜਦੋਂ ਮਜਬੂਰਨ ਕਾਰਵਾਈ ਹੋਈ ਤਾਂ ਬੜੀ ਆਸਾਨੀ ਨਾਲ ਉਸ ਨੂੰ ਜ਼ਮਾਨਤ ਮਿਲ ਗਈ। ਚਲੋ ਇੱਕ ਉਦਾਹਰਨ ਤੋਂ ਇਸ ਸਪੱਸ਼ਟ ਕਰਦੇ ਹਾਂ। ਸਰਕਾਰ ਨੇ ਖੇਡਾਂ ਦੀ ਉੱਨਤੀ ਲਈ ਇਕ ਕਮੇਟੀ ਬਣਾਈ ਜਿਸ ਨੇ ਕੁਝ ਸੁਝਾਅ ਦਿੱਤੇ । ਇਨ੍ਹਾਂ ਵਿੱਚ ਸਭ ਤੋਂ ਪਹਿਲਾਂ ਤਾਂ ਇਹ ਸੀ ਕਿ ਕਿਸੇ ਵੀ ਸੰਗਠਨ ਦਾ ਪ੍ਰਧਾਨ ਰਾਜਨੀਤੀ ਨਾਲ ਜੁੜਿਆ ਨਹੀਂ ਹੋਣਾ ਚਾਹੀਦਾ । ਦੂਜੀ ਗੱਲ ਇਹ ਕਹੀ ਕਿ ਉਮਰ ਦੀ ਹੱਦ 70 ਸਾਲ ਹੋਵੇ । ਤੀਜਾ ਇਹ ਕਿ ਦੋ ਵਾਰੀ ਤੋਂ ਜ਼ਿਆਦਾ ਕੋਈ ਵਿਅਕਤੀ ਵੱਖ-ਵੱਖ ਖੇਡਾਂ ਨਾਲ ਸੰਬੰਧਿਤ ਵੱਡੇ ਅਹੁਦਿਆਂ ’ਤੇ ਨਿਯੁਕਤ ਨਹੀਂ ਕੀਤਾ ਜਾ ਸਕਦਾ ਅਤੇ ਜੇਕਰ ਕਰਨਾ ਵੀ ਹੈ ਤਾਂ ਇਕ ਟਰਮ ਦਾ ਗੈਪ ਹੋਣਾ ਚਾਹੀਦਾ ਹੈ । ਹੁਣ ਇਹ ਤਿੰਨੋਂ ਗੱਲਾਂ ਸੰਗਠਨਾਂ ’ਤੇ ਕਬਜ਼ਾ ਜਮਾ ਕੇ ਜ਼ਿੰਦਗੀ ਭਰ ਲਈ ਪ੍ਰਧਾਨ ਅਤੇ ਦੂਜੇ ਅਹੁਦਿਆਂ ਨੂੰ ਆਪਣੀ ਜਗੀਰ ਮੰਨਣ ਵਾਲੇ ਲੋਕਾਂ ਨੂੰ ਕਿਵੇਂ ਚੰਗੀਆਂ ਲੱਗ ਸਕਦੀਆਂ ਸਨ ? ਇਸੇ ਕਰਕੇ ਅੱਜ ਤੱਕ ਇਹ ਸਿਫਾਰਿਸ਼ਾਂ ਧੂੜ ਚੱਟ ਰਹੀਆਂ ਹਨ। ਇਹ ਤਾਂ ਸਿੱਧੇ ਸ਼ੇਰ ਦੇ ਮੂੰਹ ਤੋਂ ਰੋਟੀ ਖੋਹਣ ਵਾਲਾ ਕੰਮ ਹੋ ਜਾਣਾ ਸੀ। ਜਿੰਨੇ ਵੀ ਸੰਗਠਨ ਹਨ, ਉਨ੍ਹਾਂ ਦੇ ਅਹੁਦੇਦਾਰ ਦਬੰਗ ਹਨ, ਨੇਤਾਗਿਰੀ ਕਰਦੇ ਹਨ ਅਤੇ ਉਨ੍ਹਾਂ ਸਾਰੇ ਕੰਮਾਂ ਵਿਚ ਲੱਗੇ ਹੋਏ ਹੁੰਦੇ ਹਨ ਜਿਨ੍ਹਾਂ ਦਾ ਸੰਬੰਧ ਖੇਡ ਅਤੇ ਖਿਡਾਰੀਆਂ ਦੀ ਤਰੱਕੀ ਨਾਲ ਨਹੀਂ ਹੁੰਦਾ । ਇਸ ਸੰਬੰਧੀ ਕੁਝ ਸ਼ਿਕਾਇਤਾਂ ਜ਼ਰੂਰ ਹੁੰਦੀਆਂ ਹਨ ਪਰ ਨਕਾਰਖਾਨੇ ਵਿੱਚ ਤੂਤੀ ਦੀ ਆਵਾਜ਼ ਸੁਣਨ ਦੀ ਫੁਰਸਤ ਕਿਸ ਨੂੰ ਹੈ?



**ਖਿਡਾਰੀਆਂ ਦੀ ਮਜਬੂਰੀ**

ਖੇਡ ਅਤੇ ਖਿਡਾਰੀਆਂ ਦੀ ਬੁਰੀ ਹਾਲਤ ਦਾ ਇਕ ਵੱਡਾ ਕਾਰਨ ਇਹ ਹੈ ਕਿ ਚਾਹੇ ਜਿੰਨੇ ਵੀ ਤਗਮੇ ਜਿੱਤ ਲੈਣ, ਘਰ ਦਾ ਖਰਚਾ ਚਲਾਉਣ ਲਈ ਨੌਕਰੀ ਕਰਨੀ ਹੀ ਪਵੇਗੀ। ਉਹ ਵੀ ਇਸ ਤੁਹਮਤ ਨਾਲ ਕਿ ਮੈਡਲ ਦੀ ਬਦੌਲਤ ਸਰਕਾਰੀ ਨੌਕਰੀ ਮਿਲ ਗਈ, ਵਰਨਾ ਤੁਹਾਡੀ ਇਸ ਅਹੁਦੇ ’ਤੇ ਬੈਠਣ ਦੀ ਯੋਗਤਾ ਹੀ ਕਿਥੇ ਹੈ ਅਤੇ ਇਸ ਤਰ੍ਹਾਂ ਉਹ ਖਿਡਾਰੀ ਹਮੇਸ਼ਾ ਦਬਾਅ ਵਿੱਚ ਰਹਿੰਦਾ ਹੈ । ਧਿਆਨ ਦਿਉ ਕਿ ਜੇਕਰ ਖਿਡਾਰੀਆਂ ਦੀ ਇਹ ਮਜਬੂਰੀ ਨਾ ਹੁੰਦੀ ਤਾਂ ਕੀ ਖਿਡਾਰੀਆਂ ਦੇ ਨਾਲ ਕਿਸੇ ਤਰ੍ਹਾਂ ਦਾ ਅਨਿਆਂ ਹੋ ਸਕਣਾ ਸੀ ਅਤੇ ਕੀ ਅਪਰਾਧੀ ਮੁੱਛਾਂ ’ਤੇ ਤਾਅ ਦਿੰਦਾ ਘੁੰਮਦਾ ਰਹਿ ਸਕਦਾ ਸੀ ? ਸਰਕਾਰ ਨੇ ਖੇਡ ਦਾ ਮੈਦਾਨ ਬਣਾਉਣ ਲਈ 50 ਲੱਖ ਦੀ ਰਕਮ ਤੈਅ ਕੀਤੀ ਪਰ ਕਿੰਨੇ ਬਣੇ ਇਸ ਦਾ ਕੋਈ ਅੰਕੜਾ ਨਹੀਂ । ਇਸ ਰਾਸ਼ੀ ਵਿੱਚ ਬੁਨਿਆਦੀ ਖੇਡਾਂ ਵਾਲਾ ਖੇਡ ਕੰਪਲੈਕਸ ਬਣਨਾ ਬਹੁਤ ਮੁਸ਼ਕਿਲ ਹੈ ਅਤੇ ਜੇਕਰ ਬਣ ਵੀ ਗਿਆ ਤਾਂ ਉਹ ਬਹੁਤ ਦਿਨਾਂ ਤੱਕ ਟਿਕੇਗਾ ਨਹੀਂ ਕਿਉਂਕਿ ਭ੍ਰਿਸ਼ਟਾਚਾਰ ਦੇ ਚਲਦਿਆਂ ਉਸ ਵਿੱਚ ਲੱਗਣ ਵਾਲੀ ਸਮੱਗਰੀ ਤਾਂ ਸਿਰਫ਼ ਕੁਝ ਸਮੇਂ ਤੱਕ ਹੀ ਚਲ ਸਕਦੀ ਹੈ ਅਤੇ ਉਸ ਦਾ ਢਹਿ ਢੇਰੀ ਹੋ ਜਾਣਾ ਲਾਜ਼ਮੀ ਹੈ ।

**ਉਦਯੋਗ ਦਾ ਦਰਜਾ ਕਿਉਂ ?**

ਜੇਕਰ ਖੇਡਾਂ ਨੂੰ ਉਦਯੋਗ ਦਾ ਦਰਜਾ ਮਿਲਦਾ ਹੈ ਤਾਂ ਅਜਿਹੀ ਵਿਵਸਥਾ ਹੋ ਸਕਦੀ ਹੈ ਕਿ ਖੇਡ ਮੈਦਾਨ ਬਣਾਓ, ਮਾਲਕ ਬਣ ਕੇ ਉਨ੍ਹਾਂ ਨੂੰ ਚਲਾਓ ਅਤੇ ਫਿਰ ਜਦੋਂ ਉਸ ਵਿੱਚ ਲੱਗੀ ਰਕਮ (**ਬਾਕੀ ਸਫ਼ਾ 31 ’ਤੇ**)

# ਕਦੋਂ ਤੱਕ ਸ਼ੋਸ਼ਣ ਦਾ ਸ਼ਿਕਾਰ ਹੋਣਗੀਆਂ ਖਿਡਾਰਨਾਂ ?




ਸਮਾਜ ਦੇ ਹਰ ਖੇਤਰ ਵਿੱਚ ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਦੀ ਬੁਰਾਈ ਫੈਲ ਰਹੀ ਹੈ ਅਤੇ ਖੇਡ ਸੰਸਥਾਵਾਂ ਵਿੱਚ ਵੀ ਅਧਿਕਾਰੀਆਂ ਅਤੇ ਕੋਚਾਂ ਦੁਆਰਾ ਬਲਾਤਕਾਰ, ਜਿਨਸੀ ਸ਼ੋਸ਼ਣ ਅਤੇ ਪ੍ਰੇਸ਼ਾਨ ਕਰਨ ਦੀਆਂ ਸ਼ਿਕਾਇਤਾਂ ਆਮ ਹੋ ਗਈਆਂ ਹਨ। ਭਾਵੇਂ ਕਿ ਮਹਿਲਾ ਪਹਿਲਵਾਨਾਂ ਵੱਲੋਂ ਕੀਤੇ ਗਏ ਸੰਘਰਸ਼ ਕਾਰਨ ਖਿਡਾਰਨਾਂ ਨਾਲ ਕੀਤੇ ਜਾਂਦੇ ਜਿਨਸੀ ਸ਼ੋਸ਼ਣ ਦਾ ਮਾਮਲਾ ਸਾਹਮਣੇ ਆ ਚੁੱਕਿਆ ਹੈ ਪਰ ਵੱਡੀ ਗਿਣਤੀ ਖਿਡਾਰਨਾਂ ਅਜਿਹੀਆਂ ਹਨ, ਜਿਹਨਾਂ ਦਾ ਜਿਨਸੀ ਸ਼ੋਸ਼ਣ ਹੋਣ ਦੇ ਬਾਵਜੂਦ ਉਹ ਮਾਮਲੇ ਸਾਹਮਣੇ ਨਹੀਂ ਆਏ। ਅਜਿਹੇ ਮਾਮਲਿਆਂ ਵਿੱਚ ਆਪਣੇ ਕੈਰੀਅਰ ਖਾਤਰ ਖਿਡਾਰਨਾਂ ਆਪਣੀ ਆਪ ਬੀਤੀ ਦੁਨੀਆਂ ਸਾਹਮਣੇ ਨਹੀਂ ਲਿਆਉਂਦੀਆਂ, ਜਿਸ ਕਾਰਨ ਜਿਨਸੀ ਸ਼ੋਸ਼ਣ ਕਰਨ ਵਾਲੇ ਅਧਿਕਾਰੀਆਂ ਦਾ ਹੌਂਸਲਾ ਵੱਧ ਜਾਂਦਾ ਹੈ।

ਜੇਕਰ ਪਿਛਲੇ ਪੰਜ ਸਾਲਾਂ ’ਤੇ ਨਜ਼ਰ ਮਾਰੀਏ ਤਾਂ ਖੇਡਾਂ ’ਚ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਦੀ ਤਸਵੀਰ ਹੋਰ ਵੀ ਭਿਆਨਕ ਹੈ। ਇਹ ਉਦੋਂ ਹੁੰਦਾ ਹੈ ਜਦੋਂ ਬਹੁਤ ਸਾਰੇ ਕੇਸਾਂ ਦੀ ਰਿਪੋਰਟ ਨਹੀਂ ਕੀਤੀ ਜਾਂਦੀ। ਜੇਕਰ ਇਸ ਸਬੰਧੀ ਸਰਕਾਰੀ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ 28 ਜੁਲਾਈ 2022 ਨੂੰ ਰਾਜ ਸਭਾ ’ਚ ਰਾਸ਼ਟਰੀ ਜਨਤਾ ਦਲ ਦੇ ਰਾਜ ਸਭਾ ਮੈਂਬਰ ਮਨੋਜ ਕੁਮਾਰ ਝਾਅ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਉਸ ਸਮੇਂ ਦੇ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਖੁਦ ਦੱਸਿਆ ਸੀ ਕਿ ਜਨਵਰੀ 2017 ਤੋਂ ਜੁਲਾਈ 2022 ਤੱਕ ਭਾਰਤੀ ਖੇਡ ਅਦਾਰਿਆਂ ਵਿੱਚ ਜਿਨਸੀ ਸ਼ੋਸ਼ਣ ਦੀਆਂ ਪ੍ਰਾਪਤ ਹੋਈਆਂ 30 ਸ਼ਿਕਾਇਤਾਂ ਵਿੱਚੋਂ ਦੋ ਗੁੰਮਨਾਮ ਸਨ। ਉਹਨਾਂ ਨੇ ਇਹ ਨਹੀਂ ਦੱਸਿਆ ਕਿ ਕੀ ਕਾਰਵਾਈ ਕੀਤੀ ਗਈ, ਪਰ ਦਾਅਵਾ ਕੀਤਾ ਕਿ ਸਾਰੇ 30 ਮਾਮਲਿਆਂ ਵਿੱਚ ਉਚਿਤ ਕਦਮ ਚੁੱਕੇ ਗਏ ਸਨ।

ਉੱਚ ਖੇਡ ਸੰਸਥਾਵਾਂ ਤੋਂ ਲੈ ਕੇ ਸਕੂਲ ਪੱਧਰ ਤਕ ਖਿਡਾਰਨਾਂ ਨਾਲ ਅਕਸਰ ਜਿਨਸੀ ਸ਼ੋਸ਼ਣ ਦੀ ਘਟਨਾਂਵਾਂ ਵਾਪਰਦੀਆਂ ਹਨ ਪਰ ਵੱਡੀ ਗਿਣਤੀ ਅਜਿਹੀਆਂ ਘਟਨਾਂਵਾਂ ਦੀ ਕੋਈ ਸ਼ਿਕਾਇਤ ਨਹੀਂ ਕੀਤੀ ਜਾਂਦੀ, ਕਿਉਂਕਿ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਖਿਡਾਰਨਾਂ ਨੂੰ ਅਕਸਰ ਉਹਨਾਂ ਦਾ ਕੈਰੀਅਰ ਬਰਬਾਦ ਕਰਨ ਦੀ ਧਮਕੀ ਦੇ ਦਿੱਤੀ ਜਾਂਦੀ ਹੈ, ਜਿਸ ਕਰਕੇ ਉਹ ਚੁਪ ਰਹਿੰਦੀਆਂ ਹਨ। ਅਨੇਕਾਂ ਖਿਡਾਰਨਾਂ ਜਿਨਸੀ ਸ਼ੋਸ਼ਣ ਅਤੇ ਛੇੜਛਾੜ ਤੋਂ ਦੁਖੀ ਹੋ ਕੇ ਖੇਡਾਂ ਤੋਂ ਦੂਰ ਹੋ ਜਾਂਦੀਆਂ ਹਨ, ਜਿਸ ਕਾਰਨ ਚੰਗੀਆਂ ਖਿਡਾਰਨਾਂ ਅੱਗੇ ਆਉਣ ਤੋਂ ਰਹਿ ਜਾਂਦੀਆਂ ਹਨ।

ਅਜਿਹੀਆਂ ਘਟਨਾਂਵਾਂ ਕਾਰਨ ਹੀ ਵੱਡੀ ਗਿਣਤੀ ਮਾਪੇ ਆਪਣੀਆਂ ਧੀਆਂ ਨੂੰ ਖੇਡਾਂ ਵਿੱਚ ਹਿਸਾ ਨਹੀਂ ਲੈਣ ਦਿੰਦੇ, ਜਿਸ ਕਾਰਨ ਅਨੇਕਾਂ ਉਭਰਦੀਆਂ ਖਿਡਾਰਨਾਂ ਦੇਂ ਕੈਰੀਅਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦਾ ਹੈ। ਇਸ ਤੋਂ ਇਲਾਵਾ ਭਾਰਤ ਦੇ ਕਈ ਇਲਾਕਿਆਂ ਵਿੱਚ ਅਜੇ ਵੀ ਪਿਛੜਾਪਣ ਅਜਿਹਾ ਹੈ, ਜਿਥੇ ਕਿ ਲੜਕੀਆਂ ਦਾ ਖੇਡਾਂ ਵਿੱਚ ਹਿੱਸਾ ਲੈਣਾ ਚੰਗਾ ਨਹੀਂ ਸਮਝਿਆ ਜਾਂਦਾ। ਕਈ ਥਾਵਾਂ ’ਤੇ ਤਾਂ ਖਿਡਾਰਨਾਂ ਵੱਲੋਂ ਪਾਏ ਜਾਂਦੇ ਕੱਪੜਿਆਂ ਤੇ ਵੀ ਕਿੰਤੂ ਪ੍ਰੰਤੂ ਕੀਤੇ ਜਾਂਦੇ ਹਨ। ਟੈਨਿਸ ਸਟਾਰ ਸਾਨੀਆ ਮਿਰਜ਼ਾ ਨੂੰ ਵੀ ਆਪਣੇ ਕਪੜਿਆਂ ਕਾਰਨ ਕਈ ਤਰਾਂ ਦੇ ਕੁਮੈਂਟ ਸੁਣਨੇ ਪਏ ਸਨ ਪਰ ਉਸਨੇ ਆਪਣੀ ਖੇਡ ਉਪਰ ਇਸ ਦਾ ਅਸਰ ਨਹੀਂ ਸੀ ਹੋਣ ਦਿੱਤਾ। ਅਜਿਹਾ ਹੀ ਹੋਰ ਵੀ ਕਈ ਖਿਡਾਰਨਾਂ ਨਾਲ ਹੋ ਚੁਕਿਆ ਹੈ।

ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਵਿੱਚ ਜ਼ਿਆਦਾਤਰ ਖੇਡ ਫੈਡਰੇਸ਼ਨਾਂ ਦੀ ਅਗਵਾਈ ਜਾਂ ਤਾਂ ਸਿਆਸਤਦਾਨਾਂ, ਜਾਂ ਸ਼ਕਤੀਸ਼ਾਲੀ ਨੌਕਰਸ਼ਾਹਾਂ, ਜਾਂ ਅਮੀਰ ਵਪਾਰੀਆਂ ਦੁਆਰਾ ਕੀਤੀ ਜਾਂਦੀ ਹੈ। ਖੇਡ ਮੰਤਰਾਲਾ ਵੀ ਇਨ੍ਹਾਂ ਲੋਕਾਂ ਦੀ ਲਪੇਟ ’ਚ ਹੈ, ਅਜਿਹੇ ’ਚ ਮਹਿਲਾ ਖਿਡਾਰੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਸੁਣਵਾਈ ਦੀ ਸਥਿਤੀ ਕੀ ਹੋਵੇਗੀ, ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਹੈ।



## ਭਾਰਤ ਦੇ ਆਜ਼ਾਦੀ ਅੰਦੋਲਨ 'ਚ

ਬਣਦੀਆਂ ਕੇਂਦਰ ਸਰਕਾਰਾਂ ਦੀਆਂ ਅੱਖਾਂ ਵਿੱਚ ਰੜਕਣ ਲੱਗ ਜਾਂਦੇ ਹਨ। ਇਹੋ ਕਾਰਨ ਹੈ ਕਿ ਕੇਂਦਰ ਸਰਕਾਰਾਂ ਕਿਸੇ ਨਾ ਕਿਸੇ ਬਹਾਨੇ ਪੰਜਾਬ ਤੇ ਪੰਜਾਬੀਆਂ ਨਾਲ ਵਿਤਕਰਾ ਕਰਨ ਦਾ ਯਤਨ ਕਰਦੀਆਂ ਹਨ।

***

## ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਕੀਤੀਆਂ

14 ਅਕਤੂਬਰ, 1825 ਨੂੰ ਗਾਰਨੇਡੀਅਰ ਕੰਪਨੀ ਨੇ ਅਸਾਮੀ ਭਰਾਵਾਂ ਦੀ ਅਜ਼ਾਦੀ ਨੂੰ ਖ਼ਤਮ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਵਿਦਰੋਹ ਵਿਚ 400 ਦੇ ਕਰੀਬ ਸਿੱਖ ਸ਼ਹੀਦ ਹੋਏ। ਡਾਕਟਰ ਗੰਡਾ ਸਿੰਘ ਅਨੁਸਾਰ, ਗੁਰਦੁਆਰਾ ਮੂਵਮੈਂਟ ਵਿੱਚ 500 ਸਿੱਖ ਸ਼ਹੀਦ ਹੋਏ, 30 ਹਜ਼ਾਰ ਜੇਲ੍ਹਾਂ ਵਿੱਚ ਗਏ ਅਤੇ 10 ਲੱਖ ਰੁਪਿਆ ਸਿੱਖਾਂ ਨੇ ਜੁਰਮਾਨਾ ਭਰਿਆ। ਗੁਰਦੁਆਰਾ ਲਹਿਰ (1921 ਤੋਂ 1924 ਈਸਵੀ) ਅਸਲ ਵਿੱਚ ਦੇਸ਼ ਦੇ ਆਜ਼ਾਦੀ ਅੰਦੋਲਨ ਦਾ ਆਰੰਭ ਸੀ।

***

## ਵਿਰਸੇ ਵਿੱਚ ਹੀ ਮਿਲਿਆ

ਸੁਤੰਤਰਤਾ ਦਾ ਅਹਿਸਾਸ ਦਿਵਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਤੰਤਰਤਾ ਸੈਲਾਨੀਆਂ ਦੀ ਇਕ ਕੌਮ ਦੀ ਨੀਂਹ ਰੱਖੀ ਅਤੇ ਦੇਸ਼- ਵਾਸੀਆਂ ਦੇ ਸੀਨੇ ਵਿੱਚ ਅਜ਼ਾਦੀ ਦੇ ਜਜ਼ਬੇ ਦੀ ਜੋਤ ਜਗਾਈ। ਆਪ ਤੋਂ ਪਿੱਛੋਂ ਗੁਰੂ ਸਾਹਿਬਾਨ ਨੇ ਇਸ ਜੋਤ ਨੂੰ ਜਗਦਾ ਰੱਖਣ ਦਾ ਬੀੜਾ ਚੁੱਕਿਆ। ਇਸ ਲਈ ਸਭ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਦੇਸ਼ ਦੀ ਸੁਤੰਤਰਤਾ ਦੀ ਵੇਦੀ ਉੱਤੇ ਆਪਣੀ ਸ਼ਹੀਦੀ ਦਿੱਤੀ। ਉਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ (ਕਸ਼ਮੀਰੀ ਪੰਡਤਾਂ ਦੀ ਪੁਕਾਰ 'ਤੇ) ਸ਼ਹੀਦੀ ਦਿੱਤੀ। ਉਨ੍ਹਾਂ ਦੇ ਨਾਲ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਵੀ ਉਸੇ ਸਮੇਂ ਸ਼ਹੀਦ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਬੇਅੰਤ ਸਿੱਖਾਂ ਨੇ ਸੁਤੰਤਰਤਾ ਦੀ ਪ੍ਰਾਪਤੀ ਲਈ ਦੇਸ਼-ਧਰਮ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਸ ਤਰਾਂ ਦੇਸ਼ ਖਾਤਰ ਸ਼ਹੀਦੀਆਂ ਦੇਣ ਅਤੇ ਹੋਰ ਕੁਰਬਾਨੀਆਂ ਕਰਨ ਦੀ ਪਰੰਪਰਾ ਸਿੱਖ ਧਰਮ ਵਿੱਚ ਲਗਾਤਾਰ ਚਲਦੀ ਆ ਰਹੀ ਹੈ। ਅੱਜ ਦੇ ਸਮੇਂ ਵਿੱਚ ਸਿੱਖ ਆਪਣੇ ਹੱਕਾਂ ਅਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਨ।

***

## ਇਮਰਾਨ ਖ਼ਾਨ ਨੂੰ ਤਿੰਨ

ਦੋ ਏਕੜ ਬੰਜਰ ਜਮੀਨ ਦੇ ਨਾਲ ਨਾਲ 22 ਏਕੜ ਤੇ ਚਾਰ ਕਨਾਲਾਂ ਵਾਹੀਯੋਗ ਜਮੀਨ ਵੀ

ਸ਼ਾਮਲ ਹੈ। ਵਰਤਮਾਨ ਸਮੇਂ ਵਿੱਚ ਇਹ ਪਾਕਸਤਾਨ ਦੇ ਪੰਜਾਬ ਸੂਬੇ ਵਿੱਚ ਚਲ ਰਹੀਆਂ 40 ਜੇਲਾਂ ਵਿਚੋਂ ਇੱਕ ਹੈ। ਜ਼ਿਕਰਯੋਗ ਹੈ ਕਿ ਅਟਕ ਕਿਲੇ ਨੇ 1973 ਅਤੇ 1985 ਵਿੱਚ ਦੇਸ਼ ਦੇ ਵੱਖ ਵੱਖ ਅਧਿਕਾਰੀਆਂ ਦੇ ਟਰਾਇਲਾਂ ਦੀ ਮੇਜਬਾਨੀ ਵੀ ਕੀਤੀ। ਜੇਲ੍ਹ ਵਿੱਚ 539 ਕੈਦੀਆਂ ਨੂੰ ਰਖਣ ਦੀ ਖ਼ੁੱਲ ਹੈ, ਪਰ ਮੌਜੂਦਾ ਕੈਦੀਆਂ ਦੀ ਆਬਾਦੀ 804 ਹੈ। ਇਸੇ ਜੇਲ ਵਿੱਚ ਮੇਜਰ ਨਾਦਰ ਪਰਵੇਜ਼ ਨੂੰ ਵੀ ਰਖਿਆ ਗਿਆ ਹੈ, ਜੋ ਕਿ ਜੁਲਫ਼ਕਾਰ ਅਲੀ ਭੁੱਟੋ ਦੀ ਸਰਕਾਰ ਦਾ ਤਖਤਾ ਪਲਟਣ ਦਾ ਦੋਸ਼ੀ ਇਕ ਫ਼ੌਜੀ ਅਧਿਕਾਰੀ ਹੈ, ਜੋ ਕਿ ਬਾਅਦ ਵਿੱਚ ਨਵਾਬ ਸ਼ਰੀਫ ਸਰਕਾਰ ਵਿੱਚ ਸੰਘੀ ਮੰਤਰੀ ਬਣ ਗਿਆ ਸੀ।

**

## ਸਿੱਖ ਪੰਥ ਤੇ ਜਾਟਾਂ ਕਾਰਨ ਨੂਹ (ਮੇਵਾਤ) ਨੂੰ

ਫਿਰ ਰਾਤ ਨੂੰ ਸਾਡੇ ਪਿੰਡ ਨੂੰ ਲੁੱਟਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਬੰਧੀ ਰੇਵਾੜੀ ਦੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ।

ਨੂਹ ਹਿੰਸਾ ਬਾਰੇ ਹੁਣ ਤੱਕ ਜੋ ਵੀ ਤੱਥ ਸਾਹਮਣੇ ਆਏ ਹਨ, ਉਸ ਅਨੁਸਾਰ ਇਹ ਹਿੰਸਾ ਇੱਕ ਸੋਚੀ-ਸਮਝੀ ਸਾਜਿਸ਼ ਅਤੇ ਪਹਿਲਾਂ ਤੋਂ ਤੈਅ ਯੋਜਨਾ ਦਾ ਹਿੱਸਾ ਸੀ। ਇਸ ਦਾ ਫੌਰੀ ਟੀਚਾ ਰਾਜਸਥਾਨ, ਹਰਿਆਣਾ, ਦਿੱਲੀ ਅਤੇ ਪੱਛਮੀ ਉੱਤਰ ਪ੍ਰਦੇਸ਼ ਦਾ ਹਿੰਦੂ-ਮੁਸਲਿਮ ਲੀਹਾਂ 'ਤੇ ਧਰੁਵੀਕਰਨ ਕਰਨਾ ਸੀ। ਇਸ ਫੌਰੀ ਟੀਚੇ ਤੋਂ ਇਲਾਵਾ, ਇਸ ਹਿੰਸਾ ਦਾ ਲੰਬੇ ਸਮੇਂ ਦਾ ਉਦੇਸ਼ ਮੁਸਲਮਾਨਾਂ-ਜਾਟਾਂ-ਗੁਜਰਾਂ ਵਿਚਕਾਰ ਫਿਰਕੂ ਦੰਗੇ ਅਤੇ ਹਿੰਸਾ ਨੂੰ ਇਸ ਤਰੀਕੇ ਨਾਲ ਭੜਕਾਉਣਾ ਸੀ ਤਾਂ ਜੋ ਹਿੰਦੂ ਵੋਟ ਨੂੰ ਭਾਜਪਾ ਦੇ ਹਕ ਵਿੱਚ ਭੁਗਤਾਇਆ ਜਾ ਸਕੇ। ਭਗਵੇਂ ਫਿਰਕੂ ਫਾਸ਼ੀਵਾਦੀ ਜਥੇਬੰਦੀਆਂ ਹਰਿਆਣੇ ਨੂੰ ਗੁਜਰਾਤ-ਮਣੀਪੁਰ ਬਣਾਉਣਾ ਚਾਹੁੰਦੀਆਂ ਸਨ।

ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਪਾਲ ਮਲਿਕ ਨੇ ਹੁਣੇ ਜਿਹੇ ਕਿਹਾ ਸੀ ਕਿ ਹਰਿਆਣਾ ਵਿੱਚ ਫਿਰਕੂ ਵੰਡ ਪੈਦਾ ਕਰਨ ਦੇ ਮਕਸਦ ਨਾਲ 7-8 ਥਾਵਾਂ 'ਤੇ ਗਿਣ-ਮਿਥ ਕੇ ਹਮਲੇ ਕੀਤੇ ਗਏ।

ਉਨ੍ਹਾਂ ਕਿਹਾ ਕਿ ਅਜਿਹੇ ਹਮਲੇ 2024 ਤੱਕ ਹੋਰ ਵਧਣਗੇ, ਜਿਵੇਂ ਕਿ ਮਨੀਪੁਰ ਵਿੱਚ ਨਜ਼ਰ ਆ ਰਿਹਾ ਹੈ। ਉਨ੍ਹਾਂ ਨੂੰ ਡਰ ਹੈ ਕਿ ਦੰਗੇ ਕਰਾਉਣ ਲਈ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਯੁੱਧਿਆ ਵਿੱਚ ਉਸਰ ਰਹੇ ਰਾਮ ਮੰਦਰ ਜਾਂ ਭਾਰਤ ਦੇ ਕਿਸੇ ਹੋਰ ਪ੍ਰਮੁੱਖ ਮੰਦਰ 'ਤੇ ਹਮਲਾ ਕਰਵਾਇਆ ਜਾ ਸਕਦਾ ਹੈ। ਮਲਿਕ ਨੇ ਕਿਹਾ ਕਿ ਸਰਕਾਰ ਲੋਕਾਂ ਦੇ ਧਰੁਵੀਕਰਨ ਤੇ ਚੋਣਾਂ ਜਿੱਤਣ ਲਈ ਅਜਿਹਾ ਕਰ ਸਕਦੀ ਹੈ। ?

ਇਥੇ ਜ਼ਿਕਰਯੋਗ ਹੈ ਕਿ ਸਿੱਖਾਂ, ਜਾਟਾਂ ਤੇ ਗੁਜਰਾਂ ਦੀ ਏਕਤਾ ਕਾਰਨ ਇਸ ਫਿਰਕੂ ਹਿੰਸਾ ਦਾ ਰਾਜਸੀ ਮਨੋਰਥ ਫੇਲ ਹੋ ਗਿਆ। ਮੇਵਾਤ ਖੇਤਰ ਵਿੱਚ 1 ਲੱਖ ਤੋਂ ਵੱਧ ਸਿੱਖ ਰਹਿੰਦੇ ਹਨ। ਸਿੱਖਾਂ ਨੇ ਵੀ ਹਰ ਪੱਧਰ 'ਤੇ ਇਸ ਹਿੰਸਾ ਨੂੰ ਰੋਕਣ ਅਤੇ ਲੋਕਾਂ ਨੂੰ ਫਿਰਕੂ ਅਨਸਰਾਂ ਤੋਂ ਬਚਾਉਣ ਲਈ ਹਰ ਸੰਭਵ ਯਤਨ ਕੀਤੇ। ਨੂਹ, ਗੁੜਗਾਓਂ ਅਤੇ ਹਰਿਆਣਾ ਦੇ ਹੋਰ ਹਿੱਸਿਆਂ ਵਿੱਚ ਫਿਰਕੂ ਹਿੰਸਾ ਦੇ ਇੱਕ ਦਿਨ ਬਾਅਦ, ਲਗਭਗ 70-100 ਭਗਵਿਆਂ ਦੀ ਹਿੰਸਕ ਭੀੜ ਨੇ ਸੋਹਨਾ ਵਿਚ ਇਕ ਮਸਜਿਦ 'ਤੇ ਹਮਲਾ ਕੀਤਾ ਸੀ ਪਰ ਮਸਜਿਦ ਦੇ ਇਮਾਮ, ਉਸਦੇ ਪਰਿਵਾਰ ਅਤੇ ਮਦਰੱਸੇ ਵਿੱਚ ਪੜ੍ਹਦੇ 10-12 ਬੱਚਿਆਂ ਨੂੰ ਸਿੱਖਾਂ ਨੇ ਸੁਰੱਖਿਅਤ ਬਚਾ ਲਿਆ, ਸਿੱਖ ਭਾਈਚਾਰੇ ਨੇ ਹਮਲਾਵਰਾਂ ਨੂੰ ਰੋਕਿਆ। ਮਸਜਿਦ, ਇਮਾਮ ,ਔਰਤਾਂ ਅਤੇ ਬੱਚੇ ਸਿੱਖਾਂ ਕਾਰਨ ਬਚ ਗਏ। ਇਮਾਮ ਨੇ ਸਿੱਖ ਪੰਥ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਸਿੱਖਾਂ ਦੇ ਧੰਨਵਾਦੀ ਹਾਂ ਜਿਹਨਾਂ ਨੇ ਵਹਿਸ਼ੀ ਪਾਗਲ ਭੀੜ ਤੋਂ ਸਾਨੂੰ, ਸਾਡੀਆਂ ਇਸਤਰੀਆਂ ਤੇ ਬੱਚਿਆਂ ਨੂੰ ਬਚਾਇਆ ਤੇ ਆਪਣੇ ਵਹੀਕਲਾਂ ਵਿੱਚ ਬਿਠਾਕੇ ਸਾਨੂੰ ਸੁਰਖਿਅਤ ਥਾਂ ਭਿਜਵਾਇਆ।

ਸਿੱਖ ਆਗੂ ਗੁਰਚਰਨ ਸਿੰਘ ਨੇ ਕਿਹਾ ਕਿ ਅਸੀਂ ਕਿਸੇ ਵੀ ਮਾਮਲੇ ਵਿੱਚ ਦਖਲ ਦੇਣਾ ਅਤੇ ਕਿਸੇ ਸਮਾਜ ਜਾਂ ਸਮਾਜ ਨੂੰ ਨੁਕਸਾਨ ਪਹੁੰਚਾਉਣਾ ਪਸੰਦ ਨਹੀਂ ਕਰਦੇ। ਅਸੀਂ ਮਨੁੱਖਤਾ ਦੇ ਰਾਖੇ ਹਾਂ । ਇੱਥੇ ਬਹੁਤ ਸਾਰੀਆਂ ਜਾਨਾਂ ਨੂੰ ਖ਼ਤਰਾ ਸੀ ਸਾਡੇ ਸਿਖ ਜਵਾਨਾਂ ਨੇ ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦਿਆਂ ਸਮੇਂ ਸਿਰ ਮੁਸਲਮਾਨਾਂ ਨੂੰ ਬਚਾਇਆ। ਪੁਲਿਸ ਨੇ ਇਸ ਮਾਮਲੇ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਹੈ।

ਹਰਿਆਣਾ ਦਾ ਜਾਟ ਭਾਈਚਾਰਾ ਸਿੱਖ ਭਾਈਚਾਰੇ ਦੇ ਕਾਫੀ ਕਰੀਬ ਆਕੇ ਗੁਰਦੁਆਰਾ ਸਾਹਿਬ ਨਾਲ ਜੁੜਕੇ ਸੇਵਾ ਕਰ ਰਿਹਾ ਹੈ। ਇਸ ਕਾਰਨ ਹਰਿਆਣੇ ਵਿੱਚ ਸਿੱਖ ਮਜ਼ਬੂਤ ਹੋਏ ਹਨ।

***

## ਭਾਰਤ ਸਰਕਾਰ ਵੱਲੋਂ ਸਿੱਖਾਂ ਨੂੰ ਦਬਾਉਣ ਦੀ ਕੋਸ਼ਿਸ਼

ਸਿੱਖ ਜਥੇਬੰਦੀਆਂ ਜਾਂ ਸਿੱਖ ਨੇਤਾਵਾਂ ਖ਼ਿਲਾਫ਼ ਕੀਤੀਆਂ ਅਜਿਹੀਆਂ ਕਾਰਵਾਈਆਂ ਭਾਜਪਾ ਪ੍ਰਤੀ ਸਿੱਖਾਂ ਵਿੱਚ ਗ਼ਲਤ ਸੰਦੇਸ਼ ਹੀ ਦੇਣਗੀਆਂ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਿਛਲੇ ਦਿਨੀਂ ਖਾਲਸਾ ਏਡ ਦੇ ਭਾਰਤ ਸਥਿਤ ਦਫਤਰ ਵਿੱਚ ਐਨ.ਆਈ.ਏ. ਦੀ ਛਾਪੇਮਾਰੀ ਅਤੇ ਇੰਗਲੈਂਡ ਦੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਰੋਕਣ ਦੀ ਘਟਨਾ 'ਤੇ ਆਪਣੀ ਮਹੱਤਵਪੂਰਨ ਪ੍ਰਤੀਕਿਰਿਆ ਦਿੰਦਿਆਂ ਆਖਿਆ ਹੈ ਕਿ ਭਾਰਤ ਅੰਦਰ ਸਿੱਖਾਂ ਨੂੰ ਆਨੇ-ਬਹਾਨੇ ਅਲਹਿਦਗੀ ਦਾ ਅਹਿਸਾਸ ਕਰਵਾਉਣਾ ਮੰਦਭਾਗਾ ਹੈ।

ਗਿਆਨੀ ਰਘਬੀਰ ਸਿੰਘ ਨੇ ਇਸ ਸੰਬੰਧੀ ਆਖਿਆ ਕਿ ਖਾਲਸਾ ਏਡ ਵੱਲੋਂ ਵਿਸ਼ਵ ਪੱਧਰ 'ਤੇ ਮਾਨਵਤਾ ਦੀ ਸੇਵਾ ਦੇ ਕੀਤੇ ਜਾ ਰਹੇ ਕਾਰਜ ਕੋਈ ਲੁਕੇ-ਛੁਪੇ ਨਹੀਂ ਹਨ। ਕੋਰੋਨਾ ਮਹਾਮਾਰੀ ਤੇ ਹੜ੍ਹਾਂ ਦਾ ਭਿਆਨਕ ਦੌਰ ਇਸ ਦੀ ਸਭ ਤੋਂ ਤਾਜ਼ਾ ਉਦਾਹਰਨ ਹੈ ਜਦੋਂ ਸਿੱਖ ਸੰਸਥਾਵਾਂ ਦੇ ਸੇਵਾਦਾਰਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਮਾਨਵਤਾ ਦੀ ਸੇਵਾ ਕੀਤੀ ਸੀ। ਇਸ ਤਰੀਕੇ ਐਨ.ਆਈ.ਏ. ਵੱਲੋਂ ਖ਼ਾਲਸਾ ਏਡ ਦੇ ਪਟਿਆਲਾ ਸਥਿਤ ਦਫਤਰ ਵਿੱਚ ਛਾਪੇਮਾਰੀ ਕਰਨੀ ਜ਼ਾਲਮਾਨਾ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਸ਼ਾਇਦ ਸਿੱਖ ਸੇਵਾ ਕਰਦੇ ਵੀ ਚੰਗੇ ਨਹੀਂ ਲੱਗਦੇ। ਇਸ ਦੇ ਨਾਲ ਹੀ ਗਿਆਨੀ ਰਘਬੀਰ ਸਿੰਘ ਨੇ ਬੀਤੇ ਦਿਨ ਇੰਗਲੈਂਡ ਦੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਦੋ ਘੰਟੇ ਰੋਕੀ ਰੱਖਣ ਦੀ ਘਟਨਾ ਨੂੰ ਵੀ ਮੰਦਭਾਗਾ ਕਰਾਰ ਦਿੰਦਿਆਂ ਆਖਿਆ ਕਿ ਇਸ ਤਰੀਕੇ ਸਿੱਖਾਂ ਦੀ ਸ਼ਾਖ਼ ਤੇ ਸਮਰੱਥਾ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਵਾਜਬ ਨਹੀਂ ਹਨ। ਇਹ ਸਰਕਾਰੀ ਫਿਰਕੂ ਕਾਰਵਾਈ ਹੈ।

ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਵੱਸਦਾ ਕੋਈ ਵੀ ਸਿੱਖ ਜਦੋਂ ਸਿੱਖ ਕੌਮ ਨਾਲ ਹੋਈਆਂ ਬੇਇਨਸਾਫੀਆਂ ਦੀ ਗੱਲ ਕਰਦਾ ਹੈ ਤਾਂ ਬਜਾਇ ਇਸ ਦੇ ਕਿ ਸਿੱਟਾਮੁਖੀ ਨੀਤੀਆਂ 'ਤੇ ਚੱਲ ਕੇ ਸਿੱਖ ਕੌਮ ਦੇ ਬੇਇਨਸਾਫੀ ਦੇ ਹੇਰਵੇ ਨੂੰ ਦੂਰ ਕਰਕੇ ਉਨ੍ਹਾਂ ਦਾ ਭਰੋਸਾ ਜਿੱਤਿਆ ਜਾਵੇ, ਉਲਟਾ ਸਰਕਾਰਾਂ ਅਜਿਹਾ ਪੱਖਪਾਤੀ ਵਤੀਰਾ ਧਾਰਨ ਕਰਦੀਆਂ ਹਨ ਕਿ ਸਿੱਖਾਂ ਅੰਦਰ ਅਲਹਿਦਗੀ ਦਾ ਹੋਰ ਅਹਿਸਾਸ ਪੈਦਾ ਹੋਵੇ।

ਪੰਥਕ ਜਥੇਬੰਦੀਆਂ ਦਾ ਮੰਨਣਾ ਹੈ ਕਿ ਕੇਂਦਰੀ ਜਾਂਚ ਏਜੰਸੀ ਵੱਲੋਂ ਪੰਜਾਬ ਦੇ ਆਜ਼ਾਦੀ ਪਸੰਦ ਸਿੱਖਾਂ ਦੇ ਘਰਾਂ 'ਤੇ ਵੱਡੀ ਪੱਧਰ 'ਤੇ ਕੀਤੀ ਗਈ ਛਾਪੇਮਾਰੀ ਦਾ ਮਕਸਦ ਕੇਵਲ ਅਗਲੇ ਸਾਲ ਹੋ ਰਹੀਆਂ ਚੋਣਾਂ ਵਿੱਚ ਭਾਜਪਾ ਦੁਆਰਾ ਹਿੰਦੂ ਵੋਟਾਂ ਹਥਿਆਉਣਾ ਹੈ ਤਾਂ ਹੀ ਪੰਜਾਬ ਸਥਿਤ ਸਿੱਖਾਂ ਦੇ ਘਰਾਂ 'ਤੇ ਵੱਡੇ ਪੱਧਰ 'ਤੇ ਰੇਡ ਕੀਤੀ ਗਈ ਸੀ ਅਤੇ ਪਰਿਵਾਰਾਂ ਨੂੰ ਪ੍ਰੇਸ਼ਾਨ ਕੀਤਾ ਗਿਆ ਸੀ। ਕੇਂਦਰੀ ਜਾਂਚ ਏਜੰਸੀ ਵੱਲੋਂ ਸਿੱਖਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਆਪਣੇ ਨਿਸ਼ਾਨੇ 'ਤੇ ਲੈਣਾ, ਉਨ੍ਹਾਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕਰਨੀ ਜਮਹੂਰੀਅਤ ਵਿਰੋਧੀ ਕਾਰਵਾਈ ਹੈ। ਸਿੱਖ ਪੰਥ ਨੂੰ ਇਸ ਸੰਕਟ ਦੇ ਸਮੇਂ ਕੌਮੀ ਸੋਚ ਅਤੇ ਅਗਵਾਈ ਦੀ ਜ਼ਰੂਰਤ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ , ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਨੂੰ ਇਸ ਸੰਬੰਧ ਵਿੱਚ ਵਿਸ਼ਵ ਸਿੱਖ ਕਾਨਫਰੰਸ ਬੁਲਾਏ ਜਾਣ ਦੀ ਲੋੜ ਹੈ ਤਾਂ ਜੋ ਸਿੱਖ ਸੰਕਟ ਬਾਰੇ ਉਸਾਰੂ ਫੈਸਲੇ ਲਏ ਜਾਣ ਤੇ ਸਾਂਝੀ ਲੀਡਰਸ਼ਿਪ ਬਹਾਲ ਕੀਤੀ ਜਾਵੇ।

***

## ਭਾਰਤ 'ਚ ਚੋਣਾਂ ਬਣੀਆਂ ਹੁਣ ਕਰੋੜਪਤੀਆਂ

ਹਿਸਾਬ ਨਾਲ ਭਾਜਪਾ ਦੇ ਵਿਧਾਇਕਾਂ ਦੀ ਕੁੱਲ ਸੰਪਤੀ 16234 ਕਰੋੜ, ਕਾਂਗਰਸ ਦੇ ਵਿਧਾਇਕਾਂ ਦੀ 15798 ਕਰੋੜ, ਵਾਈ ਐੱਸ ਆਰ ਸੀ ਪੀ ਦੇ ਵਿਧਾਇਕਾਂ ਦੀ 3379 ਕਰੋੜ, ਡੀ ਐੱਮ ਕੇ ਦੇ ਵਿਧਾਇਕਾਂ ਦੀ 1663 ਕਰੋੜ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਕੁੱਲ ਸੰਪਤੀ 1642 ਕਰੋੜ ਬਣਦੀ ਹੈ। ਕਰਨਾਟਕ ਦੇ ਵਿਧਾਇਕਾਂ ਕੋਲ ਸਭ ਤੋਂ ਵੱਧ ਸੰਪਤੀ ਹੈ। ਇਹ 21 ਰਾਜਾਂ ਦੇ ਵਿਧਾਇਕਾਂ ਦੀ ਕੁੱਲ ਸੰਪਤੀ ਨਾਲੋਂ ਵੀ ਵੱਧ ਹੈ। 21 ਰਾਜਾਂ ਦੇ ਵਿਧਾਇਕਾਂ ਦੀ ਸੰਪਤੀ 13976 ਕਰੋੜ ਬਣਦੀ ਹੈ, ਜਦਕਿ ਕਰਨਾਟਕ ਦੇ ਵਿਧਾਇਕਾਂ ਦੀ 14359 ਕਰੋੜ ਹੈ। ਰਾਜਾਂ ਮੁਤਾਬਕ ਮਹਾਰਾਸ਼ਟਰ ਦੇ 288 ਵਿੱਚੋਂ 284 ਵਿਧਾਇਕਾਂ ਕੋਲ 6679 ਕਰੋੜ ਰੁਪਏ ਦੀ ਸੰਪਤੀ ਹੈ। ਆਂਧਰਾ ਦੇ 175 ਵਿਧਾਇਕਾਂ ਵਿੱਚੋਂ 174 ਕੋਲ 4914 ਕਰੋੜ ਰੁਪਏ ਦੀ ਸੰਪਤੀ ਹੈ। ਯੂ ਪੀ ਦੇ ਕੁੱਲ 403 ਵਿਧਾਇਕਾਂ ਦੀ ਸੰਪਤੀ 3255 ਕਰੋੜ, ਗੁਜਰਾਤ ਦੇ 182 ਵਿਧਾਇਕਾਂ ਦੀ 2987 ਕਰੋੜ, ਤਾਮਿਲਨਾਡੂ ਦੇ 224 ਵਿਧਾਇਕਾਂ ਦੀ 2767 ਕਰੋੜ ਅਤੇ ਮੱਧ ਪ੍ਰਦੇਸ਼ ਦੇ 230 ਵਿਧਾਇਕਾਂ ਦੀ ਸੰਪਤੀ 2476 ਕਰੋੜ ਰੁਪਏ ਹੈ। ਵਿਧਾਇਕਾਂ ਦੇ ਇਹ ਹਲਫਨਾਮੇ ਦਰਸਾਉਂਦੇ ਹਨ ਕਿ ਚੋਣਾਂ ਕਰੋੜਪਤੀਆਂ ਦੀ ਹੀ ਗੇਮ ਬਣ ਕੇ ਰਹਿ ਗਈਆਂ। ਕਾਰਪੋਰੇਟ ਜਗਤ ਵਾਂਗ ਸਿਆਸਤ ਖ਼ਰੀਦ ਵੇਚ ਦਾ ਕੰਮ ਵੱਡੇ ਪੱਧਰ 'ਤੇ ਚੱਲਦਾ ਹੈ। ਸਿਆਸਤ ਹੁਣ ਇੰਡਸਟਰੀ ਬਣ ਚੁੱਕੀ ਹੈ। ਹੁਣ ਤਾਂ ਅਫਸਰਸ਼ਾਹੀ ਸਿਆਸਤ ਵਿੱਚ ਆਉਣ ਨੂੰ ਕਾਹਲੀ ਹੋਈ ਪਈ ਹੈ। ਘਰਾਂ ਵਿੱਚ ਵੀ ਕਿਸੇ ਨਾ ਕਿਸੇ ਰੂਪ ਵਿੱਚ ਸਿਆਸਤ ਹੁਣ ਰਿਸ਼ਤਿਆਂ ਉੱਪਰ ਹਾਵੀ ਹੋਣ ਲੱਗ ਪਈ ਹੈ। ਹਰ ਰਿਸ਼ਤੇ ਨਾਤੇ ਵਿੱਚ ਸੂਖਮ ਰੂਪ ਵਿੱਚ ਸਿਆਸਤ ਦੇ ਲੱਛਣ ਅਕਸਰ ਪਾਏ ਜਾਂਦੇ ਹਨ।

***

## ਕੌਮੀ ਇਨਸਾਫ਼ ਮੋਰਚਾ 15 ਅਗਸਤ ਨੂੰ

ਸ਼ਕਤੀ ਜ਼ਰੂਰੀ ਹੈ। ਜਦਕਿ ਸੂਬਾ ਸਰਕਾਰ ਨੇ ਅਦਾਲਤ ਨੂੰ ਆਜ਼ਾਦੀ ਦਿਵਸ ਮੌਕੇ ਮਾਹੌਲ ਖਰਾਬ ਹੋਣ ਅਤੇ ਸ਼ਾਂਤੀ ਭੰਗ ਹੋਣ ਦਾ ਹਵਾਲਾ ਦਿੰਦਿਆਂ ਮੋਰਚੇ ਨੂੰ ਨਾ ਛੇੜਨ ਦੀ ਦਲੀਲ ਦਿੱਤੀ ਹੈ।

ਹਾਲਾਂ ਕਿ ਸ਼ੁਰੂਆਤੀ ਦਿਨਾਂ ਦੇ ਮੁਕਾਬਲੇ ਮੋਰਚੇ 'ਤੇ ਮੁਜ਼ਾਹਰਾਕਾਰੀਆਂ ਜਾਂ ਸੰਗਤ ਦੀ ਗਿਣਤੀ ਬਹੁਤ ਘਟ ਗਈ ਹੈ ਪਰ ਸਰਕਾਰ ਸਿੱਖ ਸੰਗਤ ਨਾਲ ਸਿੱਧਾ ਟਕਰਾਅ ਕਰਨ ਤੋਂ ਬਚ ਰਹੀ ਹੈ। ਸਰਕਾਰ ਬਰਗਾੜੀ ਕਾਂਡ ਦੀ ਤਰ੍ਹਾਂ ਕੋਈ ਮੁੱਦਾ ਵਿਰੋਧੀਆਂ ਨੂੰ ਨਹੀਂ ਦੇਣਾ ਚਾਹੁੰਦੀ। ਬਰਗਾੜੀ ਤੇ ਬਹਿਬਲ ਕਲਾਂ ਕਾਂਡ ਅਕਾਲੀ ਦਲ ਦੇ ਪਤਨ ਦਾ ਕਾਰਨ ਬਣਿਆ ਸੀ, ਇਸ ਲਈ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅਤੇ ਸਿੱਖਾਂ ਨਾਲ ਸਿੱਧੀ ਟੱਕਰ ਲੈਣ ਤੋਂ ਸਰਕਾਰ ਬਚ ਰਹੀ ਹੈ।

ਦੂਜੇ ਪਾਸੇ ਮੋਰਚੇ ਦੇ ਆਗੂਆਂ ਨੇ ਹਾਈਕੋਰਟ ਦੇ ਹੁਕਮਾਂ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਮੋਰਚਾ ਕਿਸੇ ਕੀਮਤ 'ਤੇ ਖ਼ਤਮ ਨਹੀਂ ਕੀਤਾ ਜਾਵੇਗਾ। ਜੇਕਰ ਪੰਜਾਬ ਸਰਕਾਰ ਨੇ ਪੁਲਿਸ ਦੇ ਜ਼ੋਰ ਨਾਲ ਮੋਰਚਾ ਉਠਾਉਣਾ ਤਾਂ ਸਰਕਾਰ ਦੀ ਮਰਜ਼ੀ ਹੈ। ਮੋਰਚੇ ਦੇ ਬੁਲਾਰੇ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਜਦ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਖੁਦ ਜਗਤਾਰ ਸਿੰਘ ਹਵਾਰਾ (ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦਾ ਦੋਸ਼ੀ) ਦੇ ਮਾਮਲੇ ਵਿੱਚ ਅਦਾਲਤ ਦੇ ਹੁਕਮਾਂ ਦੀ ਪਾਲਣਾ ਨਹੀਂ ਕਰ ਰਿਹਾ ਤਾਂ ਉਹ ਵੀ ਅਦਾਲਤ ਦੇ ਹੁਕਮ ਦੀ ਪਰਵਾਹ ਨਹੀਂ ਕਰਨਗੇ।

***

## ਨਾਂਦੇੜ ਦੇ ਡੀ.ਸੀ. ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ

ਸਿੱਖ ਆਈਏਐੱਸ ਅਧਿਕਾਰੀ ਨੂੰ ਨਿਯੁਕਤ ਕੀਤਾ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦੇ ਪ੍ਰਬੰਧਕ ਵਜੋਂ ਇਕ ਗ਼ੈਰ-ਸਿੱਖ ਦੀ ਨਿਯੁਕਤੀ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਫ਼ੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ । ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਪਣਾ ਇਹ ਵਿਰੋਧ ਮਹਾਰਾਸ਼ਟਰ ਸਰਕਾਰ ਦੇ ਮੁੱਖ ਮੰਤਰੀ ਏਕਨਾਥ ਸੰਭਾਜੀ ਸ਼ਿੰਦੇ ਨੂੰ ਇੱਕ ਈਮੇਲ ਭੇਜ ਕੇ ਦਰਜ ਕਰਵਾਇਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਸਿੱਖਾਂ ਦੇ ਮਾਮਲਿਆਂ 'ਚ ਮਨਮਰਜ਼ੀ ਦੇ ਫੈਸਲੇ ਨਾ ਲਵੇ ਤੇ ਚੋਣ ਤਕ ਕਿਸੇ ਪੂਰਨ ਗੁਰਸਿੱਖ ਵਿਅਕਤੀ ਨੂੰ ਹੀ ਤਖ਼ਤ ਸਾਹਿਬ ਬੋਰਡ ਦਾ ਪ੍ਰਬੰਧਕ ਲਗਾਇਆ ਜਾਵੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਨਾਂਦੇੜ ਸਾਹਿਬ ਦੇ ਗੈਰ ਸਿੱਖ ਕਲੈਕਟਰ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧਕ ਲਾਉਣ ਦਾ ਪੁਰਜ਼ੋਰ ਵਿਰੋਧ ਕੀਤਾ ਹੈ ਤੇ ਮਹਾਰਾਸ਼ਟਰ ਸਰਕਾਰ ਨੂੰ ਅਪੀਲ

ਕੀਤੀ ਹੈ ਕਿ ਸਿਰਫ ਗੁਰਸਿੱਖ ਵਿਅਕਤੀ ਹੀ ਗੁਰਧਾਮਾਂ ਦਾ ਪ੍ਰਬੰਧਕ ਲੱਗ ਸਕਦਾ ਹੈ ਤੇ ਇਸ ਮੁਤਾਬਕ ਫੈਸਲੇ ਵਿਚ ਸੋਧ ਕੀਤੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਨੇ ਪਹਿਲਾਂ ਆਪਣੇ ਕਰੀਬੀ ਪ੍ਰਸ਼ਾਸਕਾਂ ਦੀ ਨਿਯੁਕਤੀ ਕੀਤੀ, ਭਾਵੇਂ ਪਹਿਲੇ ਪ੍ਰਸ਼ਾਸਨਿਕ ਅਧਿਕਾਰੀ ਸ. ਪਸਰੀਚਾ ਦੀ ਨਿਯੁਕਤੀ ਵੀ ਸਿੱਖ ਕੌਮ ਦੀ ਸਹਿਮਤੀ ਤੋਂ ਬਿਨਾਂ ਕੀਤੀ ਗਈ ਸੀ ਪਰ ਸ. ਪਸਰੀਚਾ ਨੇ ਚੰਗਾ ਕੰਮ ਕੀਤਾ, ਇਸੇ ਕਰਕੇ ਸਿੱਖ ਕੌਮ ਨੇ ਉਸਦਾ ਵਿਰੋਧ ਨਹੀਂ ਕੀਤਾ। ਜੇਕਰ ਅਜਿਹਾ ਕਰਨਾ ਹੀ ਸੀ ਤਾਂ ਚਾਹੀਦਾ ਤਾਂ ਇਹ ਸੀ ਕਿ ਪਸਰੀਚਾ ਜੀ ਦੀਆਂ ਸੇਵਾਵਾਂ ਉਦੋਂ ਤੱਕ ਲਈਆਂ ਜਾਂਦੀਆਂ ਜਦੋਂ ਤੱਕ ਕਿਸੇ ਚੰਗਾ ਗੁਰਸਿੱਖ ਅਧਿਕਾਰੀ ਨਹੀਂ ਮਿਲ ਜਾਂਦਾ, ਪਰ ਹੁਣ ਸਰਕਾਰ ਨੇ ਸਾਡੇ ਗੁਰਦੁਆਰਾ ਸਾਹਿਬਾਨ ਵਿੱਚ ਗੈਰ-ਸਿੱਖਾਂ ਨੂੰ ਪ੍ਰਬੰਧਕ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ, ਜੋ ਕਿ ਪੂਰੀ ਤਰ੍ਹਾਂ ਨਾਲ ਸਿੱਖ ਰਹਿਤ ਮਰਯਾਦਾ ਦੇ ਵਿਰੁੱਧ ਹੈ। ਸ: ਸਰਨਾ ਨੂੰ ਇਹ ਵੀ ਉਮੀਦ ਹੈ ਕਿ ਸਰਕਾਰ ਹਰਿਆਣਾ ਅਤੇ ਦਿੱਲੀ ਵਿੱਚ ਵੀ ਇਹੀ ਕਵਾਇਦ ਸ਼ੁਰੂ ਕਰ ਸਕਦੀ ਹੈ ਕਿਉਂਕਿ ਇੱਥੇ ਵੀ ਸਰਕਾਰ ਨੇ ਆਪਣੇ ਬੰਦੇ ਤਾਇਨਾਤ ਕਰਕੇ ਗੁਰਦੁਆਰਾ ਪ੍ਰਬੰਧ 'ਤੇ ਕਬਜ਼ਾ ਕਰ ਲਿਆ ਹੈ ਅਤੇ ਹੁਣ ਸਰਕਾਰ ਦੀ ਮਨਸ਼ਾ ਇਹੀ ਹੋਵੇਗੀ ਕਿ ਜਲਦੀ ਤੋਂ ਜਲਦੀ ਇੱਥੋਂ ਦੇ ਪ੍ਰਸ਼ਾਸਨ ਵਿੱਚ ਗੈਰ-ਸਿੱਖਾਂ ਨੂੰ ਸ਼ਾਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਸਭ ਸਿੱਖਾਂ ਦੀ ਪਛਾਣ 'ਤੇ ਹਮਲਾ ਹੈ ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਸ਼੍ਰੋਮਣੀ ਕਮੇਟੀ ਦੇ ਕੰਮਾਂ ਵਿੱਚ ਦਖਲਅੰਦਾਜ਼ੀ ਕਰ ਰਹੇ ਹਨ ਪਰ ਇੰਨੇ ਵੱਡੇ ਫੈਸਲੇ 'ਤੇ ਪੂਰੀ ਤਰ੍ਹਾਂ ਚੁੱਪ ਹਨ। ਜਦਕਿ ਉਸਦੀ ਸਰਕਾਰ ਨੂੰ ਇਹ ਸਲਾਹ ਦੇਣਾ ਉਸਦਾ ਫਰਜ਼ ਸੀ ਕਿ ਗੈਰ-ਸਿੱਖ ਪ੍ਰਸ਼ਾਸਕ ਦੀ ਨਿਯੁਕਤੀ ਸਿੱਖ ਹਿੱਤਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਉਹ ਸਿੱਖਾਂ ਤੋਂ ਜਿਹੜੀਆਂ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ, ਉਹ ਅਜਿਹੀਆਂ ਹਰਕਤਾਂ ਨਾਲ ਪੂਰੀਆਂ ਨਹੀਂ ਹੋਣਗੀਆਂ, ਸਗੋਂ ਸਿੱਖ ਭਾਜਪਾ ਦੇ ਖਿਲਾਫ ਹੋ ਜਾਣਗੇ। ਸਮੁੱਚੇ ਖਾਲਸਾ ਪੰਥ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਰਕਾਰ ਭਾਵੇਂ ਕੇਂਦਰ ਦੀ ਹੋਵੇ ਜਾਂ ਸੂਬਾਈ ਜਾਂ ਕਿਸੇ ਵੀ ਪਾਰਟੀ ਦੀ, ਉਸਦਾ ਇੱਕੋ ਇਰਾਦਾ ਹੈ ਕਿ ਸਿੱਖਾਂ ਨੂੰ ਆਪਣੇ ਗੁਰਦੁਆਰਾ ਪ੍ਰਬੰਧ ਤੋਂ ਛੇਤੀ ਤੋਂ ਛੇਤੀ ਵੱਖ ਕਰ ਦਿੱਤਾ ਜਾਵੇ। ਇਸ ਸੰਬੰਧ ਵਿੱਚ ਖਾਲਸਾ ਪੰਥ ਨੂੰ ਸਾਰਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣਾ ਚਾਹੀਦਾ ਹੈ। ਸਮੁੱਚੇ ਖਾਲਸਾ ਪੰਥ ਨੂੰ ਆਪਸੀ ਮੱਤਭੇਦ ਭੁਲਾ ਕੇ ਪੰਥ 'ਤੇ ਕੀਤੇ ਜਾ ਰਹੇ ਇਨ੍ਹਾਂ ਹਮਲਿਆਂ ਦਾ ਇਕਮੁੱਠ ਹੋ ਕੇ ਜਵਾਬ ਦੇਣਾ ਚਾਹੀਦਾ ਹੈ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਬੋਰਡ ਦੇ ਪ੍ਰਬੰਧਕ ਵਜੋਂ ਇੱਕ ਗੈਰ-ਸਿੱਖ ਦੀ ਨਿਯੁਕਤੀ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਫ਼ੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ । ਉਨ੍ਹਾਂ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਦਾ ਇਹ ਫ਼ੈਸਲਾ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਿੱਧੇ ਤੌਰ 'ਤੇ ਦਖ਼ਲਅੰਦਾਜ਼ੀ ਹੈ, ਜਿਸ ਨੂੰ ਕਿ ਅਕਾਲੀ ਦਲ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ ।

### ਸਿੱਖ ਕੀ ਚਾਹੁੰਦੇ ਨੇ, ਸ਼ੋਸ਼ਲ ਮੀਡੀਆ 'ਤੇ ਛਿੜੀ ਬਹਿਸ

ਸ਼ੋਸ਼ਲ ਮੀਡੀਆ ਉਪਰ ਦੇਸ ਵਿਦੇਸ਼ ਵਿੱਚ ਬੈਠੇ ਸਿੱਖ ਇਹ ਚਰਚਾ ਕਰ ਰਹੇ ਹਨ ਕਿ ਇਹ ਮਸਲਾ ਸਿੱਖ ਜਾਂ ਗੈਰ ਸਿੱਖ ਪ੍ਰਬੰਧਕ ਦਾ ਨਹੀਂ, ਬਲਕਿ ਸਮੁੱਚੀ ਕਮੇਟੀ ਦੀ ਬਣਤਰ ਅਤੇ ਪ੍ਰਬੰਧਕੀ ਨਿਯਮਾਂ ਦਾ ਹੈ ਜੋ ਖਾਲਸਾ ਪੰਥ ਦੇ ਅਧੀਨ ਹੋਣਾ ਚਾਹੀਦਾ ਹੈ ਨਾਕਿ ਸਰਕਾਰੀ ਪ੍ਰਬੰਧਾਂ ਅਧੀਨ। ਸਰਕਾਰੀ ਨਿਯਮਾਂ ਤਹਿਤ ਤਖ਼ਤ ਸਾਹਿਬ ਦਾ ਮੁੱਖ ਪ੍ਰਬੰਧਕ ਦਰਅਸਲ ਉਹੀ ਵਿਅਕਤੀ ਹੋਵੇਗਾ ਜੋ ਨਾਂਦੇੜ ਜ਼ਿਲ੍ਹੇ ਦਾ ਮੁੱਖ ਅਧਿਕਾਰੀ ਹੋਵੇਗਾ। ਤਖ਼ਤ ਸ੍ਰੀ ਅਬਚਲ ਨਗਰ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਅਧੀਨ ਆਉਂਦਾ ਹੈ, ਇਸ ਲਈ ਉਸ ਦਾ ਮੁੱਖ ਪ੍ਰਬੰਧਕ ਵੀ ਜ਼ਿਲ੍ਹਾ ਮੁਖੀ ਹੀ ਹੋਵੇਗਾ।

ਲੋੜ ਇਸ ਗਲ ਦੀ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਸਾਰਾ ਪ੍ਰਬੰਧ ਖਾਲਸਾ ਪੰਥ ਦੇ ਸੰਗਤੀ ਪ੍ਰਬੰਧ ਅਧੀਨ ਲਿਆਂਦਾ ਜਾਵੇ ਤੇ ਉੱਥੋਂ ਦੇ ਗ੍ਰੰਥੀ ਸਿੰਘਾਂ ਤੋਂ ਲੈ ਕੇ ਮੁੱਖ ਸੇਵਾਦਾਰ ਤੱਕ ਉਹ ਵਿਅਕਤੀ ਨਿਯੁਕਤ ਕੀਤੇ ਜਾਣ ਜੋ ਗੁਰਬਾਣੀ ਅਤੇ ਗੁਰਮਤਿ ਦੀ ਬਿਪਰਵਾਦੀ ਵਿਆਖਿਆ ਅਤੇ ਧਾਰਨਾ ਤੋਂ ਮੁਕਤ ਹੋਣ। ਇਹੀ ਕਦਮ ਤਖ਼ਤ ਸ੍ਰੀ ਪਟਨਾ ਸਾਹਿਬ ਬਾਬਤ ਚੁੱਕਣਾ ਚਾਹੀਦਾ ਹੈ।

## ਬੇਰਹਿਮੀ ਨਾਲ ਤਬਾਹ ਕੀਤਾ ਜਾ

ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਸੜਕ ਜੀਵਨ ਰੇਖਾ ਹੈ, ਪਰ ਜੇਕਰ ਜੀਵਨ ਰੇਖਾ ਹੀ ਜੀਵਨ ਲੈ ਜਾਣ ਲੱਗੇ ਤਾਂ ਸੋਚਣਾ ਪਵੇਗਾ ਕਿ ਸਮੱਸਿਆ ਕਿੱਥੇ ਆ ਰਹੀ ਹੈ।

ਸੜਕ ਦੇ ਬਦਲ ਵਜੋਂ ਮੁੱਖ ਸੜਕਾਂ ਤੋਂ ਲਿੰਕ ਸੜਕਾਂ ਦੀ ਥਾਂ ਆਧੁਨਿਕ ਤਕਨੀਕ ਵਾਲਾ 'ਰੱਸੀ ਮਾਰਗ' ਬਣਾਇਆ ਜਾ ਸਕਦਾ ਹੈ, ਪਰ ਸਰਕਾਰਾਂ ਨੇ ਇਸ ਦਿਸ਼ਾ ਵਿੱਚ ਸੋਚਣਾ ਵੀ ਸ਼ੁਰੂ ਨਹੀਂ ਕੀਤਾ। ਹਾਂ, 'ਰੱਜੂ ਮਾਰਗ' ਕੁਝ ਥਾਵਾਂ 'ਤੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਾਇਆ ਗਿਆ ਹੈ। ਉਨ੍ਹਾਂ ਦੇ ਤਜ਼ਰਬਿਆਂ ਨਾਲ ਕਿਫਾਇਤੀ ਅਤੇ ਟਿਕਾਊ ਆਵਾਜਾਈ ਸਹੂਲਤਾਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਮੌਜੂਦਾ ਸਮੇਂ ਵਿੱਚ ਜਦੋਂ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਮੀਨ ਖਿਸਕਣ ਵਿੱਚ ਮਲਬਾ ਡੰਪਿੰਗ ਦੀ ਭੂਮਿਕਾ ਮੁੱਖ ਹੈ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਸ ਦਾ ਖੁਦ ਨੋਟਿਸ ਲੈ ਕੇ ਜਿੱਥੇ ਕਿਤੇ ਵੀ ਨੁਕਸਾਨ ਹੋਇਆ ਹੈ, ਉਸ ਦੀ ਤਕਨੀਕੀ ਜਾਂਚ ਕਰਵਾਈ ਜਾਵੇ। 'ਨੈਸ਼ਨਲ ਹਾਈਵੇਜ਼' ਦੇ ਮਾਮਲੇ 'ਚ 'ਚੀਫ ਵਿਜੀਲੈਂਸ ਅਫਸਰ' ਨੂੰ ਜਾਂਚ ਕਰਨ ਲਈ ਕਿਹਾ ਜਾਵੇ।ਸਾਲ 1994 ਵਿੱਚ ਭਾਗੀਰਥੀ ਦੇ ਕੰਢੇ 'ਤੇ ਜਦੋਂ 'ਟਿਹਰੀ ਡੈਮ ਵਿਰੋਧੀ ਅੰਦੋਲਨ' ਚੱਲ ਰਿਹਾ ਸੀ ਤਾਂ ਹਿਮਾਲਿਆ ਬਚਾਓ ਅੰਦੋਲਨ ਦਾ ਮੈਨੀਫੈਸਟੋ ਜਾਰੀ ਕੀਤਾ ਗਿਆ ਸੀ। ਇਸ ਦੀ ਮੁੱਖ ਮੰਗ ਇਹ ਸੀ ਕਿ ਹਿਮਾਲਿਆ ਦੀ ਨਾਜ਼ੁਕ ਸਥਿਤੀ ਨੂੰ ਦੇਖਦੇ ਹੋਏ ਕੁਦਰਤ ਪੱਖੀ ਵਿਸ਼ੇਸ਼ ਵਿਕਾਸ ਯੋਜਨਾ ਤਿਆਰ ਕੀਤੀ ਜਾਵੇ। ਡਾ.ਐਸ.ਜ਼ੈਡ ਕਾਸਿਮ ਦੀ ਪ੍ਰਧਾਨਗੀ ਹੇਠ 'ਯੋਜਨਾ ਕਮਿਸ਼ਨ' ਵੱਲੋਂ ਬਣਾਈ ਗਈ ਵਿਸ਼ੇਸ਼ ਕਮੇਟੀ ਨੇ 1992 ਵਿੱਚ ਇਸ ਸਬੰਧੀ ਰਿਪੋਰਟ ਜਾਰੀ ਕੀਤੀ ਸੀ ਪਰ ਉਸ 'ਤੇ ਵੀ ਕੋਈ ਕਾਰਵਾਈ ਨਹੀਂ ਹੋਈ।

ਵਿਕਾਸ ਦੇ ਨਾਂ 'ਤੇ ਚੱਲ ਰਹੀ ਅੰਨ੍ਹੀ ਦੌੜ ਵਿਰੁੱਧ ਪਹਾੜੀ ਖੇਤਰਾਂ ਦੇ ਲੋਕ ਲਗਾਤਾਰ ਆਵਾਜ਼ ਉਠਾਉਂਦੇਆ ਰਹੇ ਹਨ ਪਰ ਸਰਕਾਰਾਂ ਅਤੇ ਤਕਨੀਕੀ ਯੋਜਨਾਕਾਰਾਂ ਦੇ ਕੰਨਾਂ @ਤੇ ਜੂੰ ਤੱਕ ਨਹੀਂ ਸਰਕਦੀ। ਇਨ੍ਹਾਂ ਲੋਕਾਂ ਨੂੰ ਚੰਗਾ ਬਹਾਨਾ ਮਿਲ ਜਾਂਦਾ ਹੈ ਕਿ ਕੁਦਰਤ ਦੇ ਸਾਹਮਣੇ ਅਸੀਂ ਕੀ ਕਰ ਸਕਦੇ ਹਾਂ, ਪਰ ਇਨ੍ਹਾਂ ਲੋਕਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਤੁਹਾਨੂੰ ਕੁਦਰਤ ਨੂੰ ਇਸ ਹੱਦ ਤੱਕ ਮਜਬੂਰ ਕਰਨ ਦਾ ਕੀ ਹੱਕ ਹੈ ਕਿ ਕੁਦਰਤ ਬਦਲਾ ਲੈਣ 'ਤੇ ਤੁਲ ਜਾਵੇ।

ਭਾਵੇਂ ਸਰਕਾਰੀ ਖੇਤਰ ਵਿੱਚ ਇਸ ਵਿਸ਼ੇ 'ਤੇ ਚਰਚਾ ਜਾਰੀ ਹੈ, ਮੌਜੂਦਾ ਸਰਕਾਰ ਵਿੱਚ ਵੀ ਹਿਮਾਲੀਆ ਖੇਤਰ ਵਿੱਚ ਵਿਕਾਸ ਦੀ ਦਿਸ਼ਾ ਤੈਅ ਕਰਨ ਲਈ 'ਨੀਤੀ ਆਯੋਗ' ਵੱਲੋਂ 'ਖੇਤਰੀ ਕੌਂਸਲ' ਦਾ ਗਠਨ ਕੀਤਾ ਗਿਆ ਹੈ, ਪਰ ਅੱਜ ਤੱਕ ਇਸ ਸੰਸਥਾ ਦੀ ਕੋਈ ਸਰਗਰਮੀ ਨਹੀਂ ਹੋਈ। ਹੁਣ ਸਮਾਂ ਆ ਗਿਆ ਹੈ ਕਿ ਹਰ ਕੋਈ ਨੀਂਦ ਤੋਂ ਜਾਗ ਕੇ ਹਿਮਾਲਿਆ ਵਿੱਚ ਵਿਕਾਸ ਕਾਰਜਾਂ ਨੂੰ ਕੁਦਰਤ ਪੱਖੀ ਦਿਸ਼ਾ ਦੇਣ ਦੀ ਕੋਸ਼ਿਸ਼ ਕਰੇ।

***

## ਵਾਤਾਵਰਨ ਪੱਖੀ ਜੀਵਨ ਸ਼ੈਲੀ

ਅਸੀਂ ਵਧੀਆ ਜੀਵਨ ਬਤੀਤ ਕਰ ਸਕਦੇ ਹਾਂ। ਉਦਾਹਰਨ ਲਈ, ਜੇਕਰ ਅਸੀਂ ਊਰਜਾ-ਕੁਸ਼ਲ ਉਪਕਰਨਾਂ ਦੀ ਵਰਤੋਂ ਕਰਦੇ ਹਾਂ, ਵਰਤੋਂ ਵਿੱਚ ਨਾ ਹੋਣ 'ਤੇ ਲਾਈਟਾਂ ਅਤੇ ਇਲੈਕਟ੍ਰੌਨਿਕਸ ਬੰਦ ਕਰਦੇ ਹਾਂ ਅਤੇ ਹੀਟਿੰਗ ਅਤੇ ਕੂਲਿੰਗ ਸਿਸਟਮ ਨੂੰ ਅਨੁਕੂਲਿਤ ਕਰਕੇ ਊਰਜਾ ਦੀ ਬਚਤ ਕਰਦੇ ਹਾਂ, ਜਾਂ ਸੂਰਜੀ ਜਾਂ ਪੌਣ ਊਰਜਾ ਵਰਗੇ ਨਵਿਆਉਣਯੋਗ ਊਰਜਾ ਸਰੋਤਾਂ ਦੀ ਵਰਤੋਂ ਕਰਦੇ ਹਾਂ, ਤਾਂ ਅਸੀਂ ਵਾਤਾਵਰਨ ਦੀ ਰੱਖਿਆ ਕਰ ਸਕਦੇ ਹਾਂ।

ਇਸੇ ਤਰ੍ਹਾਂ ਜੇਕਰ ਅਸੀਂ ਸਾਈਕਲ ਚੁਣਦੇ ਹਾਂ ਜਾਂ ਜਦੋਂ ਵੀ ਸੰਭਵ ਹੋਵੇ ਆਉਣ-ਜਾਣ ਲਈ ਜਨਤਕ ਟ੍ਰਾਂਸਪੋਰਟ ਦੀ ਵਰਤੋਂ ਕਰਦੇ ਹਾਂ। ਜੇਕਰ ਤੁਹਾਨੂੰ ਕਾਰ ਦੀ ਵਰਤੋਂ ਕਰਨ ਦੀ ਲੋੜ ਹੈ, ਤਾਂ ਕਾਰਪੂਲਿੰਗ ਜਾਂ ਇਲੈਕਟ੍ਰਿਕ ਜਾਂ ਹਾਈਬ੍ਰਿਡ ਵਾਹਨਾਂ ਦੀ ਵਰਤੋਂ ਕਰਨਾ ਕਾਰਬਨ ਡਾਈਆਕਸਾਈਡ ਵਰਗੀਆਂ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਪਾਣੀ ਦੇ ਲੀਕ ਨੂੰ ਠੀਕ ਕਰਕੇ, ਛੋਟੇ ਸ਼ਾਵਰ ਲੈ ਕੇ ਅਤੇ ਪਾਣੀ ਬਚਾਉਣ ਵਾਲੇ ਉਪਕਰਨਾਂ ਦੀ ਵਰਤੋਂ ਕਰਕੇ ਪਾਣੀ ਦੀ ਸੰਭਾਲ ਕਰੋ। ਬਾਰਿਸ਼ ਦੇ ਪਾਣੀ ਨੂੰ ਇਕੱਠਾ ਕਰਕੇ ਅਤੇ ਤੁਪਕਾ ਸਿੰਚਾਈ ਵਰਗੀਆਂ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਦੀ ਵਰਤੋਂ ਕਰਕੇ ਬਾਗਬਾਨੀ ਕੀਤੀ ਜਾ ਸਕਦੀ ਹੈ। ਵਾਤਾਵਰਨ ਨੂੰ ਬਚਾਉਣ ਲਈ, ਅਸੀਂ ਮੁੜ ਵਰਤੋਂ ਵਾਲੀਆਂ ਵਸਤੂਆਂ ਅਤੇ ਰੀਸਾਈਕਲ ਕੀਤੀਆਂ ਸਮੱਗਰੀਆਂ ਦੀ ਮਾਤਰਾ ਨੂੰ ਘਟਾ ਕੇ ਕੂੜਾ ਪ੍ਰਬੰਧਨ ਲੜੀ ਅਪਣਾ ਸਕਦੇ ਹਾਂ। ਸਿੰਗਲ-ਯੂਜ਼ ਪਲਾਸਟਿਕ ਤੋਂ ਬਚੋ ਅਤੇ ਮੁੜ ਵਰਤੋਂ ਯੋਗ ਵਿਕਲਪ ਚੁਣੋ। ਲੈਂਡਫਿਲ ਯੋਗਦਾਨ ਨੂੰ ਘਟਾਉਣ ਲਈ ਜੈਵਿਕ ਰਹਿੰਦ-ਖੂੰਹਦ ਨੂੰ ਖਾਦ ਬਣਾਇਆ ਜਾ ਸਕਦਾ ਹੈ।

ਅਸੀਂ ਵਾਤਾਵਰਨ ਨੂੰ ਬਚਾਉਣ ਲਈ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਵੀ ਬਦਲ ਸਕਦੇ ਹਾਂ। ਸਥਾਨਕ ਤੌਰ 'ਤੇ ਉਗਾਏ ਗਏ, ਜੈਵਿਕ ਅਤੇ ਮੌਸਮੀ ਉਤਪਾਦਾਂ ਦੀ ਚੋਣ ਕਰਕੇ ਆਪਣੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਓ। ਤੁਸੀਂ ਸੰਤੁਲਨ ਬਣਾ ਕੇ ਅਤੇ ਭੋਜਨ ਦੀ ਯੋਜਨਾ ਬਣਾ ਕੇ, ਬਚੇ ਹੋਏ ਖਾਦ ਬਣਾ ਕੇ, ਅਤੇ ਟਿਕਾਊ ਖੇਤੀ ਅਭਿਆਸਾਂ ਨੂੰ ਉਤਸ਼ਾਹਿਤ ਕਰਕੇ ਭੋਜਨ ਦੀ ਬਰਬਾਦੀ ਨੂੰ ਘਟਾ ਸਕਦੇ ਹੋ। ਈਕੋ-ਅਨੁਕੂਲ ਉਤਪਾਦਾਂ, ਨੈਤਿਕ ਅਤੇ ਟਿਕਾਊ ਬ੍ਰਾਂਡਾਂ ਅਤੇ ਵਾਤਾਵਰਣ ਸੰਭਾਲ ਨੂੰ ਤਰਜੀਹ ਦੇਣ ਵਾਲੇ ਕਾਰੋਬਾਰਾਂ ਦਾ ਸਮਰਥਨ ਕਰਕੇ ਸੂਚਿਤ ਚੋਣਾਂ ਕਰੋ।ਦੁਨੀਆਂ ਪਾਣੀ ਦੇ ਸੰਕਟ ਵੱਲ ਵਧ ਰਹੀ ਹੈ। ਇਸ ਲਈ ਸਾਨੂੰ ਪਾਣੀ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਕਾਗਜ਼ ਦੀ ਵਰਤੋਂ ਨੂੰ ਸੀਮਤ ਕਰਕੇ ਅਤੇ ਬਿਜਲੀ ਦੀ ਖਪਤ ਪ੍ਰਤੀ ਸੁਚੇਤ ਰਹਿ ਕੇ ਜ਼ੁੰਮੇਵਾਰੀ ਨਾਲ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਘੱਟੋ-ਘੱਟ ਪੈਕੇਜਿੰਗ ਵਾਲੇ ਉਤਪਾਦਾਂ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਬੇਲੋੜੀ ਖਰੀਦਦਾਰੀ ਤੋਂ ਬਚਣਾ ਚਾਹੀਦਾ ਹੈ। ਕੁਦਰਤ ਵਿੱਚ ਵਧੇਰੇ ਸਮਾਂ ਬਿਤਾਓ, ਇਸਦੀ ਸੁੰਦਰਤਾ ਦੀ ਕਦਰ ਕਰੋ ਅਤੇ ਵਾਤਾਵਰਣ ਨਾਲ ਰੂਹਾਨੀ ਤੌਰ 'ਤੇ ਜੁੜੋ।

***

## ਖੇਡਾਂ ਨੂੰ ਉਦਯੋਗ ਦਾ ਦਰਜਾ ਦੇਣ

ਨਿਕਲ ਆਵੇ ਤਾਂ ਉਸ ਨੂੰ ਬਿਨਾਂ ਕਿਸੇ ਫੀਸ ਤੋਂ ਚਲਾਉਣ ਲਈ ਸਰਕਾਰ ਨੂੰ ਸੌਂਪ ਦਿਉ। ਇਸ ਨਾਲ ਦੇਸ਼ ਭਰ ਵਿੱਚ ਇੱਕ ਮਜ਼ਬੂਤ ਬੁਨਿਆਦੀ ਢਾਂਚਾ ਖੜ੍ਹਾ ਹੋ ਜਾਵੇਗਾ ਅਤੇ ਖੇਡਾਂ ਦੀ ਤਰੱਕੀ ਅਤੇ ਖਿਡਾਰੀਆਂ ਦਾ ਕਲਿਆਣ ਵੀ ਹੋਵੇਗਾ। ਖੇਡਾਂ ਨਾਲ ਜੁੜੇ ਸਾਮਾਨ ਬਣਾਉਣ ਦਾ ਬਹੁਤ ਵੱਡਾ ਕਾਰੋਬਾਰ ਹੈ ਜਿਸ ਵਿੱਚ ਸਥਾਨਿਕ ਖਪਤ ਦੇ ਨਾਲ-ਨਾਲ ਦਰਾਮਦ ਦੀਆਂ ਬਹੁਤ ਸੰਭਾਵਨਾਵਾਂ ਹਨ ।ਅੰਤਰ-ਰਾਸ਼ਟਰੀ ਪੱਧਰ 'ਤੇ ਚੀਨ ਦਾ ਇਸ 'ਤੇ ਬਹੁਤ ਵੱਧ ਅਧਿਕਾਰ ਹੈ । ਕਿਉਂਕਿ ਉਹ ਸਸਤਾ ਸਾਮਾਨ ਬਣਾ ਕੇ ਵੇਚਣ ਵਿੱਚ ਮਾਹਿਰ ਹੈ। ਚੀਨ ਦਾ ਉਦਯੋਗ ਦੇ ਰੂਪ ਵਿੱਚ ਮੁਕਾਬਲਾ ਕੀਤਾ ਜਾ ਸਕਦਾ ਹੈ ਪਰ ਕੇਵਲ ਵਪਾਰ ਦੇ ਰੂਪ ਵਿਚ ਉਸ ਅੱਗੇ ਠਹਿਰਨਾ ਸੰਭਵ ਨਹੀਂ। ਉਦਯੋਗ ਹੋਵੇਗਾ ਤਾਂ ਸਰਕਾਰ ਦੀਆਂ ਵਿਭਿੰਨ ਯੋਜਨਾਵਾਂ ਦੇ ਤਹਿਤ ਸਹੂਲਤਾਂ, ਸਬਸਿਡੀ, ਸਸਤੇ ਰੇਟ 'ਤੇ ਜ਼ਮੀਨ ਅਤੇ ਕਰਜ਼ਾ ਵੀ ਮਿਲੇਗਾ। ਇਸ ਨਾਲ ਇਹ ਖੇਤਰ ਆਰਥਿਕ ਰੂਪ ਨਾਲ ਮਜ਼ਬੂਤ ਹੋਣ ਨਾਲ ਅੱਗੇ ਵਧ ਸਕੇਗਾ। ਹੁਣ ਤੱਕ ਇਹ ਵਿਸ਼ਾ ਰਾਜਾਂ ਦੇ ਅਧੀਨ ਹੈ। ਮਿਜ਼ੋਰਮ ਨੇ ਇਸ ਨੂੰ ਉਦਯੋਗ ਦਾ ਦਰਜਾ ਦਿੱਤਾ ਹੈ ਅਤੇ ਉਥੇ ਹੋ ਰਹੀ ਤਰੱਕੀ ਤੋਂ ਸਬਕ ਸਿੱਖ ਕੇ ਦੂਜੇ ਰਾਜ ਵੀ ਇਸ ਦਿਸ਼ਾ ਵਿੱਚ ਕਦਮ ਵਧਾ ਸਕਦੇ ਹਨ ।

***

## ਪੰਜਾਬ ਦੀ ਬੁਲੰਦ ਸੁਰੀਲੀ

ਬਣਾਈ ਸੀ। ਗੀਤ ਦੇ ਬੋਲ ਹਨ 'ਕੱਢਣਾ ਰੁਮਾਲ ਦੇ ਗਿਓ ਵੇ ਆਪ ਬਹਿ ਗਿਓ ਵਲਾਇਤ ਵਿੱਚ ਜਾ ਕੇ' ਯਸ਼ ਲੁਧਿਆਣਵੀ ਨਾਲ ਪਹਿਲਾ ਗੀਤ ਰਿਕਾਰਡ ਕਰਾਉਣ ਤੋਂ ਬਾਅਦ ਹੋਰ ਜਿਨ੍ਹਾਂ ਗਾਇਕਾ ਨਾਲ ਗੁਲਸ਼ਨ ਕੋਮਲ ਦੇ ਰਿਕਾਰਡ ਹੋਏ ਗੀਤ ਮਿਲਦੇ ਹਨ ਉਨ੍ਹਾਂ ਵਿੱਚੋਂ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਕਰਨੈਲ ਗਿੱਲ, ਜਗਜੀਤ ਜੀਰਵੀ, ਕੁਲਦੀਪ ਪਾਰਸ, ਹਰਦਿਆਲ ਪਰਵਾਨਾ ਦੇ ਨਾਂ ਸਭ ਤੋਂ ਵੱਧ ਉੱਭਰ ਕੇ ਸਾਹਮਣੇ ਆਉਂਦੇ ਹਨ। ਅਖਾੜਾ ਗਾਇਕੀ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਗੁਲਸ਼ਨ ਕੋਮਲ ਨੇ ਕਿਸੇ ਇੱਕ ਗਾਇਕ ਨਾਲ ਪੱਕਾ ਸੈੱਟ ਨਹੀਂ ਬਣਾਇਆ ਸੀ ਜਿਵੇਂ ਉਨ੍ਹਾਂ ਦਿਨਾਂ ਵਿੱਚ ਮਸ਼ਹੂਰ ਦੋਗਾਣਾ ਜੋੜੀਆਂ ਹੁੰਦੀਆਂ ਸਨ। ਯਸ਼ ਲੁਧਿਆਣਵੀ ਤੋਂ ਬਾਅਦ ਜਿਨ੍ਹਾਂ ਲੋਕ ਗਾਇਕਾਂ ਨਾਲ ਗੁਲਸ਼ਨ ਨੇ ਸਟੇਜ 'ਤੇ ਗਾਉਣਾ ਸ਼ੁਰੂ ਕੀਤਾ ਉਨ੍ਹਾਂ ਵਿੱਚ ਲੋਕ ਗਾਇਕ ਕੁਲਦੀਪ ਮਾਣਕ ਨਾਲ ਉਸ ਨੇ ਸਭ ਤੋਂ ਪਹਿਲਾਂ ਗਾਉਣਾ ਸ਼ੁਰੂ ਕੀਤਾ ਅਤੇ ਲਗਭਗ ਡੇਢ ਦੋ ਸਾਲ ਇਹ ਜੋੜੀ ਅਖਾੜਾ ਗਾਇਕੀ ਵਿੱਚ ਸਰਗਰਮ ਰਹੀ। ਇਸ ਦੌਰਾਨ ਗੁਲਸ਼ਨ ਕੋਮਲ ਅਤੇ ਕੁਲਦੀਪ ਮਾਣਕ ਦੇ ਰਿਕਾਰਡ ਕੀਤੇ ਕਈ ਗੀਤ ਬਹੁਤ ਹਿੱਟ ਹੋਏ, ਪਰ ਇਨ੍ਹਾਂ ਦੀ ਜੋੜੀ ਪੱਕੀ ਨਾ ਬਣ ਸਕੀ। ਕੁਲਦੀਪ ਮਾਣਕ ਤੋਂ ਬਾਅਦ ਉਸ ਨੇ ਸੁਰਿੰਦਰ ਛਿੰਦੇ ਨਾਲ ਗਾਉਣਾ ਸ਼ੁਰੂ ਕੀਤਾ। ਸਭ ਤੋਂ ਵੱਧ ਅਖਾੜਾ ਗਾਇਕੀ ਵਿੱਚ ਜੇਕਰ ਕਿਸੇ ਗਾਇਕ ਨਾਲ ਗੁਲਸ਼ਨ ਨੇ ਗਾਇਆ ਤਾਂ ਉਹ ਸੁਰਿੰਦਰ ਛਿੰਦੇ ਨਾਲ ਲਗਭਗ ਦਸ ਸਾਲ ਤੱਕ ਗਾਇਆ। ਉਸ ਦੇ ਸਭ ਤੋਂ ਵੱਧ ਗੀਤਾਂ ਦੀ ਰਿਕਾਰਡਿੰਗ ਵੀ ਸੁਰਿੰਦਰ ਛਿੰਦੇ ਨਾਲ ਹੀ ਮਿਲਦੀ ਹੈ। ਇਸ ਤੋਂ ਬਾਅਦ ਗੁਲਸ਼ਨ ਅਤੇ ਕਰਨੈਲ ਗਿੱਲ ਵੀ ਦੋ ਕੁ ਸਾਲ ਇਕੱਠੇ ਗਾਉਂਦੇ ਰਹੇ।

ਸੱਠ ਦੇ ਪਿਛਲੇ ਦਹਾਕੇ ਤੋਂ ਗਾਇਕੀ ਦੀ ਸ਼ੁਰੂਆਤ ਕਰਨ ਤੋਂ ਲੈ ਕੇ ਅੱਸੀ ਦੇ ਦਹਾਕੇ ਤੱਕ ਗੁਲਸ਼ਨ ਕੋਮਲ ਨੇ ਪੰਜਾਬੀ ਲੋਕ ਗਾਇਕੀ ਵਿੱਚ ਆਪਣਾ ਅਲੱਗ ਮੁਕਾਮ ਬਣਾਇਆ। ਪੰਜਾਬ ਦੇ ਹਰ ਸ਼ਹਿਰ ਕਸਬੇ ਅਤੇ ਪਿੰਡਾਂ ਵਿੱਚ ਗੁਲਸ਼ਨ ਦੀ ਆਵਾਜ਼ ਗੂੰਜੀ, ਬਾਹਰਲੇ ਦੇਸ਼ਾਂ ਜਿਨ੍ਹਾਂ ਵਿੱਚ ਇੰਗਲੈਂਡ, ਕੈਨੇਡਾ, ਅਮਰੀਕਾ, ਬੈਲਜੀਅਮ ਅਤੇ ਆਸਟਰੇਲੀਆ ਵਿੱਚ ਵੀ ਗੁਲਸ਼ਨ ਨੇ ਆਪਣੀ ਗਾਇਕੀ ਦੇ ਰੰਗ ਬਿਖੇਰੇ। ਲਗਭਗ ਤਿੰਨ ਦਹਾਕੇ ਤੱਕ ਗਾਉਣ ਤੋਂ ਬਾਅਦ ਉਸ ਨੇ ਗਾਇਕੀ ਨੂੰ ਅਲਵਿਦਾ ਆਖ ਦਿੱਤਾ ਤੇ ਆਸਟਰੇਲੀਆ ਵਿਆਹੀ ਆਪਣੀ ਧੀ ਕੋਲ ਜਾ ਵੱਸੀ।

ਨੱਬੇ ਦੇ ਦਹਾਕੇ ਵਿੱਚ ਪੰਜਾਬੀ ਗਾਇਕੀ ਨੂੰ ਅਲਵਿਦਾ ਆਖ ਚੁੱਕੀ ਗੁਲਸ਼ਨ ਕੋਮਲ 2018 ਵਿੱਚ ਇੱਕ ਵਾਰ ਫਿਰ ਗਾਇਕੀ ਦੇ ਖੇਤਰ ਵਿੱਚ ਦੁਬਾਰਾ ਸਰਗਰਮ ਹੋਈ। ਜਦੋਂ ਉਸ ਦਾ ਗੀਤ 'ਅਣਜੰਮੀਆਂ ਧੀਆਂ' ਰਿਲੀਜ਼ ਹੋਇਆ ਜਿਸ ਨੂੰ ਬੇਹੱਦ ਪਸੰਦ ਕੀਤਾ ਗਿਆ। ਹਾਲ ਹੀ ਵਿੱਚ ਉਸ ਦਾ ਨਵਾਂ ਦੋਗਾਣਾ 'ਡਿਮਾਂਡ' ਰਿਲੀਜ਼ ਹੋਇਆ ਜਿਸ ਨੂੰ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਸ਼ਾਮ ਹੀਰ ਸਤਵੀਰ ਦਾ ਲਿਖਿਆ, ਸੰਗੀਤਬੱਧ ਕੀਤਾ ਅਤੇ ਗੁਲਸ਼ਨ ਕੋਮਲ ਅਤੇ ਸ਼ਾਮ ਹੀਰ ਸਤਵੀਰ ਦੀਆਂ ਆਵਾਜ਼ਾਂ ਵਿੱਚ ਗਾਇਆ ਇਹ ਗੀਤ ਜਿਸ ਦੇ ਬੋਲ ਹਨ 'ਜੇਠ ਤਪਾਉਂਦਾ ਏ, ਸ਼ਿਮਲੇ ਲੈ ਕੇ ਜਾ ਸੱਜਣਾ' ਸਰੋਤਿਆਂ ਨੂੰ ਬੇਹੱਦ ਪਸੰਦ ਆ ਰਿਹਾ ਹੈ। ਲੁਧਿਆਣਾ ਸ਼ਹਿਰ ਵਿਖੇ ਆਪਣੇ ਪੁੱਤਰ, ਨੂੰਹ ਅਤੇ ਪੋਤੇ-ਪੋਤੀਆਂ ਨਾਲ ਸੁਖੀ ਪਰਿਵਾਰਕ ਜ਼ਿੰਦਗੀ ਮਾਣ ਰਹੀ ਗੁਲਸ਼ਨ ਕੋਮਲ ਆਪਣੀ ਗਾਇਕੀ ਦੇ ਮੌਜੂਦਾ ਦੌਰ ਤੋਂ ਬੇਹੱਦ ਖੁਸ਼ ਅਤੇ ਸੰਤੁਸ਼ਟ ਹੈ। ਉਸ ਦੀ ਗਾਇਕੀ ਨੂੰ ਪੁਰਾਣੀ ਪੀੜ੍ਹੀ ਦੇ ਨਾਲ ਨਾਲ ਨਵੀਂ ਪੀੜ੍ਹੀ ਵੀ ਪਸੰਦ ਕਰ ਰਹੀ ਹੈ।

***

## ਹੜ੍ਹਾਂ ਦੌਰਾਨ ਭਿਆਨਕ

ਜਿੱਥੇ ਪਾਣੀ ਨੇ ਸਮਾਨ ਚੁੱਕਣ ਦਾ ਮੌਕਾ ਹੀ ਨਹੀਂ ਦਿੱਤਾ, ਉੱਥੇ ਬੈੱਡ, ਸੋਫੇ, ਫਰਿੱਜ ਆਦਿ ਹਰ ਚੀਜ਼ ਪਾਣੀ ਵਿੱਚ ਤੈਰਨ ਲੱਗ ਗਏ, ਜਿਸ ਕਾਰਨ ਲੋਕਾਂ ਦਾ ਲੱਖਾਂ ਰੁਪਏ ਦਾ ਸਮਾਨ ਖਰਾਬ ਹੋ ਗਿਆ।

ਜਦੋਂ ਹੜ੍ਹਾਂ ਦਾ ਪਾਣੀ ਹੇਠਾਂ ਵੀ ਉੱਤਰ ਜਾਵੇਗਾ ਤਾਂ ਵੀ ਲੋਕਾਂ ਨੂੰ ਇਸ ਭਿਆਨਕ ਤਬਾਹੀ ਵਿੱਚੋਂ ਉੱਭਰਨ ਲਈ ਬਹੁਤ ਲੰਬਾ ਸਮਾਂ ਲੱਗੇਗਾ, ਬੇਸ਼ਕ ਬਹੁਤ ਲੋਕਾਂ ਨੇ ਇਹਨਾਂ ਦੀ ਹਰ ਮਦਦ ਕਰਨ ਦੀ ਗੱਲ ਕਹੀ ਹੈ। ਨਵੇਂ ਸਿਰੇ ਤੋਂ ਖੇਤੀ ਲਈ ਪਨੀਰੀ ਦੀ ਬਿਜਾਈ ਕਰ ਰਹੇ ਹਨ ਤਾਂ ਕਿ ਜਦੋਂ ਪਾਣੀ ਉੱਤਰੇ ਤਾਂ ਫਿਰ ਝੋਨਾ ਬੀਜਿਆ ਜਾ ਸਕੇ। ਕਿਸੇ ਵੱਲੋਂ ਆਪਣਾ ਝੋਨਾ ਵਾਹ ਕੇ ਵੀ ਹੜ੍ਹ ਪੀੜਤਾਂ ਲਈ ਪਨੀਰੀ ਬੀਜਣਾ ਤੇ ਕੋਈ ਜ਼ਮੀਨ ਦਾ ਠੇਕਾ ਨਾ ਲੈ ਕੇ ਪੀੜਤ ਭਰਾਵਾਂ ਦੀ ਮਦਦ ਕਰ ਰਿਹਾ ਹੈ। ਕੋਈ ਵੀਰ ਆਪਣੀ ਸਾਰੀ ਜ਼ਮੀਨ ਮਿੱਟੀ ਪੁੱਟਣ ਲਈ ਦੇ ਰਿਹਾ। ਫਿਰ ਵੀ ਸਥਿਤੀ ਹਾਲੇ ਠੀਕ ਨਹੀਂ ਹੋ ਸਕਣੀ ਕਿਉਂਕਿ ਕਈ ਖੇਤਾਂ ਵਿੱਚ ਤਾਂ ਰੇਤ ਦੀ ਵੱਡੀ ਪਰਤ ਬਣ ਗਈ ਹੈ ਅਤੇ ਕਈ ਥਾਂ ਖੇਤ ਹੀ ਰੁੜ੍ਹ ਗਏ ਹਨ ਭਾਵ ਮਿੱਟੀ ਰੁੜ੍ਹਨ ਕਾਰਨ ਸੜਕ ਨਾਲੋਂ ਬਹੁਤ ਨੀਵੇਂ ਹੋ ਗਏ ਹਨ।

ਪੰਜਾਬੀਆਂ ਦੇ ਹੌਸਲੇ ਬੁਲੰਦ ਹਨ, ਉਹ ਕਈ ਵਾਰ ਉੱਜੜੇ ਤੇ ਕਈ ਵਾਰ ਵਸੇ ਹਨ। ਔਖੇ ਸਮੇਂ ਹਰ ਇੱਕ ਨੇ ਇੱਕ ਦੂਜੇ ਦੀ ਬਾਂਹ ਫੜੀ ਹੈ। ਜਦੋਂ ਇੱਕ ਪਾਸੇ ਪੰਜਾਬੀ ਮਦਦਗਾਰ ਬਣੇ ਹੋਏ ਸਨ ਤਾਂ ਦੂਜੇ ਪਾਸੇ ਮੰਤਰੀਆਂ ਤੇ ਵਿਧਾਇਕਾਂ ਵੱਲੋਂ ਪਾਣੀ ਵਿੱਚ ਫੋਟੋ ਸੈਸ਼ਨ ਕਰਵਾਇਆ ਜਾ ਰਿਹਾ ਸੀ। ਕੁਝ ਵਿਧਾਇਕ ਤਾਂ ਬੇਸ਼ਰਮੀ ਦੀਆਂ ਹੱਦਾਂ ਹੀ ਪਾਰ ਕਰ ਗਏ। ਉਹਨਾਂ ਨੂੰ ਜਦੋਂ ਲੋਕਾਂ ਨੇ ਲਾਹਨਤਾਂ ਪਾਈਆਂ ਤਾਂ ਭੱਜਦੇ ਨਜ਼ਰ ਆਏ। ਸੂਬਾਈ ਹਕੂਮਤ ਅਤੇ ਵਿਰੋਧੀ ਪਾਰਟੀਆਂ ਸਿਆਸਤ ਦੀਆਂ ਰੋਟੀਆਂ ਸੇਕਣ ਦੇ ਆਹਰੇ ਲੱਗੀਆਂ ਹੋਈਆਂ ਸਨ। ਉਹਨਾਂ ਹੜ੍ਹ-ਪੀੜਤਾਂ ਦੀ ਬਾਂਹ ਤਾਂ ਕੀ ਫੜਨੀ ਸੀ, ਉਲਟਾ ਇਸ ਆਫ਼ਤ ਨੂੰ ਆਪਣਾ ਆਪਣਾ ਵੋਟ ਬੈਂਕ ਬਣਾਉਣ ਲਈ ਇੱਕ ਨਿਆਮਤੀ ਮੌਕਾ ਸਮਝ ਰਹੇ ਸਨ। ਲੋਕਾਂ ਨੂੰ ਕੁਦਰਤ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ। ਹੜ੍ਹਾਂ ਨਾਲ ਲੋਕਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ। ਹੁਣ ਸਰਕਾਰ ਨੂੰ ਲੋਕਾਂ ਦੇ ਮੁੜ-ਵਸੇਬੇ ਦਾ ਤੁਰੰਤ ਅਤੇ ਉਚਿਤ ਇੰਤਜ਼ਾਮ ਕਰਨਾ ਚਾਹੀਦਾ। ਜਾਨੀ-ਮਾਲੀ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਫੌਰੀ ਦਿੱਤਾ ਜਾਵੇ ਤਾਂ ਕਿ ਜ਼ਿੰਦਗੀ ਨੂੰ ਲੀਹ ਤੇ ਲਿਆਂਦਾ ਜਾ ਸਕੇ। ਬਰਸਾਤਾਂ ਤੋਂ ਬਾਅਦ ਦਰਿਆਵਾਂ ਵਿੱਚੋਂ ਮਿੱਟੀ ਕੱਢਣੀ ਬੇਹੱਦ ਜ਼ਰੂਰੀ ਹੈ। ਨਜਾਇਜ਼ ਕਬਜ਼ੇ ਹਟਾਏ ਜਾਣ ਲਈ ਵੀ ਸਰਕਾਰ ਨੂੰ ਯਤਨ ਕਰਨੇ ਚਾਹੀਦੇ। ਬਰਸਾਤਾਂ ਦੇ ਪਾਣੀ ਨੂੰ ਸੰਭਾਲਣ ਦੀ ਵੀ ਵਿਆਪਕ ਯੋਜਨਾ ਬਣਾਉਣ ਦੀ ਲੋੜ ਹੈ ਤਾਂ ਕਿ ਹਰ ਸਾਲ ਹੁੰਦੀ ਤਬਾਹੀ ਤੋਂ ਬਚਿਆ ਜਾ ਸਕੇ। ਪੰਜਾਬੀਆਂ ਦੀ ਭਾਈਚਾਰਕ ਸਾਂਝ ਇਸੇ ਤਰ੍ਹਾਂ ਹਮੇਸ਼ਾ ਬਰਕਰਾਰ ਰਹੇ, ਪੰਜਾਬ ਹਰਿਆ ਭਰਿਆ ਤੇ ਚੜ੍ਹਦੀ ਕਲਾ ਵਿੱਚ ਆਬਾਦ ਰਹੇ!

***

## ਉੱਤਰ-ਪੂਰਬ 'ਚ ਭਾਜਪਾ ਨੂੰ

ਭਾਜਪਾ ਨੂੰ ਆਪਣੇ ਵਿਵਹਾਰਕ ਰਾਜਨੀਤੀ ਨੂੰ ਏਨਾ ਖੋਖਲਾ ਕਰ ਦੇਵੇਗੀ ਕਿ ਰਾਸ਼ਟਰਵਾਦ ਦੀ ਗਾਂਧੀ-ਨਹਿਰੂ ਵਿਰਾਸਤ ਦੇ ਦਬਦਬੇ 'ਤੇ ਹੀ ਸਵਾਲੀਆ ਨਿਸ਼ਾਨ ਲੱਗ ਜਾਵੇਗਾ। ਅੱਜ ਉਹ ਵਿਰਾਸਤ ਪ੍ਰਭਾਵਹੀਣ ਹੋ ਚੁੱਕੀ ਹੈ। ਪਰ, ਉਸ ਦੇ ਨਾਲ-ਨਾਲ ਇਕ ਨਵੀਂ ਘਟਨਾ ਵੀ ਵਾਪਰੀ ਹੈ। ਸੰਘ ਦੀ ਆਪਣੀ ਸੰਗਠਨਾਤਮਕ ਵਿਰਾਸਤ ਅਤੇ ਭਾਜਪਾ 'ਤੇ ਕੰਟਰੋਲ ਰੱਖਣ ਦੀ ਉਸ ਦੀ ਪਰੰਪਰਾ ਪਹਿਲਾਂ ਵਾਂਗ ਪ੍ਰਭਾਵੀ ਨਹੀਂ ਰਹਿ ਗਈ।ਇੰਜ ਜਾਪਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਸੰਘ ਦੇ ਕੰਟਰੋਲ 'ਚ ਰਹਿਣ ਤੋਂ ਇਨਕਾਰ ਕਰ ਦਿੱਤਾ ਹੈ। ਸੰਘ ਨੂੰ ਆਪਣਾ ਦਾਇਰਾ ਪਤਾ ਲੱਗ ਚੁੱਕਾ ਹੈ। ਸਮਝਿਆ ਜਾ ਸਕਦਾ ਹੈ ਕਿ ਸਾਧਵੀਆਂ ਅਤੇ ਸਾਧੂਆਂ ਦੇ ਘੱਟ-ਗਿਣਤੀਆਂ ਵਿਰੋਧੀ ਬਿਆਨਾਂ ਦੇ ਨਾਲ-ਨਾਲ ਲਵ ਜਿਹਾਦ, ਘਰ ਵਾਪਸੀ ਅਤੇ ਗਊ ਰੱਖਿਆ ਦੀਆਂ ਮੁਹਿੰਮਾਂ ਸੰਘ ਦੇ ਦਾਇਰੇ ਦੀਆਂ ਗੱਲਾਂ ਹਨ, ਜਿਨ੍ਹਾਂ 'ਚ ਮੋਦੀ ਕੋਈ ਦਖ਼ਲ ਨਹੀਂ ਦਿੰਦੇ। ਨਵਉਦਾਰਤਾਵਾਦੀ ਆਰਥਿਕ ਨੀਤੀਆਂ ਮੋਦੀ ਦੇ ਦਾਇਰੇ 'ਚ ਆਉਂਦੀਆਂ ਹਨ, ਜਿਨ੍ਹਾਂ 'ਤੇ ਸੰਘ ਕੁਝ ਨਹੀਂ ਕਹਿੰਦਾ। ਇਸ ਤਾਲਮੇਲ ਦੀ ਸਭ ਤੋਂ ਬਿਹਤਰ ਉਦਾਹਰਨ ਹੈਦਰਾਬਾਦ ਯੂਨੀਵਰਸਿਟੀ 'ਚ ਵਾਪਰੇ ਰੋਹਿਤ ਵੇਮੁਲਾ ਘਟਨਾਕ੍ਰਮ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ 'ਚ ਵਾਪਰੀ ਘਟਨਾ ਦੇ ਤੌਰ 'ਤੇ ਸਾਹਮਣੇ ਆ ਚੁੱਕੀ ਹੈ, ਜਿਸ 'ਚ ਸੰਘ ਪਰਿਵਾਰ ਦੇ ਸੰਗਠਨ 'ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ' ਦੇ ਕਹਿਣ 'ਤੇ ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਤੇ ਗ੍ਰਹਿ ਮੰਤਰਾਲੇ ਨੇ ਕਾਰਵਾਈ ਕੀਤੀ ਸੀ। ਦੂਜੇ ਪਾਸੇ ਵਿਦੇਸ਼ੀ ਪੂੰਜੀ ਲਈ ਭਾਰਤੀ ਅਰਥ-ਵਿਵਸਥਾ ਦੇ ਦਰਵਾਜ਼ੇ ਲਗਾਤਾਰ ਖੋਲ੍ਹਦੇ ਚਲੇ ਜਾਣ ਅਤੇ ਹਰ ਕਿਸਮ ਦੀਆਂ ਮਜ਼ਦੂਰ-ਕਿਸਾਨ ਵਿਰੋਧੀ ਨੀਤੀਆਂ ਦੇ ਬਾਵਜੂਦ ਸੰਘ ਨੇ ਸਵਦੇਸ਼ੀ ਜਾਗਰਣ ਮੰਚ, ਭਾਰਤੀ ਕਿਸਾਨ ਸੰਘ ਅਤੇ ਭਾਰਤੀ ਮਜ਼ਦੂਰ ਸੰਘ ਵਲੋਂ ਕੋਈ ਖ਼ਾਸ ਇਤਰਾਜ਼ ਨਹੀਂ ਹੋਣ ਦਿੱਤਾ ਸੀ।ਇਸ ਵੰਡ ਦੇ ਸਿੱਟੇ ਵਜੋਂ ਸੰਘ ਨੂੰ ਕਾਫ਼ੀ ਕੁਝ ਗੁਆਉਣਾ ਪਿਆ ਹੈ। ਸ਼ੁਰੂ-ਸ਼ੁਰੂ 'ਚ ਹੁੰਦਾ ਇਹ ਸੀ ਕਿ ਕਾਂਗਰਸ ਜਾਂ ਹੋਰ ਪਾਰਟੀਆਂ 'ਚੋਂ ਆਉਣ ਵਾਲੇ ਨੇਤਾਵਾਂ ਨੂੰ ਭਾਜਪਾ ਦੇ ਨਾਲ ਕੀਤੀਆਂ ਗਈਆਂ ਸੌਦੇਬਾਜ਼ੀਆਂ 'ਚ ਜ਼ਿਆਦਾ ਕੁਝ ਨਹੀਂ ਸੀ ਮਿਲਦਾ। ਕਹਾਵਤ ਇਹ ਸੀ ਕਿ ਭਾਜਪਾ 'ਚ ਇੱਕ ਬਹੁਤ ਵੱਡੀ 'ਫਰੀਜ਼ਰ' ਹੈ, ਜਿਸ 'ਚ ਦਲਬਦਲੀ ਕਰ ਕੇ ਆਏ ਨੇਤਾ ਨੂੰ ਸੁੱਟ ਦਿੱਤਾ ਜਾਂਦਾ ਹੈ। ਉਹ ਉੱਥੇ ਕਈ ਸਾਲਾਂ ਤੱਕ ਪਿਆ ਰਹਿੰਦਾ ਹੈ ਅਤੇ ਸੰਘ ਵਲੋਂ ਭੇਜੇ ਗਏ ਪ੍ਰਚਾਰਕ ਸੰਗਠਨ ਮੰਤਰੀ ਵਜੋਂ ਭਾਜਪਾ ਨੂੰ ਚਲਾਉਂਦੇ ਰਹਿੰਦੇ ਹਨ। ਹੁਣ ਇਹ ਸਥਿਤੀ ਨਹੀਂ ਰਹਿ ਗਈ ਹੈ।ਭਾਜਪਾ 'ਚ ਸੰਗਠਨ ਦੇ ਵੱਡੇ-ਵੱਡੇ ਅਹੁਦੇ, ਸਰਕਾਰ 'ਚ ਮੰਤਰੀ ਪਦ ਅਤੇ ਮੁੱਖ ਮੰਤਰੀ ਪਦ ਤੱਕ ਦਲਬਦਲੀ ਕਰਕੇ ਆਏ ਲੋਕਾਂ ਨੂੰ ਮਿਲਣ ਲੱਗੇ ਹਨ। ਜ਼ਾਹਿਰ ਹੈ ਕਿ ਇਹ ਭਾਜਪਾ ਉਹ ਨਹੀਂ ਹੈ, ਜਿਸ ਬਾਰੇ ਕਦੇ ਗੁਰੂ ਗੋਲਵਲਕਰ ਨੇ ਕਿਹਾ ਸੀ ਕਿ ਜਨਸੰਘ ਤਾਂ ਗਾਜਰ ਦੀ ਪੁੰਗੀ ਹੈ, ਜਦੋਂ ਤੱਕ ਵਜੇਗੀ, ਉਦੋਂ ਤੱਕ ਵਜਾਵਾਂਗੇ, ਨਹੀਂ ਵਜੇਗੀ ਤਾਂ ਖਾ ਜਾਵਾਂਗੇ। ਭਾਵ ਉਨ੍ਹਾਂ ਦੇ ਕੋਲ ਭਾਜਪਾ ਦੇ ਪੁਰਾਣੇ ਰੂਪ ਜਨਸੰਘ ਨੂੰ ਭੰਗ ਕਰਨ ਦਾ ਬਦਲ ਸੀ। ਅੱਜ ਮੋਹਨ ਭਾਗਵਤ ਕੋਲ ਨਰਿੰਦਰ ਮੋਦੀ ਵਾਲੀ ਭਾਜਪਾ ਨੂੰ ਭੰਗ ਕਰਨ ਦਾ ਬਦਲ ਨਹੀਂ ਰਹਿ ਗਿਆ।

***

## ਔਰਤਾਂ ਦੀ ਸੁਰੱਖਿਆ ਅਤੇ

ਪਹਿਲਾਂ ਅਤੇ ਸਭ ਤੋਂ ਵਧ ਨਿਸ਼ਾਨਾ ਬਣਦੀਆਂ ਹਨ। ਉਹਨਾਂ ਉੱਤੇ ਹੁੰਦੇ ਜਾਂ ਕੀਤੇ ਜਾਂਦੇ ਜ਼ੁਲਮਾਂ ਦਾ ਚਿੱਠਾਂ ਐਡਾ ਵੱਡਾ ਹੈ ਕਿ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।

ਰਹੀ ਔਰਤਾਂ ਅਤੇ ਲੜਕੀਆਂ ਦੀ ਸੁਰੱਖਿਆ ਦੀ ਗੱਲ, ਅੱਜ ਵੀ ਉਹ ਸੜਕਾਂ ਉੱਤੇ ਬੇਖੌਫ ਨਹੀਂ ਘੁੰਮ ਸਕਦੀਆਂ। ਕਾਲਜਾਂ, ਸਕੂਲਾਂ ਬਾਹਰ ਖੜ੍ਹੇ ਮਨਚਲੇ ਤੰਜ ਕੱਸਦੇ ਹਨ। ਕਈ ਘਟਨਾਵਾਂ ਇਹੋ ਜਿਹੀਆਂ ਵਾਪਰਦੀਆਂ ਹਨ ਕਿ ਆਪਣੀਆਂ ਲੜਕੀਆਂ ਨੂੰ ਸੜਕਾਂ ਤੋਂ ਛੇੜਖਾਨੀਆਂ ਤੋਂ ਬਚਾਉਣ ਲਈ ਭਰਾਵਾਂ ਜਾਂ ਪਿਓ ਨੂੰ ਮੌਤ ਦੇ ਮੂੰਹ ਜਾਣਾ ਪਿਆ ਹੈ। ਇਸ ਕਿਸਮ ਦੀਆਂ ਵਾਪਰ ਰਹੀਆਂ ਘਟਨਾਵਾਂ ਸਾਡੇ ਲਾਅ ਐਂਡ ਆਰਡਰ ਦੀ ਸਥਿਤੀ ਉੱਤੇ ਸਵਾਲ ਚੁੱਕਦੀਆਂ ਹਨ।

ਸਰਕਾਰਾਂ ਨੂੰ ਔਰਤਾਂ ਦੀ ਸੁਰੱਖਿਆ ਪ੍ਰਤੀ ਵਧੇਰੇ ਚੇਤੰਨ ਹੋਣ ਦੀ ਲੋੜ ਹੈ ਤਾਂ ਕਿ ਉਹ ਬੇਝਿਜਕ ਹੋਕੇ ਸਮਾਜ 'ਚ ਵਿਚਰ ਸਕਣ।

***

## ਪੰਜਾਬ ਵਿਚੋਂ ਨਸ਼ਾ ਖਤਮ

ਕਾਰੋਬਾਰ ਵਿਰੁੱਧ ਇਕ ਜੁੱਟ ਮੋਰਚਾ ਬਣਾਉਣਾ ਚਾਹੀਦਾ ਹੈ। ਰਾਜ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸੂਬੇ ਅੰਦਰ ਨਸ਼ਿਆਂ ਦੀ ਖੇਤੀ ਅਤੇ ਪੈਦਾਵਾਰ ਨੂੰ ਖ਼ਤਮ ਕਰਨ ਲਈ ਸਖ਼ਤ ਕਦਮ ਚੁੱਕਣ, ਇਹ ਯਕੀਨੀ ਬਣਾਉਣ ਲਈ ਕਿ ਪੰਜਾਬ ਨੂੰ ਨਸ਼ਿਆਂ ਦੇ ਸਰੋਤ ਵਜੋਂ ਵਰਤਿਆ ਨਾ ਜਾਵੇ।ਇਸ ਪੱਤਰ ਵਿੱਚ ਚਹਿਲ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਲਈ ਸਾਰੇ ਹਿੱਸੇਦਾਰਾਂ ਦੇ ਸਾਂਝੇ ਯਤਨਾਂ ਦੀ ਲੋੜ ਹੈ ਅਤੇ ਉਨ੍ਹਾਂ ਦੀ ਅਗਵਾਈ ਅਤੇ ਸਹਿਯੋਗ ਦੀ ਬੇਨਤੀ ਕੀਤੀ ਹੈ ਕਿ ਉਹ ਲੋੜੀਂਦੇ ਕਾਰਜਾਂ ਵਿੱਚ ਤਾਲਮੇਲ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਨਸ਼ਿਆਂ ਦੀ ਅਲਾਮਤ ਨੂੰ ਸਾਡੇ ਸਮਾਜ ਵਿੱਚੋਂ ਖ਼ਤਮ ਕੀਤਾ ਜਾਵੇ, ਜਿਸ ਨਾਲ ਪੰਜਾਬ ਦਾ ਉੱਜਲ ਅਤੇ ਖੁਸ਼ਹਾਲ ਭਵਿੱਖ ਹੋਵੇ। ਆਪਣੀ ਪ੍ਰੈਸ ਰਿਲੀਜ਼ ਵਿੱਚ ਚਾਹਲ ਨੇ ਕਿਹਾ ਕਿ ਇਹ ਸਮਾਂ ਹੈ ਕਿ ਨਸ਼ੇ ਦੀ ਸਮੱਸਿਆ ਲਈ ਇੱਕ ਨਵੀਂ ਪਹੁੰਚ ਅਜ਼ਮਾਈ ਜਾਵੇ। ਜਿਹੜੇ ਨਸ਼ੇ ਦੀ ਵਰਤੋਂ ਕਰਨਾ ਚਾਹੁੰਦੇ ਹਨ ਉਹ ਜਾਣਦੇ ਹਨ ਕਿ ਉਹ ਕਿੱਥੋਂ ਪ੍ਰਾਪਤ ਕਰਨੇ ਹਨ। ਅਜੇ ਤੱਕ ਕੋਈ ਵੀ ਕਾਨੂੰਨ ਉਨ੍ਹਾਂ ਨੂੰ ਨੱਥ ਨਹੀਂ ਪਾ ਸਕਿਆ ਹੈ।

***

## ਨਸ਼ਿਆਂ ਦਾ ਲੈਂਡਿੰਗ, ਪ੍ਰੋਸੈਸਿੰਗ ਅਤੇ

ਕੱਛ ਤੋਂ 1.7 ਕਰੋੜ ਰੁਪਏ ਦੀ 1.7 ਕਿਲੋਗ੍ਰਾਮ ਮੈਥਾਮਫੇਟਾਮਾਈਨ ਡਰੱਗ ਜ਼ਬਤ ਕੀਤੀ ਗਈ ਸੀ। ਇਹ ਦਵਾਈਆਂ 1 ਕਿਲੋ ਤੋਂ ਲੈ ਕੇ 15 ਤੋਂ 20 ਕਿਲੋ ਐਮਡੀ ਡਰੱਗਜ਼ ਤੱਕ ਹੁੰਦੀਆਂ ਹਨ ਜੁਲਾਈ 2022 ਵਿੱਚ, ਮੁੰਦਰਾ ਬੰਦਰਗਾਹ ਤੋਂ 375 ਕਰੋੜ ਰੁਪਏ ਦੀ 75 ਕਿਲੋ ਹੈਰੋਇਨ ਜ਼ਬਤ ਕੀਤੀ ਗਈ।29 ਅਪ੍ਰੈਲ, 2022 ਨੂੰ ਪੀਪਾਵਾਵ ਬੰਦਰਗਾਹ ਤੋਂ 450 ਕਰੋੜ ਰੁਪਏ ਦੀ 390 ਕਿਲੋਗ੍ਰਾਮ ਨਸ਼ੀਲੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ। 23 ਅਪ੍ਰੈਲ 2022 ਨੂੰ ਵਡੋਦਰਾ ਤੋਂ 7 ਲੱਖ ਰੁਪਏ ਤੋਂ ਵੱਧ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ।21 ਅਪ੍ਰੈਲ 2022 ਨੂੰ ਕਾਂਡਲਾ ਬੰਦਰਗਾਹ ਤੋਂ 250 ਕਿਲੋ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। 3 ਮਾਰਚ 2022 ਨੂੰ ਅਹਿਮਦਾਬਾਦ ਹਵਾਈ ਅੱਡੇ ਤੋਂ 60 ਕਰੋੜ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ।12 ਫਰਵਰੀ 2022 ਨੂੰ ਅਰਬ ਸਾਗਰ ਤੋਂ 800 ਕਿਲੋ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਮਾਹਿਰਾਂ ਅਨੁਸਾਰ ਨਸ਼ਿਆਂ ਦੀ ਏਨੀ ਵੱਡੀ ਪੱਧਰ 'ਤੇ ਸਪਲਾਈ ਨਸ਼ਾ ਤਸਕਰਾਂ, ਪੁਲੀਸ ਕਰਮਚਾਰੀਆਂ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ। ਕੇਂਦਰ ਤੇ ਸੂਬਾ ਸਰਕਾਰ ਨੂੰ ਇਸ ਸਬੰਧੀ ਨਿਸ਼ਚਿਤ ਨੀਤੀ ਬਣਾ ਕੇ ਤਸਕਰੀ ਕਰਨ ਵਾਲਿਆਂ ਦੇ ਗਿਰੋਹਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਵਿਰੁੱਧ ਕਾਰਵਾਈ ਕਰਨ ਦੀ ਜ਼ਰੂਰਤ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com